# ਪੰਜਾਬੀ ਪੁਸਤਕ-7

## ਸੱਤਵੀਂ ਜਮਾਤ

**ਪਹਿਲੀ ਭਾਸ਼ਾ**

P6S2U3

ਸਰਵ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


**ਪੰਜਾਬ ਸਕੂਲ ਸਿੱਖਿਆ ਬੋਰਡ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਐਡੀਸ਼ਨ 2020**
**ਐਡੀਸ਼ਨ 2021 ............... 20,4000 ਕਾਪੀਆਂ**

All rights, including those of translation, reproduction
and annotation etc., are reserved by
the Punjab Government.

## ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਰਵ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ **ਮੈਸ : ਨਾਰਦਨ ਸਟੇਸ਼ਨਰੀ ਮਾਰਟ, ਜਲੰਧਰ** ਰਾਹੀਂ ਛਾਪੀ ਗਈ।

# ਦੋ ਸ਼ਬਦ

ਪੰਜਾਬੀ ਨੂੰ ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇਂ-ਸਮੇਂ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ। ਇਸੇ ਲੜੀ ਅਧੀਨ ਐੱਨ. ਸੀ.ਐੱਫ. 2005 ਅਤੇ ਪੀ. ਸੀ. ਐੱਫ਼. 2013 ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਪਾਠ- ਪੁਸਤਕ ਨੂੰ ਸੋਧਿਆ ਗਿਆ ਹੈ।

ਹਥਲੀ ਪਾਠ-ਪੁਸਤਕ ਸੱਤਵੀਂ ਸ਼੍ਰੇਣੀ ਪਹਿਲੀ ਭਾਸ਼ਾ ਦੇ ਵਿਦਿਆਰਥੀਆਂ ਲਈ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਇਕਾਂਗੀ ਵਾਲ਼ੇ ਪਾਠ ਸ਼ਾਮਲ ਕਰ ਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਜਤਨ ਕੀਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਪੰਜਾਬੀ ਵਿਕਾਸ ਕੇਂਦਰ ਦੇ ਵਿਸ਼ਾ-ਮਾਹਰ ਸ੍ਰੀਮਤੀ ਰਜਿੰਦਰ ਕੌਰ ਚੌਹਾਨ ਵੱਲੋਂ (ਸੇਵਾ ਮੁਕਤ) ਡਾਇਰੈਕਟਰ ਅਕਾਦਮਿਕ ; ਸ੍ਰੀਮਤੀ ਅਮਰੀਤਾ ਗਿੱਲ, ਸ੍ਰੀਮਤੀ ਮਨਜੀਤ ਕੌਰ,ਉਪ-ਡਾਇਰੈਕਟਰ; ਪੰਜਾਬੀ ਵਿਕਾਸ ਕੇਂਦਰ ਦੀ ਅਗਵਾਈ ਅਤੇ ਡਾ.ਅਮਰਜੀਤ ਕੌਰ ਵਿਰਕ, ਸ੍ਰੀਮਤੀ ਨਿਤਾਸ਼ਾ ਕੋਹਲੀ, ਸ੍ਰੀਮਤੀ ਜਸਵੀਰ ਕੌਰ, ਸ੍ਰੀ ਤਰਸੇਮ ਸਿੰਘ ਬੁੱਟਰ ਅਤੇ ਸ੍ਰੀ ਜਸਵੀਰ ਸਿੰਘ ਲੰਗੜੋਆ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪਾਠ-ਪੁਸਤਕ ਦੇ ਚਿੱਤਰ ਚਿੱਤਰਕਾਰ ਸ: ਗੁਰਦੀਪ ਸਿੰਘ ਦੀਪ ਨੇ ਤਿਆਰ ਕੀਤੇ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

# ਤਤਕਰਾ


| ਲੜੀ ਨੰ. | ਵਿਸ਼ਾ | | ਲੇਖਕ | ਪੰਨਾ ਨੰ. |
|---|---|---|---|---|
| 1. | ਵਣਜਾਰਾ | ਗੀਤ | ਸੁਰਜੀਤ ਸਿੰਘ | 1 |
| 2. | ਮੋਤੀ | ਕਹਾਣੀ | ਪ੍ਰਿੰ. ਸੁਜਾਨ ਸਿੰਘ | 03 |
| 3. | ਪੰਜਾਬ ਦੀ ਲੋਕ-ਗਾਇਕਾ: ਸੁਰਿੰਦਰ ਕੌਰ | ਜੀਵਨੀ | ਡਾ. ਹਰਿੰਦਰ ਕੌਰ | 09 |
| 4. | ਘੜੇ ਦਾ ਪਾਣੀ | ਲੇਖ | ਸੁਰਜੀਤ ਸਿੰਘ ਮਰਜਾਰਾ | 14 |
| 5. | ਮਾਂ ਦਾ ਪਿਆਰ | ਕਵਿਤਾ | ਅੰਮ੍ਰਿਤਾ ਪ੍ਰੀਤਮ | 19 |
| 6. | ਬਲ਼ਦਾਂ ਵਾਲ਼ਾ ਪਿਆਰਾ ਸਿੰਘ | ਕਹਾਣੀ | ਡਾ. ਹਰਨੇਕ ਸਿੰਘ ਕਲੇਰ | 22 |
| 7. | ਬਾਲ-ਖੇਡਾਂ | ਕਵਿਤਾ | ਮਨਮੋਹਨ ਸਿੰਘ ਦਾਊਂ | 28 |
| 8. | ਬਚਿੱਤਰ ਸਿੰਘ ਦੀ ਬਹਾਦਰੀ | ਕਾਵਿ-ਕਹਾਣੀ | ਡਾ. ਜਗੀਰ ਸਿੰਘ | 32 |
| 9. | ਮੇਰੇ ਦਾਦੀ ਜੀ | ਲੇਖ | ਗੁਰਬਖ਼ਸ਼ ਸਿੰਘ ਪ੍ਰੀਤਲੜੀ | 35 |
| 10. | ਸ਼ੇਰਨੀਆਂ | ਕਹਾਣੀ | ਕੁਲਵੰਤ ਸਿੰਘ ਵਿਰਕ | 40 |
| 11. | ਬਾਬਾ ਬੰਦਾ ਸਿੰਘ ਬਹਾਦਰ | ਜੀਵਨੀ | ਡਾ. ਕਰਨੈਲ ਸਿੰਘ ਸੋਮਲ | 46 |
| 12. | ਸ਼ਾਬਾਸ਼ ! ਸੁਮਨ ! | ਕਹਾਣੀ | ਤਰਸੇਮ | 51 |
| 13. | ਸਾਉਣ | ਕਵਿਤਾ | ਧਨੀ ਰਾਮ ਚਾਤ੍ਰਿਕ | 57 |
| 14. | ਕਰਤਾਰ ਸਿੰਘ ਸਰਾਭਾ | ਜੀਵਨੀ | ਸੰਤ ਸਿੰਘ ਸੇਖੋਂ | 61 |
| 15. | ਜੀਅ ਕਰੇ | ਕਵਿਤਾ | ਪ੍ਰਮਿੰਦਰਜੀਤ ਸਿੰਘ | 67 |
| 16. | ਤ੍ਰਿਲੋਚਨ ਦਾ ਕੱਦ | ਕਹਾਣੀ | ਕਰਤਾਰ ਸਿੰਘ ਦੁੱਗਲ | 70 |
| 17. | ਲਾਲਾ ਲਾਜਪਤ ਰਾਏ | ਜੀਵਨੀ | ਬਲਵੰਤ ਗਾਰਗੀ | 75 |
| 18. | ਗਿਠਮੁਠੀਆਂ ਵਾਲ਼ਾ ਖੂਹ | ਕਹਾਣੀ | ਕਰਨਲ ਜਸਬੀਰ ਭੁੱਲਰ | 81 |
| 19. | ਅਦਭੁਤ ਸੰਸਾਰ | ਕਵਿਤਾ | ਡਾ. ਸਰਬਜੀਤ ਸਿੰਘ ਬੇਦੀ | 86 |
| 20. | ਸੱਤ ਡਾਕਟਰ | ਕਹਾਣੀ | ਗੁਰਬਚਨ ਸਿੰਘ ਭੁੱਲਰ | 91 |
| 21. | ਪੁਲਾੜ - ਪਰੀ : ਸੁਨੀਤਾ ਵਿਲੀਅਮਜ਼ | ਜੀਵਨੀ | ਡਾ. ਕੁਲਦੀਪ ਸਿੰਘ ਧੀਰ | 97 |
| 22. | ਵਿਰਾਸਤ-ਏ-ਖ਼ਾਲਸਾ | ਲੇਖ | ਤਰਸੇਮ ਸਿੰਘ ਬੁੱਟਰ | 101 |
| 23. | ਮਿਲਖੀ ਦਾ ਵਿਆਹ | ਗੀਤ | ਰਾਜਿੰਦਰ ਕੌਰ | 108 |
| 24. | ਜਾਗੋ | ਲੇਖ | ਕਿਰਪਾਲ ਸਿੰਘ ਕਜ਼ਾਕ | 112 |
| 25. | ਕਿਰਤ ਦਾ ਸਤਿਕਾਰ | ਇਕਾਂਗੀ | ਡਾ. ਹਰਚਰਨ ਸਿੰਘ | 117 |

ਪਾਠ-1

# ਵਣਜਾਰਾ



ਬਸਤੀ-ਬਸਤੀ, ਜੰਗਲ਼-ਜੰਗਲ਼; ਗਾਉਂਦਾ ਹੈ ਵਣਜਾਰਾ,
ਹਿੰਦੂ, ਮੁਸਲਿਮ, ਸਿੱਖ, ਈਸਾਈ; ਸਾਂਝਾ ਭਾਈਚਾਰਾ।
ਘਿਰਨਾ ਸਾਨੂੰ ਵੰਡ ਦੇਂਦੀ ਹੈ, ਇਸ ਨੂੰ ਦੂਰ ਭਜਾਓ,
ਹਿੰਦੂ, ਮੁਸਲਿਮ, ਸਿੱਖ, ਈਸਾਈ; ਸਾਰੇ ਇੱਕ ਹੋ ਜਾਓ।
ਮੰਦਰ, ਮਸਜਦ, ਗਿਰਜੇ ਉੱਪਰ; ਲਿਖ ਦਿਓ ਰੱਬ ਦਾ ਦੁਆਰਾ,
ਬਸਤੀ-ਬਸਤੀ.....
ਨਫ਼ਰਤ ਸਾਨੂੰ ਦੁੱਖ ਦਿੰਦੀ ਹੈ, ਰੱਜ ਕੇ ਸੌਂਣ ਨਾ ਦੇਂਦੀ,
ਖੁੱਲ੍ਹ ਕੇ ਸਾਨੂੰ ਹੱਸਣ ਨਾ ਦਿੰਦੀ, ਜੀਅ-ਭਰ ਰੋਣ ਨਾ ਦੇਂਦੀ।
ਨਗਰ-ਨਗਰ ਵਿੱਚ, ਗਲ਼ੀ-ਗਲ਼ੀ ਵਿੱਚ; ਗੂੰਜ ਰਿਹਾ ਇਕਤਾਰਾ,
ਬਸਤੀ-ਬਸਤੀ.....
ਨਾ ਕੋਈ ਉਚ ਨਾ ਨੀਚ ਪਛਾਣੇ, ਸਭ ਨੂੰ ਆਪਣਾ ਜਾਣੇ,
ਆਪਸ ਵਿੱਚ ਨੇ ਮੂਰਖ ਲੜਦੇ, ਲੜਦੇ ਨਹੀਂ ਸਿਆਣੇ।
ਏਕੇ ਵਿੱਚ ਹੈ ਸ਼ਕਤੀ ਹੁੰਦੀ, ਏਕਾ ਸਾਨੂੰ ਪਿਆਰਾ,
ਬਸਤੀ-ਬਸਤੀ.....
ਸੱਜੇ-ਖੱਬੇ ਦੀ ਗੱਲ ਛੱਡੋ, ਸਿੱਧੇ ਰਸਤੇ ਚੱਲੋ,
ਸਾਂਝਾ ਰਸਤਾ, ਸਾਂਝੀ ਮੰਜ਼ਲ; ਉਸ ਨੂੰ ਜਾ ਕੇ ਮੱਲੋ।
ਭਾਰਤ ਦੀ ਜੈ ਸਾਰੇ ਬੋਲੋ, ਭਾਰਤ ਸਾਨੂੰ ਪਿਆਰਾ,
ਬਸਤੀ-ਬਸਤੀ, ਜੰਗਲ਼-ਜੰਗਲ਼; ਗਾਉਂਦਾ ਹੈ ਵਣਜਾਰਾ।

## ਪਾਠ-ਅਭਿਆਸ

1. **ਦੱਸੋ:-**

(ੳ) ਵੱਖ-ਵੱਖ ਧਰਮਾਂ ਲਈ ਵਣਜਾਰਾ ਕੀ ਸੰਦੇਸ਼ ਦਿੰਦਾ ਹੈ ?

(ਅ) ਗੀਤ ਅਨੁਸਾਰ ਨਫ਼ਰਤ ਮਨੁੱਖ ਲਈ ਕਿਵੇਂ ਨੁਕਸਾਨਦਾਇਕ ਹੈ ?

(ੲ) ਏਕੇ ਬਾਰੇ ਕਵੀ ਕੀ ਕਹਿੰਦਾ ਹੈ ?

(ਸ) ਇਸ ਗੀਤ ਨੂੰ ਪੜ੍ਹ ਕੇ ਤੁਸੀਂ ਕੀ ਮਹਿਸੂਸ ਕਰਦੇ ਹੋ ?

2. **ਹੇਠ ਲਿਖੀਆਂ ਸਤਰਾਂ ਦਾ ਕੀ ਭਾਵ ਹੈ ?**

ਨਾ ਕੋਈ ਉਚ ਨਾ ਨੀਚ ਪਛਾਣੇ, ਸਭ ਨੂੰ ਆਪਣਾ ਜਾਣੇ,
ਆਪਸ ਵਿੱਚ ਨੇ ਮੂਰਖ ਲੜਦੇ, ਲੜਦੇ ਨਹੀਂ ਸਿਆਣੇ।
ਏਕੇ ਵਿੱਚ ਹੈ ਸ਼ਕਤੀ ਹੁੰਦੀ, ਏਕਾ ਸਾਨੂੰ ਪਿਆਰਾ।

3. **ਹੇਠ ਲਿਖੀਆਂ ਕਾਵਿ-ਸਤਰਾਂ ਪੂਰੀਆਂ ਕਰੋ:**

(ੳ) ਸੱਜੇ-ਖੱਬੇ ਦੀ ਗੱਲ ਛੱਡੋ; ਸਿੱਧੇ ਰਸਤੇ ਚੱਲੋ,

________________________________________

________________________________________

________________________________________

(ਅ) ਭਾਰਤ ਦੀ ਜੈ ਸਾਰੇ ਬੋਲੋ, ਭਾਰਤ ਸਾਨੂੰ ਪਿਆਰਾ।

________________________________________

________________________________________

________________________________________

4. **ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਵਣਜਾਰਾ | : | ਸੁਦਾਗਰ,ਵਪਾਰੀ |
| ਭਾਈਚਾਰਾ | : | ਭਰਾਵਾਂ ਵਾਲ਼ਾ ਸੰਬੰਧ |
| ਇਕਤਾਰਾ | : | ਇੱਕ ਤਾਰ ਵਾਲ਼ਾ ਸਾਜ਼, ਤੂੰਬਾ |
| ਮੰਜ਼ਲ | : | ਪੜਾਅ, ਨਿਸ਼ਾਨਾ |

5. **ਆਪਣੀ ਸ਼੍ਰੇਣੀ ਦੇ ਵਿਦਿਆਰਥੀਆਂ ਨਾਲ਼ ਮਿਲ਼ ਕੇ ਇਸ ਗੀਤ ਨੂੰ ਗਾਓ।**

> ਅਧਿਆਪਕ ਵਿਦਿਆਰਥੀਆਂ ਨੂੰ ਹਰ ਇੱਕ ਇਨਸਾਨ ਦਾ ਆਦਰ ਕਰਨ ਲਈ ਪ੍ਰੇਰਿਤ ਕਰੇ ਅਤੇ ਸਮਝਾਵੇ ਕਿ ਇਨਸਾਨੀਅਤ ਸਭ ਤੋਂ ਵੱਡਾ ਧਰਮ ਹੈ।

ਪਾਠ-2

# ਮੋਤੀ



ਮੋਤੀ ਮੇਰਾ ਨਿੱਕਾ ਜਿਹਾ ਪਿਆਰਾ ਕੁੱਤਾ ਸੀ। ਇਹ ਪਿਸਤੀ ਨਸਲ 'ਚੋਂ ਸੀ ਤੇ ਕੰਨਾਂ ਤੋਂ ਫੜ ਕੇ ਚੁੱਕਿਆਂ ਵੀ ਨਹੀਂ ਸੀ ਚੂਕਦਾ। ਪਿਤਾ ਜੀ ਨੇ ਮੇਰੇ ਮਗਰ ਪੈਣ 'ਤੇ ਮੈਨੂੰ ਇਸ ਕੁੱਤੇ ਦੇ ਰੱਖਣ ਦੀ ਆਗਿਆ ਦਿੱਤੀ ਸੀ।

ਇੱਕ ਦਿਨ ਪਿਤਾ ਜੀ ਆਪਣੇ ਇੱਕ ਬੰਗਾਲੀ ਮਿੱਤਰ ਨੂੰ ਮਿਲ਼ਨ ਗਏ। ਮੈਂ ਵੀ ਨਾਲ਼ ਸਾਂ। ਕਾਊਚ ਦੇ ਹੇਠੋਂ ਕੋਈ ਕੂਲ਼ੀ-ਕੂਲ਼ੀ ਚੀਜ਼ ਮੈਨੂੰ ਛੂਹੀ। ਮੈਂ ਥੱਲੇ ਦੇਖਿਆ ਤੇ ਡਰਿਆ। ਇਹ ਇੱਕ ਕੁੱਤੇ ਦੀ ਬੂਥੀ ਸੀ। ਪਿਤਾ ਜੀ ਦੇ ਦੋਸਤ ਨੇ ਕਿਹਾ, "ਡਰ ਨਾ, ਬੱਚਾ! ਇਹ ਵੱਢਦਾ ਨਹੀਂ।"

ਕੁੱਤਾ ਬੜਾ ਚਿਰ ਮੇਰੇ ਨਾਲ਼ ਪਿਆਰ ਕਰਦਾ ਰਿਹਾ। ਮੈਂ ਉਸ ਨਾਲ਼ ਚੰਪਕ-ਕੁੰਜ ਵਿੱਚ ਕਿੰਨਾ ਚਿਰ ਖੇਡਦਾ ਰਿਹਾ। ਆਉਣ ਲੱਗਿਆਂ ਮੇਰਾ ਚਿਹਰਾ ਉਦਾਸ ਜਿਹਾ ਦੇਖ ਕੇ ਪਿਤਾ ਜੀ ਦੇ ਮਿੱਤਰ ਨੇ ਕਿਹਾ,"ਕੀ ਗੱਲ ਹੈ, ਬੇਟਾ! ਉਦਾਸ ਕਿਉਂ ਹੈਂ?" ਮੈਂ ਉਸ ਵੱਲ ਬਿਨਾਂ ਦੇਖਿਆਂ ਤੇ ਬਿਨਾਂ ਉੱਤਰ ਦਿੱਤਿਆਂ ਪਿਤਾ ਜੀ ਵੱਲ ਬੜੀ ਮਿਠਾਸ ਤੇ ਅਰਜ਼ੋਈ ਭਰੀ ਨਜ਼ਰ ਤੱਕਦਿਆਂ ਉਸ ਆਪਣੇ ਯਾਰ ਕੁੱਤੇ ਵੱਲ ਇਸ਼ਾਰਾ ਕੀਤਾ। ਪਿਤਾ ਜੀ ਨੇ ਅੱਖ ਦੀ ਬੇਮਲੂਮ ਘੂਰੀ ਦਿੱਤੀ ਤੇ ਮੈਂ ਸਹਿਮ ਗਿਆ। ਪਿਤਾ ਜੀ ਦੇ ਮਿੱਤਰ ਨੇ ਕਿਹਾ, "ਦੋਸਤ! ਇੱਕ ਕੁੱਤੇ ਪਿੱਛੇ ਮੈਂ ਆਪਣੇ ਬੇਟੇ ਨੂੰ ਨਰਾਜ਼ ਤੇ ਉਦਾਸ ਨਹੀਂ ਦੇਖਣਾ ਚਾਹੁੰਦਾ।" ਮੇਰੇ ਵੱਲ ਪਿਆਰ ਭਰੀ ਨਜ਼ਰ ਤੱਕ ਕੇ ਉਸ ਕਿਹਾ "ਬੇਟਾ! ਤੂੰ ਮੋਤੀ ਲੈਣਾ ਹੈ? ਜਾ, ਲੈ ਜਾ, ਬੀਬਾ ਪੁੱਤਰ!"

ਮੈਨੂੰ ਚੇਤਾ ਹੈ, ਮੋਤੀ ਦਾ ਨਾਂ ਸੁਣ ਕੇ ਪਿਤਾ ਜੀ ਤ੍ਰਭਕੇ ਸਨ। ਉਹਨਾਂ ਦਾ ਚਿਹਰਾ ਉਦਾਸ ਹੋ ਗਿਆ ਸੀ ਪਰ ਮੇਰੀ ਉਦਾਸੀ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਪਿਤਾ ਜੀ ਦੇ ਮਿੱਤਰ ਨੇ ਮੋਤੀ ਨੂੰ ਸੱਦ ਕੇ ਸੰਗਲ਼ੀ ਪਟੇ ਵਿੱਚ ਪਾਈ ਤੇ

ਮੇਰੇ ਹੱਥ ਫੜਾ ਦਿੱਤੀ। ਮੋਤੀ ਹੈਰਾਨ ਸੀ। ਸ਼ਾਇਦ ਸੋਚ ਰਿਹਾ ਹੋਵੇ ਕਿ ਦੋ ਘੜੀ ਦੀ ਪ੍ਰੀਤ ਲਈ ਉਮਰ-ਕੈਦ! ਮੋਤੀ ਮੁੜ-ਮੁੜ ਆਪਣੇ ਮਾਲਕ ਵੱਲ ਦੇਖਦਾ ਸੀ। ਪਰ ਉਸ ਦੇ ਕਹਿਣ 'ਤੇ ਕਿ—"ਜਾ ਮੋਤੀ, ਹੁਣ ਤੇਰਾ ਮਾਲਕ ਨਿੱਕਾ ਕਾਕਾ ਹੈ," ਉਹ ਮੇਰੇ ਨਾਲ਼ ਤੁਰ ਪਿਆ। ਉਸ ਵੇਲ਼ੇ ਪੱਪੀ ਮੋਤੀ ਦੀ ਮਾਂ, ਅੰਦਰੋਂ ਨਿਕਲ਼ ਆਈ ਤੇ ਸਾਡੇ ਨਾਲ਼ ਤੁਰਨ ਲੱਗ ਪਈ। ਮੋਤੀ ਦਾ ਚਿਹਰਾ ਉਦਾਸਿਆ ਜਿਹਾ ਗਿਆ। ਪੱਪੀ ਮਾਲਕ ਦੇ ਇਸ਼ਾਰੇ ਨਾਲ਼ ਮਨ ਮਾਰ ਕੇ ਵਾਪਸ ਮੁੜ ਗਈ। ਕੋਠੀ ਤੋਂ ਬਾਹਰ ਆ ਕੇ ਪਿਤਾ ਜੀ ਨੇ ਟੈਕਸੀ ਫੜੀ ਤੇ ਅਸੀਂ ਆਪਣੇ ਘਰ ਪਹੁੰਚੇ।

ਮਾਤਾ ਜੀ ਨੇ ਮੇਰੇ ਹੱਥ ਵਿੱਚ ਕੁੱਤੇ ਦੀ ਸੰਗਲ਼ੀ ਦੇਖ ਕੇ ਪਿਤਾ ਜੀ ਨੂੰ ਕਿਹਾ, "ਤੁਸੀਂ ਫੇਰ ਪੁਰਾਣੀਆਂ ਬਿਮਾਰੀਆਂ ਖ਼ਰੀਦਣ ਲੱਗ ਪਏ ਹੋ ਨਾ ਜੀ!"

ਪਿਤਾ ਜੀ ਨੇ ਉੱਤਰ ਦਿੱਤਾ, " ਕਾਕੇ ਦੀ ਮਾਂ! ਕਾਕੇ ਨੂੰ ਇਹ ਚੰਗਾ ਲੱਗਾ ਸੀ ਤੇ ਪਰਸ਼ੋਤਮ ਬਾਬੂ ਨੇ ਇਹ ਦੇ ਦਿੱਤਾ।"

ਮਾਤਾ ਜੀ ਨੇ ਹੋਰ ਕੁਝ ਨਾ ਕਿਹਾ। ਕਿੰਨਾ ਚਿਰ ਮੋਤੀ ਅਫ਼ਸੋਸਿਆ ਰਿਹਾ। ਉਹ ਕੁਝ ਨਹੀਂ ਸੀ ਖਾਂਦਾ। ਦੁੱਧ ਦਾ ਪਿਆਲਾ ਸਵੇਰ ਤੋਂ ਸ਼ਾਮ ਤੱਕ ਪਿਆ ਰਹਿੰਦਾ ਸੀ। ਪਿਤਾ ਜੀ ਦੀਆਂ ਅੱਖਾਂ ਵਿੱਚ ਵੀ ਕੋਈ ਖ਼ੁਸ਼ੀ ਨਹੀਂ ਸੀ ਨਜ਼ਰ ਆਉਂਦੀ। ਮੈਂ ਪਿਤਾ ਜੀ ਨੂੰ ਇੱਕ ਦਿਨ ਇਹ ਕੁੱਤਾ ਮੋੜ ਆਉਣ ਲਈ ਕਿਹਾ ਪਰ ਪਿਤਾ ਜੀ ਨਾ ਮੰਨੇ ਸਗੋਂ ਉਹ ਉੱਠ ਕੇ ਮੋਤੀ ਨੂੰ ਪਿਆਰ ਕਰਨ ਲੱਗ ਪਏ। ਮੋਤੀ ਪਿਤਾ ਜੀ ਦੇ ਹੱਥਾਂ ਨੂੰ ਚੱਟਣ ਲੱਗ ਪਿਆ। ਪਿਤਾ ਜੀ ਨੇ ਨੌਕਰਾਣੀ ਨੂੰ ਤਾਜ਼ਾ ਦੁੱਧ ਲਿਆਉਣ ਦਾ ਹੁਕਮ ਦਿੱਤਾ। ਜਦ ਪਿਤਾ ਜੀ ਨੇ ਮੋਤੀ ਨੂੰ ਦੁੱਧ ਪਿਆਇਆ ਤਾਂ ਉਹ ਅੱਧ-ਪਚੱਧਾ ਪੀ ਗਿਆ। ਉਸ ਦਿਨ ਤੋਂ ਮੋਤੀ ਫੇਰ ਮੇਰੇ ਨਾਲ਼ ਖੇਡਣ ਲੱਗ ਪਿਆ। ਹੌਲ਼ੀ-ਹੌਲ਼ੀ ਉਸ ਦੀ ਸੰਗਲ਼ੀ ਖੋਲ੍ਹੀ ਜਾਣ ਲੱਗ ਪਈ ਤੇ ਉਹ ਘਰ ਦਾ ਵਿਸ਼ਵਾਸੀ ਬਣ ਗਿਆ।

ਜਦੋਂ ਕਦੇ ਉਹ ਮੇਰੇ ਸਕੂਲ ਜਾਣ ਦੇ ਸਮੇਂ ਖੁੱਲ੍ਹਾ ਹੁੰਦਾ, ਉਹ ਮੇਰੇ ਮਗਰ ਦੱਬੇ ਪੈਰੀਂ ਤੁਰ ਪੈਂਦਾ ਸੀ ਤੇ ਮੈਨੂੰ ਉਦੋਂ ਹੀ ਪਤਾ ਲੱਗਣ ਦਿੰਦਾ ਸੀ ਜਦੋਂ ਮੈਂ ਜਮਾਤ ਦੇ ਕਮਰੇ ਵਿੱਚ ਦਾਖ਼ਲ ਹੋਵਾਂ। ਮੇਰੇ ਜਮਾਤੀ ਨਿੱਕੇ ਜਿਹੇ ਕੁੱਤੇ ਨੂੰ ਦੇਖ ਕੇ ਬੜੇ ਖ਼ੁਸ਼ ਹੁੰਦੇ ਸਨ ਤੇ ਉਸ ਨਾਲ਼ ਪਿਆਰ ਕਰਦੇ ਸਨ। ਜੇ ਉਹ ਕਿਸੇ ਦਾ ਮੂੰਹ ਚੱਟ ਲੈਂਦਾ ਸੀ ਤਾਂ ਉਸ ਨੂੰ ਨਲ਼ਕੇ ਤੋਂ ਮੂੰਹ ਧੋਣਾ ਪੈਂਦਾ ਸੀ। ਗੇਂਦ ਨਾਲ਼ ਖੇਡਦੇ ਮੁੰਡਿਆਂ ਦੀ ਗੇਂਦ ਮੂੰਹ ਵਿੱਚ ਲੈ ਕੇ ਨੱਸ ਉੱਠਦਾ ਸੀ ਤੇ ਗੇਂਦ ਮੇਰੇ ਹੱਥ ਵਿੱਚ ਫੜਾ ਕੇ ਹੀ ਸਾਹ ਲੈਂਦਾ ਸੀ। ਇੱਕ ਦਿਨ ਸਾਡੇ ਮਾਸਟਰ ਜੀ ਕੁੱਤੇ ਨੂੰ ਜਮਾਤ ਵਿੱਚ ਦੇਖ ਕੇ ਬੜੇ ਗ਼ੁੱਸੇ ਵਿੱਚ ਆਏ ਤੇ ਉਸ ਨੂੰ ਰੂਲ ਲੈ ਕੇ ਮਾਰਨ ਦੌੜੇ। ਮੋਤੀ ਕੋਈ ਉਹਨਾਂ ਦਾ ਵਿਦਿਆਰਥੀ ਥੋੜ੍ਹਾ ਸੀ ਜੋ ਉਹਨਾਂ ਦਾ ਰੋਹਬ ਝੱਲ ਲੈਂਦਾ। ਉਸ ਨੇ ਵਧ ਕੇ ਇੱਕ ਘੁਰਕੀ ਸੁਣਾਈ ਤੇ ਨਾਲ਼ ਹੀ ਚਿੱਟੇ ਦੁੱਧ ਦੰਦ ਦਿਖਾਏ। ਫਿਰ ਉਹ ਮੇਰੇ ਬੈਂਚ ਹੇਠਾਂ ਵੜ ਕੇ ਬਹਿ ਗਿਆ।

" ਤਾਂ ਇਹ ਕੁੱਤਾ ਤੇਰਾ ਹੈ? " ਮਾਸਟਰ ਜੀ ਨੇ ਹਿੰਦੀ ਦੇ ਸ਼ਬਦਾਂ ਨੂੰ ਇਵੇਂ ਲਮਕਾਉਂਦਿਆਂ ਪੁੱਛਿਆ, ਜਿਵੇਂ ਉਹ ਕੁੱਤੇ ਤੋਂ ਡਰਦੇ ਹੀ ਨਹੀਂ ਸਨ।

ਮੈ ਡਰਦਿਆਂ-ਡਰਦਿਆਂ ਮਾਸਟਰ ਜੀ ਨੂੰ ਕਿਹਾ, "ਇਹ ਕੁੱਤਾ ਮੇਰਾ ਹੀ ਹੈ।" ਉਹਨਾਂ ਉਸੇ ਵੇਲ਼ੇ ਹੁਕਮ ਦਿੱਤਾ ਕਿ ਮੈਂ ਮੋਤੀ ਨੂੰ ਘਰ ਛੱਡ ਕੇ ਆਵਾਂ। ਮੈਨੂੰ ਉਸ ਦਿਨ ਇੱਕ ਘੰਟੇ ਦੀ ਛੁੱਟੀ ਮਿਲ਼ ਗਈ। ਮੈਂ ਬੜਾ ਖ਼ੁਸ਼ ਸਾਂ ਪਰ ਕੀ ਪਤਾ ਸੀ ਕਿ ਮਾਸਟਰ ਸਾਹਿਬ ਨੇ ਮੁੜਦਿਆਂਸਾਰ ਸੇਵੀਂਆਂ ਦਾ ਸੁਆਦ ਚਖਾਉਣਾ ਹੈ- ਇਹ ਮਾਸਟਰ ਜੀ ਚਪੇੜਾਂ ਮਾਰਨ ਨੂੰ ਸੇਵੀਆਂ ਦਾ ਸੁਆਦ ਆਖਦੇ ਹੁੰਦੇ ਹਨ। ਘਰ ਜਾ ਕੇ ਮੈਂ ਚਪੇੜਾਂ ਦੀ ਕਹਾਣੀ ਮਾਂ ਨੂੰ ਸੁਣਾਈ ਪਰ ਮਾਤਾ ਜੀ ਨਾਲ਼ੋਂ ਮੈਨੂੰ ਮੋਤੀ ਬਹੁਤਾ ਗ਼ੌਰ ਨਾਲ਼ ਸੁਣਦਾ ਦਿਖਾਈ ਦਿੰਦਾ ਸੀ। ਮੈਂ ਉਂਗਲ਼ ਕਰਕੇ ਉਸ ਵੱਲ ਇਸ਼ਾਰਾ ਕਰਦਿਆਂ ਕਹਿ ਹੀ ਰਿਹਾ ਸਾਂ, "ਹੱਛਾ ਬੱਚੂ! ਮੈਨੂੰ ਮਾਰ ਪੁਆਈ! " ਕਿ ਉਹ ਮੇਰੇ ਕੋਲ਼ ਆ ਕੇ ਲੇਟ ਗਿਆ ਤੇ ਪੂਛ

ਹਿਲਾ ਕੇ ਆਪਣੀ ਬੋਲੀ ਬੋਲਣ ਲੱਗ ਪਿਆ । ਖ਼ਬਰੇ, ਉਹ ਮੈਨੂੰ ਕਹਿ ਰਿਹਾ ਸੀ ਕਿ ਮਿੱਤਰ ! ਆਪਣੇ ਵੰਡੇ ਦਾ ਮੈਨੂੰ ਮਾਰ ਲੈ।

ਉਸ ਤੋਂ ਮਗਰੋਂ ਉਸ ਨੇ ਸਕੂਲ ਜਾਣ ਦੀ ਇੱਕੋ ਵਾਰ ਕੋਸ਼ਸ਼ ਕੀਤੀ। ਮੈਨੂੰ ਉਦੋਂ ਹੀ ਪਤਾ ਲੱਗਾ ਜਦੋਂ ਅੱਧੀ ਛੁੱਟੀ ਵੇਲ਼ੇ ਮੈਂ ਬਾਹਰ ਨਿਕਲ਼ਿਆ। ਉਹ ਸਕੂਲ ਦੇ ਬੂਹੇ ਲਾਗੇ ਮੇਰੀ ਉਡੀਕ ਕਰ ਰਿਹਾ ਸੀ। ਮੈਂ ਗ਼ੁੱਸੇ ਵਿੱਚ ਆ ਕੇ ਕਿਹਾ, " ਨੱਠ ਜਾ ਮੋਤੀ ! ਨਹੀਂ ਤੇ ਮੈਂ ਮਾਰਾਂਗਾ। " ਮੋਤੀ ਸੱਚੀਂ-ਮੁੱਚੀਂ ਉੱਠ ਦੌੜਿਆ। ਮੈਨੂੰ ਬੜਾ ਅਫ਼ਸੋਸ ਹੋਇਆ ਮਤੇ ਮੇਰਾ ਮਿੱਤਰ ਗੁਆਚ ਜਾਵੇ। ਸਕੂਲ ਦੀ ਟੱਲੀ ਵੱਜਣ ਵਾਲ਼ੀ ਸੀ, ਚਪੜਾਸੀ ਨੇ ਬਾਹਰਲਾ ਬੂਹਾ ਮਾਰ ਦਿੱਤਾ। ਮੇਰਾ ਖ਼ਿਆਲ ਮੋਤੀ ਵੱਲ ਹੀ ਲੱਗਾ ਰਿਹਾ। ਬੇਖ਼ਿਆਲੀ ਵਿੱਚ ਮੈਂ ਕਈ ਸ਼ਬਦਾਂ ਦੇ ਅਰਥ ਤੇ ਜੋੜ ਗ਼ਲਤ ਦੱਸ ਕੇ ਮਾਰ ਖਾਧੀ। ਸਾਰੀ ਛੁੱਟੀ ਮਗਰੋਂ ਜਦ ਮੈਂ ਆਪਣੇ ਘਰ ਦੀਆਂ ਪੌੜੀਆਂ ਚੜ੍ਹ ਰਿਹਾ ਸਾਂ ਤਾਂ ਮੋਤੀ ਮੈਨੂੰ ਰਾਹ ਵਿੱਚ ਮਿਲ਼ਿਆ ਤੇ ਮੇਰੇ ਨਾਲ਼ ਕੋਠੇ 'ਤੇ ਗਿਆ। ਮੇਰੀ ਖ਼ੁਸ਼ੀ ਦੀ ਕੋਈ ਹੱਦ ਨਹੀਂ ਸੀ। "ਕੁਝ ਲੱਭਾ ਹੈ ?" ਮਾਤਾ ਨੇ ਜਾਂਦਿਆਂ ਹੀ ਪੁੱਛਿਆ-" ਮੋਤੀ ਗੁਆਚ ਚੱਲਿਆ ਸੀ, ਉਹ ਲੱਭ ਪਿਆ ਹੈ। " " ਉਹ ਤੇ ਸਾਰਾ ਦਿਨ ਰੱਸੀਆਂ ਨਾਲ਼ ਖੇਡਦਾ ਰਿਹਾ ਹੈ, " ਮਾਤਾ ਜੀ ਨੇ ਨੌਕਰਾਣੀ ਵੱਲ ਇਸ਼ਾਰਾ ਕਰਕੇ ਕਿਹਾ। ਉਸ ਵੇਲ਼ੇ ਮੈਨੂੰ ਕੁੱਤੇ ਦੇ ਇਸ ਡਬਲ ਰੋਲ ਦਾ ਪਤਾ ਨਾ ਲੱਗਾ।

ਮੋਤੀ ਵਿੱਚ ਬੜੇ ਗੁਣ ਸਨ। ਘਰ ਦੀ ਰਾਖੀ ਕਰਦਾ ਸੀ, ਦੂਰ ਸੁੱਟੀ ਚੀਜ਼ ਚੁੱਕ ਲਿਆਉਂਦਾ ਸੀ, "ਸਿੱਟ ਡਾਊਨ " ਕਿਹਾਂ ਅਗਲੇ ਦੋਵੇਂ ਪੰਜੇ ਚੁੱਕ ਕੰਗਾਰੂ ਵਾਂਗ ਬੈਠ ਜਾਂਦਾ ਸੀ ਤੇ ਹਨੇਰੀਆਂ ਰਾਤਾਂ ਵਿੱਚ ਕਈ ਵਾਰੀ ਸੋਟੇ ਨਾਲ਼ ਲਮਕਾਈਆਂ ਦੋ ਨਿੱਕੀਆਂ ਲਾਲਟੈਣਾਂ ਚੁੱਕ ਕੇ ਪਿਤਾ ਜੀ ਦੇ ਜੰਗਲ਼ੀ ਰਸਤਿਆਂ 'ਤੇ ਚਾਨਣ ਕਰਦਾ ਹੁੰਦਾ ਸੀ। ਪਿਤਾ ਜੀ ਉਸ ਦੀ ਕਦਰ ਉਦੋਂ ਤੋਂ ਹੋਰ ਵੀ ਬਹੁਤੀ ਕਰਨ ਲੱਗ ਪਏ ਜਦ ਉਸ ਨੇ ਉਹਨਾਂ ਦੀ ਜਾਨ ਬਚਾਈ ਸੀ। ਪਿਤਾ ਜੀ ਆਪਣੇ ਦਫ਼ਤਰ ਤੋਂ ਨਿਕਲ਼ ਕੇ ਇੰਜੀਨੀਅਰ ਨਾਲ਼ ਕਿਸੇ ਮਸ਼ੀਨ ਦੀ ਫ਼ਿਟਿੰਗ ਬਾਰੇ ਗੱਲ-ਬਾਤ ਕਰ ਰਹੇ ਸਨ। ਮੋਤੀ ਨੇ ਜੋ ਉਹਨਾਂ ਨਾਲ਼ ਅਚਾਨਕ ਗਿਆ ਹੋਇਆ ਸੀ, ਉਹਨਾਂ ਦੀ ਪਤਲੂਨ ਫੜ ਲਈ। ਪਿਤਾ ਜੀ ਉਸ ਦਾ ਮਤਲਬ ਨਹੀਂ ਸਮਝਦੇ ਸਨ ਪਰ ਮੋਤੀ ਉਹਨਾਂ ਦੀ ਪਤਲੂਨ ਫੜ ਕੇ ਖਿੱਚੀ ਜਾਂਦਾ ਸੀ। ਅਚਾਨਕ ਉਹਨਾਂ ਦੀ ਨਜ਼ਰ ਆਪਣੇ ਪੈਰਾਂ ਦੇ ਵਿਚਕਾਰ ਪਈ। ਦੋਂਹਾਂ ਬੂਟਾਂ ਦੇ ਵਿਚਕਾਰ ਇੱਕ ਕਰੁੰਡੀਆ ਗੁੱਛੀ ਹੋਇਆ ਬੈਠਾ ਸੀ। ਪਿਤਾ ਜੀ ਛਾਲ਼ ਮਾਰ ਕੇ ਲਾਂਭੇ ਹੋ ਗਏ ਤੇ ਮੋਤੀ ਉਸ ਨੂੰ ਦੇਖ ਕੇ ਭੌਂਕਣ ਲੱਗ ਪਿਆ।

ਮੋਤੀ ਛੁੱਟੀ ਵਾਲ਼ੇ ਦਿਨ ਮੇਰੇ ਨਾਲ਼ ਰਾਜਗੰਜ ਜਾਇਆ ਕਰਦਾ ਸੀ। ਇੱਕ ਦਿਨ ਪਿਤਾ ਜੀ, ਮੈਂ ਤੇ ਮੋਤੀ ਅਗਨਬੋਟ ਵਿੱਚ ਬੈਠੇ ਸਾਂ। ਜਹਾਜ਼ ਦੇ ਤੁਰਨ ਦਾ ਵਿਸਲ ਹੋ ਚੁੱਕਾ ਸੀ। ਜਹਾਜ਼ ਜੈੱਟੀ ਨਾਲ਼ੋਂ ਨਿੱਖੜ ਚੁੱਕਾ ਸੀ। ਮੋਤੀ ਮੈਨੂੰ ਨਾ ਦਿਸਿਆ। ਅਚਾਨਕ ਉਹ ਮੈਨੂੰ ਜੈੱਟੀ 'ਤੇ ਦਿਸਿਆ। ਮੈਂ ਚੀਕ-ਚਿਹਾੜਾ ਪਾ ਦਿੱਤਾ। ਪਿਤਾ ਜੀ ਛਾਲ਼ ਮਾਰ ਕੇ ਜੈੱਟੀ 'ਤੇ ਚਲੇ ਗਏ। ਮੋਤੀ ਨੂੰ ਗਲ਼ੋਂ ਫੜ ਕੇ ਕੱਛ ਵਿੱਚ ਦੇ ਲਿਆ। ਉਸ ਦਿਨ ਪਿਤਾ ਜੀ ਨੇ ਉਹ ਕਾਰਨਾਮਾ ਕੀਤਾ ਜੋ ਮੈਨੂੰ ਕਦੇ ਨਹੀਂ ਭੁੱਲੇਗਾ। ਜਹਾਜ਼ ਤੇ ਜੈੱਟੀ ਵਿਚਕਾਰ ਪੰਜ-ਸੱਤ ਫ਼ੁੱਟ ਦਾ ਪਾੜ ਸੀ ਤੇ ਦਰਿਆ ਹੁਗਲੀ ਸ਼ਾਂ-ਸ਼ਾਂ ਕਰਦਾ ਵਗ ਰਿਹਾ ਸੀ। ਪਿਤਾ ਜੀ ਨੇ ਦੋ ਕੁ ਕਦਮ ਪਿਛਾਂਹ ਹਟ ਕੇ ਛਾਲ਼ ਮਾਰੀ ਤੇ ਜਹਾਜ਼ ਦੇ ਜੰਗਲ਼ੇ ਨਾਲ਼ ਮੋਤੀ ਸਮੇਤ ਆਣ ਚੰਬੜੇ। ਪੰਜਾਬੀ ਬੰਦੇ ਦਾ ਇਹ ਕਾਰਨਾਮਾ ਕਈ ਬੰਗਾਲੀ ਲੋਕ ਹੈਰਾਨੀ ਨਾਲ਼ ਦੇਖ ਰਹੇ ਸਨ। ਅਚਾਨਕ ਉੱਪਰਲੀਆਂ ਪੌੜੀਆਂ ਤੋਂ ਇੱਕ ਮੇਮ ਉੱਤਰੀ ਤੇ ਪਿਤਾ ਜੀ ਨੂੰ ਆਪਣੀ ਬੋਲੀ ਵਿੱਚ ਕਹਿਣ ਲੱਗੀ, " ਤੁਸੀਂ ਬੜੇ ਬਹਾਦਰ ਹੋ, ਤੁਸੀਂ ਇਸ ਕੁੱਤੇ ਪਿੱਛੇ ਐਨਾ ਖ਼ਤਰਾ ਮੁੱਲ ਕਿਉਂ ਲਿਆ?"

ਮੇਮ ਪਿਤਾ ਜੀ ਦੇ ਵਾਕਫ਼ ਮਿੱਲ-ਮੈਨੇਜਰ ਦੀ ਵਹੁਟੀ ਸੀ ਤੇ ਜਾਣਦੀ ਸੀ ਕਿ ਪਿਤਾ ਜੀ ਤਰਨਾ ਨਹੀਂ ਜਾਣਦੇ ਸਨ। ਪਿਤਾ ਜੀ ਨੇ ਉੱਤਰ ਦਿੱਤਾ ਸੀ ਕਿ ਮੇਰਾ ਬੱਚਾ ਇਸ ਕੁੱਤੇ ਨੂੰ ਬੜਾ ਪਿਆਰ ਕਰਦਾ ਹੈ ਤੇ ਮੈਂ ਵੀ ਇਸ ਨੂੰ ਆਪਣੇ ਬੱਚੇ ਵਾਂਗੂੰ ਪਿਆਰ ਕਰਦਾ ਹਾਂ।

ਮੇਮ ਨੇ ਮੇਰੇ ਵੱਲ ਦੇਖਿਆ ਤੇ ਕਹਿਣ ਲੱਗੀ, "ਤਾਂ ਇਹ ਤੁਹਾਡਾ ਬੱਚਾ ਹੈ! ਉਸ ਨੇ ਮੇਰੀ ਖੱਬੀ ਗੱਲ੍ਹ ਨੂੰ ਥਪਕਿਆ ਤੇ ਇਸ ਤੋਂ ਬਾਅਦ ਮੇਮ ਵੀ ਮੋਤੀ ਦੀ ਮਿੱਤਰ ਬਣ ਗਈ। ਮੋਤੀ ਮੇਰੇ ਹਰ ਮਿੱਤਰ ਦਾ ਝੱਟ ਦੋਸਤ ਬਣ ਜਾਂਦਾ ਸੀ।

ਛੁੱਟੀ ਵਾਲ਼ੇ ਦਿਨ ਉਹ ਅਕਸਰ ਸਟੀਮਰ ਦੇ ਪਹੁੰਚਣ 'ਤੇ ਆਪਣੇ ਬੰਗਲੇ ਦੇ ਬਰਾਂਡੇ ਵਿੱਚ ਮੋਤੀ ਦੀ ਉਡੀਕ ਕਰ ਰਹੀ ਹੁੰਦੀ ਸੀ। ਮੋਤੀ ਪਿੱਛੇ ਮੈਨੂੰ ਆਂਡੇ, ਦੁੱਧ, ਕੇਕ, ਬਿਸਕੁਟ,ਚਾਕਲੇਟ ਤੇ ਸੈਂਡਵਿਚਾਂ ਦਾ ਗੱਫਾ ਮਿਲ਼ਿਆ ਕਰਦਾ ਸੀ। ਮੇਮ ਦੇ ਦੋ ਵੱਡੇ-ਵੱਡੇ ਕੁੱਤੇ ਹੋਰ ਸਨ। ਮੋਤੀ ਉਹਨਾਂ ਨੂੰ ਕਦੇ ਡਾਹੀ ਨਹੀਂ ਸੀ ਦਿੰਦਾ। ਗੁਲਾਬ, ਟਿਊਲਿਪ ਤੇ ਟਮਾਟਰਾਂ ਦੇ ਬੂਟਿਆਂ ਉੱਤੋਂ ਦੀ ਉਹ ਦੁੱਧ-ਚਿੱਟੀਆਂ ਪਰੀਆਂ ਵਾਂਗ ਉੱਡਿਆ ਫਿਰਦਾ। ਵੱਡੇ ਕੁੱਤੇ ਹਫ ਜਾਂਦੇ ਤਾਂ ਉਹਨਾਂ ਨੂੰ ਛੇੜ-ਛੇੜ ਕੇ ਨੱਸਦਾ। ਪਤਾ ਨਹੀਂ ਇਸ ਨਿੱਕੇ ਜਿਹੇ ਕਤੂਰੇ ਵਿੱਚ ਇਹ ਤਾਕਤ ਕਿੱਥੋਂ ਆ ਗਈ ਸੀ! ਖ਼ੁਸ਼ਬੋਦਾਰ ਫੁੱਲਾਂ ਨਾਲ਼ ਖਹਿ-ਖਹਿ ਕੇ ਉਹ ਵੀ ਤੁਰਦਾ-ਫਿਰਦਾ ਫੁੱਲ ਜਾਪਦਾ।

ਮੈਨੂੰ ਪਤਾ ਹੈ ਕਿ ਮੇਮ ਨੇ ਮੂੰਹ ਪਾੜ ਕੇ ਇੱਕ ਵਾਰੀ ਪਿਤਾ ਜੀ ਤੋਂ ਇਸ ਕੁੱਤੇ ਦੀ ਮੰਗ ਕੀਤੀ ਸੀ। ਪਰ ਪਿਤਾ ਜੀ ਨੇ ਕੇਵਲ ਏਨਾ ਉੱਤਰ ਹੀ ਦਿੱਤਾ ਸੀ ਕਿ ਇਹ ਮੇਰੇ ਬੱਚੇ ਦਾ ਖਿਡੌਣਾ ਹੈ। ਪਤਾ ਨਹੀਂ,ਉਹ ਮੈਥੋਂ ਮੇਰਾ ਮਿੱਤਰ ਤੇ ਪਿਤਾ ਜੀ ਤੋਂ ਉਹਨਾਂ ਦਾ ਪੁੱਤਰ ਖੋਹਣ ਲਈ ਕਿਉਂ ਬੇਚੈਨ ਸੀ? ਪੇਸ਼ ਨਾ ਚੱਲਦੀ ਦੇਖ ਕੇ ਉਸ ਮੇਰੇ 'ਤੇ ਮਾਇਆ ਦਾ ਜਾਦੂ ਪਾਉਣਾ ਸ਼ੁਰੂ ਕੀਤਾ। ਨੋਟ ਦਿਖਾਏ, ਚਮਕਦੇ, ਟਣਕਦੇ ਰੁਪਈਆਂ ਦੀ ਢੇਰੀ ਲਾ ਦਿੱਤੀ ਪਰ ਜਾਂ ਤਾਂ ਮੈਨੂੰ ਰੁਪਈਆਂ ਦੀ ਕੀਮਤ ਦਾ ਪਤਾ ਨਹੀਂ ਸੀ ਜਾਂ ਬਚਪਨ ਦਾ ਉਹ ਸਮਾਂ ਸੀ ਜਦੋਂ ਯਾਰ ਰੁਪਈਆਂ ਪਿੱਛੇ ਨਹੀਂ ਸੀ ਵੇਚੇ ਜਾਂਦੇ। ਮੈ ਸਾਫ਼ ਨਾਂਹ ਕਰ ਦਿੱਤੀ।

ਢੇਰ ਚਿਰ ਪਿੱਛੋਂ ਸਾਡੇ ਦਿਨ ਪੁੱਠੇ ਹੋ ਚੁੱਕੇ ਸਨ। ਪਿਤਾ ਜੀ ਅਸਾਮ ਤੋਂ ਬਿਮਾਰ ਹੋ ਕੇ ਆਏ ਸਨ। ਉਹਨਾਂ ਦੀ ਆਖ਼ਰੀ ਚਾਹ ਵਤਨ ਮੁੜਨ ਦੀ ਸੀ। ਅਸਾਂ ਪੰਜਾਬ ਆਉਣ ਦੀ ਤਿਆਰੀ ਕੀਤੀ। ਸਮਾਨ, ਮਕਾਨ ਸਭ ਮਾਤਾ ਜੀ ਨੇ ਵੇਚ ਕੇ ਉਧਾਰ ਮੁਕਾ ਦਿੱਤੇ ਸਨ। ਟੈਕਸੀ ਤਿਆਰ ਸੀ। ਪਿਤਾ ਜੀ ਅੱਧ-ਬੇਹੋਸ਼ੀ ਦੀ ਹਾਲਤ ਵਿੱਚ ਲੰਮੇ ਪਾਏ ਗਏ। ਮੋਤੀ ਲਾਗੇ ਖੜ੍ਹਾ ਸੀ। ਮੈਂ ਉਸ ਨੂੰ ਟੈਕਸੀ ਵਿੱਚ ਬਿਠਾਉਣ ਦਾ ਚਾਹਵਾਨ ਸਾਂ, ਜਦੋਂ ਮਾਤਾ ਜੀ ਨੇ ਡ੍ਰਾਈਵਰ ਨੂੰ ਚੱਲਣ ਦਾ ਹੁਕਮ ਦੇ ਦਿੱਤਾ। ਮੋਤੀ ਦੇ ਹੱਕ ਵਿੱਚ ਅੱਖਾਂ ਰਾਹੀਂ ਕੀਤੀ ਅਪੀਲ ਘੂਰੀ ਨਾਲ਼ ਨਾਮਨਜ਼ੂਰ ਹੋਈ । ਕਲਕੱਤੇ ਦੇ ਗਹਿਮਾ-ਗਹਿਮ ਬਜ਼ਾਰਾਂ ਵਿੱਚ ਮੋਤੀ ਮੋਟਰ ਨਾਲ਼ ਦੌੜ ਲਾ ਰਿਹਾ ਸੀ। ਹੈਰੀਸਨ ਰੋਡ ਉੱਤੇ ਆ ਕੇ ਮੋਟਰ ਨੇ ਚਾਲ ਫੜੀ ਤੇ ਮੋਤੀ ਉਸ ਦਾ ਪਿੱਛਾ ਨਾ ਕਰ ਸਕਿਆ। ਸੂਰਦਾਸ ਦਾ ਇਹ ਭਜਨ ਕਿ-"ਕਦਮ ਬੜ੍ਹੇ ਆਗੇ, ਮਨ ਪਾਛੇ ਭਾਗੇ।" ਸੁਣ ਕੇ ਹੁਣ ਵੀ ਮੈਨੂੰ ਆਪਣੀ ਉਸ ਵੇਲ਼ੇ ਦੀ ਹਾਲਤ ਚੇਤੇ ਆ ਜਾਂਦੀ ਹੈ।

ਗੱਡੀ ਵਿੱਚ ਸੀਟਾਂ ਬੁੱਕ ਸਨ। ਅਸੀਂ ਆਪਣੇ ਡੱਬੇ ਵਿੱਚ ਬੈਠ ਗਏ। ਪੰਦ੍ਰਾਂ-ਵੀਹਾਂ ਮਿੰਟਾਂ ਬਾਅਦ ਜਦਕਿ ਗੱਡੀ ਚੀਕ ਮਾਰ ਕੇ ਤੁਰ ਚੁੱਕੀ ਸੀ, ਮੋਤੀ ਸ਼ੁਦਾਈਆਂ ਵਾਂਗ ਕਿਸੇ ਗੁਆਚੇ ਨੂੰ ਲੱਭਦਾ ਪਲੇਟਫ਼ਾਰਮ 'ਤੇ ਦਾਖ਼ਲ ਹੋਇਆ। ਮੇਰੇ ਕੋਲ਼ੋਂ ਰਿਹਾ ਨਾ ਗਿਆ। ਮੈਂ ਅਵਾਜ਼ ਦਿੱਤੀ। ਅੰਨ੍ਹੇਵਾਹ ਨੱਠਦਾ ਮੋਤੀ ਡੱਬੇ ਨਾਲ਼ ਆਣ ਮਿਲ਼ਿਆ। ਪਲੇਟਫ਼ਾਰਮ ਲੰਘ ਚੁੱਕਾ ਸੀ। ਦੌੜ ਲਾਈਨਾਂ ਵਿੱਚ ਸ਼ੁਰੂ ਸੀ। ਮੋਤੀ ਹਲ਼ਕਾਏ ਕੁੱਤੇ ਵਾਂਗ ਝੱਗ ਸੁੱਟ ਰਿਹਾ ਸੀ। ਉਹ ਝਈਆਂ ਲੈਂਦਾ ਸੀ। ਮਲੂਮ ਹੁੰਦਾ ਸੀ ਕਿ ਉਹ ਇੱਕ ਚੱਕ ਭਰ ਕੇ ਗੱਡੀ ਖੜ੍ਹੀ ਕਰ ਲਵੇਗਾ। ਪਰ ਬੇਰਹਿਮ, ਬੇਦਿਲ

ਇੰਜਣ ਤੇਜ਼ ਹੋ ਰਿਹਾ ਸੀ। ਮਾਤਾ ਜੀ ਦੀਆਂ ਅੱਖਾਂ ਵਿੱਚੋਂ ਅੱਥਰੂ ਵਗ ਰਹੇ ਸਨ। ਪਤਾ ਨਹੀਂ ਕਿਉਂ, ਮਾਤਾ ਜੀ ਜ਼ੰਜੀਰ ਖਿੱਚ ਕੇ ਗੱਡੀ ਖੜ੍ਹੀ ਨਹੀਂ ਸਨ ਕਰਦੇ? ਸ਼ਾਇਦ ਮਾਤਾ ਜੀ ਨੂੰ ਵਹਿਮ ਹੋ ਚੁੱਕਾ ਸੀ ਕਿ ਪਿਤਾ ਜੀ ਦੀ ਬਿਮਾਰੀ ਦਾ ਕਾਰਨ ਉਹੋ ਹੈ। ਮੋਤੀ ਅੱਜ ਦੌੜ ਵਿੱਚ ਹਾਰ ਖਾ ਰਿਹਾ ਸੀ। ਮੈਂ ਜਦੋਂ ਤੱਕ ਉਹ ਮਾੜਾ ਜਿਹਾ ਨੁਕਤਾ ਹੋ ਕੇ ਦਿਸਣੋਂ ਨਾ ਹਟ ਗਿਆ, ਉਸ ਨੂੰ ਵੇਖਦਾ ਰਿਹਾ। ਛਾਲ਼ ਮਾਰਨ ਨੂੰ ਜੀਅ ਨਹੀਂ ਸੀ ਕਰਦਾ। ਪਿਤਾ ਜੀ ਹੋਸ਼ ਵਿੱਚ ਹੁੰਦੇ ਤਾਂ ਜ਼ਰੂਰ ਉਸ ਨੂੰ ਫੜ ਲਿਆਉਂਦੇ।

ਮਗਰੋਂ ਸਾਨੂੰ ਗੁਆਂਢੀਆਂ ਦੀ ਚਿੱਠੀ ਆਈ ਕਿ ਲਗਾਤਾਰ ਇੱਕ ਮਹੀਨਾ ਮੋਤੀ ਸਾਡੇ ਵੇਚੇ ਹੋਏ ਮਕਾਨ ਅੱਗੇ ਬੈਠਾ ਰਿਹਾ ਸੀ। ਦਿਨ-ਰਾਤ ਵਿੱਚ ਇੱਕ ਘੰਟਾ ਉਹ ਗ਼ਾਇਬ ਰਹਿੰਦਾ ਸੀ। ਕੀ ਪਤਾ ਆਪਣੇ ਮਿੱਤਰ ਨੂੰ ਸਟੇਸ਼ਨ 'ਤੇ ਦੇਖਣ ਜਾਂਦਾ ਹੋਵੇ। ਇੱਕ ਦਿਨ ਰਾਤੀਂ ਉਹ ਬੜਾ ਰੋਇਆ। ਖ਼ਬਰੇ, ਉਹੋ ਰਾਤ ਮੇਰੇ ਪਿਤਾ ਜੀ ਦੇ ਸੰਸਾਰ ਤਿਆਗਣ ਦੀ ਰਾਤ ਸੀ ਤੇ ਫੇਰ ਉਸ ਨੂੰ ਕਿਸੇ ਨਹੀਂ ਸੀ ਦੇਖਿਆ। ਹੁਣ ਵੀ ਮੋਤੀ ਦਾ ਖ਼ਿਆਲ ਮੈਨੂੰ ਬੰਗਾਲ ਵੱਲ ਖਿੱਚਦਾ ਰਹਿੰਦਾ ਹੈ।

## ਪਾਠ-ਅਭਿਆਸ

**ਦੱਸੋ:-**

(1) (ੳ) ਇਸ ਕਹਾਣੀ ਵਿਚਲੇ ਲੜਕੇ ਨੂੰ ਮੋਤੀ ਕਿੱਥੋਂ ਤੇ ਕਿਵੇਂ ਮਿਲ਼ਿਆ?

(ਅ) ਮੋਤੀ ਹੈਰਾਨ ਕਿਉਂ ਸੀ?

(ੲ) ਮੋਤੀ ਕਾਰਨ ਲੜਕੇ ਨਾਲ਼ ਸਕੂਲ ਵਿੱਚ ਕਿਹੜੀ ਘਟਨਾ ਵਾਪਰੀ?

(ਸ) ਮੋਤੀ ਵਿੱਚ ਕਿਹੜੇ-ਕਿਹੜੇ ਗੁਣ ਸਨ?

(ਹ) ਲੜਕੇ ਨੂੰ ਮੇਮ ਵੱਲੋਂ ਕਿਹੜੀਆਂ ਚੀਜ਼ਾਂ ਦੇ ਗੱਫੇ ਮਿਲ਼ਦੇ ਸਨ ਤੇ ਕਿਉਂ?

(ਕ) ਮੇਮ ਦੀਆਂ ਕਿਆਰੀਆਂ ਵਿੱਚ ਕਿਹੜੇ-ਕਿਹੜੇ ਫੁੱਲ ਖਿੜੇ ਹੋਏ ਸਨ?

(ਖ) ਦੱਸੋ ਮੋਤੀ ਦਾ ਸੁਭਾਅ ਕਿਹੋ-ਜਿਹਾ ਸੀ?

(2) **ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਕਾਊਚ | : | ਸੋਫ਼ਾ |
| ਬੂਥੀ | : | ਮੂੰਹ, ਚਿਹਰਾ |
| ਅਰਜ਼ੋਈ | : | ਬੇਨਤੀ |
| ਤ੍ਰਭਕੇ | : | ਡਰ ਕੇ, ਘਬਰਾ ਕੇ |
| ਵਾਕਫ਼ | : | ਜਾਣਕਾਰ |
| ਮਨਜ਼ੂਰ | : | ਪ੍ਰਵਾਨ ਕਰਨਾ, ਮੰਨਣਾ |
| ਅਫ਼ਸੋਸਿਆ | : | ਚਿੰਤਾਤਰ, ਜਿਸ ਨੂੰ ਪਛਤਾਵਾ ਲੱਗਿਆ ਹੋਵੇ। |

| | | |
|---|---|---|
| ਆਪਣੇ ਵੰਡੇ ਦਾ | : | ਆਪਣੇ ਹਿੱਸੇ ਦਾ |
| ਕਰੁੰਡੀਆ | : | ਸੱਪ ਦੀ ਇੱਕ ਕਿਸਮ |
| ਰੂਲ | : | ਡੰਡਾ |

**(3) ਕਿਸ ਨੇ ਕਿਸ ਨੂੰ ਕਿਹਾ:**

| | | ਕਿਸ ਨੇ | ਕਿਸ ਨੂੰ ਕਿਹਾ |
|---|---|---|---|
| (ੳ) | 'ਤੁਸੀਂ ਫੇਰ ਪੁਰਾਣੀਆਂ ਬਿਮਾਰੀਆਂ ਖ਼ਰੀਦਣ ਲੱਗ ਪਏ ਹੋ ਨਾ ਜੀ!" | ________ | ________ |
| (ਅ) | "ਇਹ ਕੁੱਤਾ ਮੇਰਾ ਹੀ ਹੈ।" | ________ | ________ |

## ਵਿਆਕਰਨ

ਅਸੀਂ ਵੇਖਦੇ ਹਾਂ ਕਿ ਇਸ ਪਾਠ ਵਿੱਚ ਕਈ ਪੈਰੇ ਹਨ। ਪੈਰੇ ਵਾਕਾਂ ਤੋਂ ਬਣੇ ਹਨ ਅਤੇ ਹਰੇਕ ਵਾਕ ਵੱਖ-ਵੱਖ ਸ਼ਬਦਾਂ ਤੋਂ ਬਣਿਆ ਹੋਇਆ ਹੈ। ਵਿਆਕਰਨ ਅਨੁਸਾਰ ਪ੍ਰਯੋਗ ਪੱਖੋਂ ਸ਼ਬਦ ਅੱਡ-ਅੱਡ ਪ੍ਰਕਾਰ ਦੇ ਹੁੰਦੇ ਹਨ:-

ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਤੇ ਵਿਸਮਕ।

ਨਾਂਵ:- ਜਿਸ ਸ਼ਬਦ ਰਾਹੀਂ ਕਿਸੇ ਵਸਤੂ, ਵਿਅਕਤੀ, ਥਾਂ, ਭਾਵ ਆਦਿ ਦਾ ਬੋਧ ਹੋਵੇ, ਉਸ ਨੂੰ ਨਾਂਵ ਕਿਹਾ ਜਾਂਦਾ ਹੈ, ਜਿਵੇਂ: ਮੋਤੀ, ਮਿੱਤਰ, ਕੰਨ, ਪਰਸ਼ੋਤਮ, ਅਫ਼ਸੋਸ, ਪੰਜਾਬੀ ਆਦਿ।

**ਨਾਂਵ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ:-**

1. ਆਮ ਨਾਂਵ ਜਾਂ ਜਾਤੀਵਾਚਕ ਨਾਂਵ:- ਕੁੱਤਾ, ਦੋਸਤ, ਸੰਗੀ, ਹੱਥ, ਕੌਡੀ, ਖਿਡੌਣਾ।
2. ਖ਼ਾਸ ਨਾਂਵ ਜਾਂ ਨਿੱਜਵਾਚਕ ਨਾਂਵ:- ਬੰਗਾਲੀ, ਮੋਤੀ, ਹਿੰਦੀ, ਹੁਗਲੀ, ਅਸਾਮ, ਕਲਕੱਤਾ, ਸੁਜਾਨ ਸਿੰਘ।
3. ਇੱਕਠਵਾਚਕ ਨਾਂਵ:- ਜਮਾਤ, ਗੁੱਛਾ, ਸੈਨਾ, ਪਲਟਨ, ਇੱਜੜ, ਫ਼ੌਜ।
4. ਵਸਤੂਵਾਚਕ ਨਾਂਵ:- ਦੁੱਧ, ਪਾਣੀ, ਲੱਕੜ, ਲੋਹਾ, ਮਿੱਟੀ।
5. ਭਾਵਵਾਚਕ ਨਾਂਵ:-ਉਦਾਸੀ, ਮਿਠਾਸ, ਪਿਆਰ, ਖ਼ੁਸ਼ੀ, ਗ਼ੁੱਸਾ।

* ਇਸ ਪਾਠ-ਪੁਸਤਕ ਦੇ ਅਗਲੇ ਪਾਠਾਂ 'ਚ ਬਾਕੀ ਸੱਤ ਸ਼ਬਦ-ਰੂਪਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ।

> ਅਧਿਆਪਕ ਵਿਦਿਆਰਥੀਆਂ ਨੂੰ ਕੁੱਤੇ ਦੀ ਵਫ਼ਾਦਾਰੀ ਅਤੇ ਹੋਰ ਗੁਣਾਂ ਬਾਰੇ ਵਿਚਾਰ ਸਾਂਝੇ ਕਰਨ ਲਈ ਪ੍ਰੇਰਿਤ ਕਰੇ।

ਪਾਠ-3

# ਪੰਜਾਬ ਦੀ ਲੋਕ-ਗਾਇਕਾ : ਸੁਰਿੰਦਰ ਕੌਰ



ਕਲਾਕਾਰ ਕਿਸੇ ਵੀ ਕੌਮ ਦਾ ਅਮੁੱਲ ਸਰਮਾਇਆ ਹੁੰਦੇ ਹਨ। ਸੁਰਿੰਦਰ ਕੌਰ ਪੰਜਾਬ ਦੀ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕਰਨ ਵਾਲ਼ੀ ਪੰਜਾਬੀ ਗਾਇਕਾ ਸੀ। ਉਹ ਆਪਣੀ ਸੁਰੀਲੀ ਅਵਾਜ਼ ਸਦਕਾ ਪੰਜਾਬੀਆਂ ਦੇ ਦਿਲਾਂ 'ਤੇ ਛਾਈ ਰਹੀ। ਭਾਵੇਂ ਸੁਰਿੰਦਰ ਕੌਰ, ਪ੍ਰਕਾਸ਼ ਕੌਰ ਅਤੇ ਨਰਿੰਦਰ ਕੌਰ ਤਿੰਨਾਂ ਭੈਣਾਂ ਨੇ ਹੀ ਪੰਜਾਬੀ ਗਾਇਕੀ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਪਰ ਜੋ ਸ਼ੁਹਰਤ ਤੇ ਮਾਣ ਸੁਰਿੰਦਰ ਕੌਰ ਨੂੰ ਹਾਸਲ ਹੋਇਆ, ਉਹ ਬੇਮਿਸਾਲ ਹੈ।

ਸੁਰਿੰਦਰ ਕੌਰ ਦਾ ਜਨਮ 25 ਨਵੰਬਰ, 1929 ਈਸਵੀ ਨੂੰ ਦੀਵਾਨ ਬਿਸ਼ਨ ਸਿੰਘ ਦੇ ਘਰ ਮਾਂ ਮਾਇਆ ਦੇਵੀ ਦੀ ਕੁੱਖੋਂ ਲਾਹੌਰ ਵਿਖੇ ਹੋਇਆ। ਉਸ ਨੂੰ ਬਚਪਨ ਤੋਂ ਹੀ ਲੋਕ-ਸੰਗੀਤ ਤੇ ਸ਼ਾਸਤਰੀ-ਸੰਗੀਤ ਦੋਂਹਾਂ ਨਾਲ਼ ਲਗਾਅ ਸੀ। ਸੁਰਿੰਦਰ ਕੌਰ ਆਪ ਵੀ ਇਸ ਗੱਲ ਨੂੰ ਮੰਨਦੀ ਸੀ। ਸੰਗੀਤ ਦੇ ਖੇਤਰ ਵਿੱਚ ਉਸ ਦੇ ਬਹੁਤ ਉਸਤਾਦ ਸਨ। ਸੁਰਿੰਦਰ ਕੌਰ ਨੇ ਬੜੇ ਗ਼ੁਲਾਮ ਅਲੀ ਖ਼ਾਨ ਦੇ ਭਾਣਜੇ ਅਨਾਇਤ ਹੁਸੈਨ ਤੋਂ ਸਾਸਤਰੀ-ਸੰਗੀਤ ਦੀ ਸਿੱਖਿਆ ਲਈ। ਪਟਿਆਲ਼ੇ ਘਰਾਣੇ ਦੇ ਸੰਗੀਤ -ਸ਼ਾਸਤਰੀ ਉਸਤਾਦਾਂ ਤੋਂ ਸ਼ਾਸਤਰੀ-ਸੰਗੀਤ, ਗ਼ਜ਼ਲ ਅਤੇ ਠੁਮਰੀ ਦੀ ਸਿੱਖਿਆ ਗ੍ਰਹਿਣ ਕੀਤੀ। ਕਾਫ਼ੀਆਂ ਗਾਉਣ ਦਾ ਹੁਨਰ ਕੁੰਦਨ ਲਾਲ ਸ਼ਰਮਾ ਤੋਂ ਸਿੱਖਿਆ। ਉਸ ਨੂੰ ਸਿੱਖਿਆ ਦੀ ਏਨੀ ਪ੍ਰਬਲ ਇੱਛਾ ਸੀ ਕਿ ਜਿੱਥੋਂ ਵੀ ਕਿਧਰੇ ਸਿੱਖਣ ਦਾ ਮੌਕਾ ਮਿਲ਼ਿਆ, ਉਸ ਨੂੰ ਹੱਥੋਂ ਨਹੀਂ ਗੁਆਇਆ।

ਸੁਰਿੰਦਰ ਕੌਰ ਨੂੰ 12-13 ਸਾਲ ਦੀ ਉਮਰ ਵਿੱਚ ਹੀ ਲਾਹੌਰ ਰੇਡੀਓ ਸਟੇਸ਼ਨ 'ਤੇ ਬੱਚਿਆਂ ਦੇ ਪ੍ਰੋਗ੍ਰਾਮ ਵਿੱਚ ਹਿੱਸਾ ਲੈਣ ਦਾ ਮੌਕਾ ਮਿਲ਼ਿਆ। ਉੱਥੇ ਉਸ ਨੇ ਪਹਿਲਾ ਗੀਤ ਗਾਇਆ। ਉਸ ਦੀ ਅਵਾਜ਼ ਤੋਂ ਪ੍ਰਭਾਵਿਤ ਹੋ ਕੇ ਪ੍ਰਬੰਧਕਾਂ ਨੇ ਸੁਰਿੰਦਰ ਕੌਰ ਨੂੰ ਰੇਡੀਓ-ਸਟੇਸ਼ਨ ਤੋਂ ਅਕਸਰ ਗਵਾਉਣਾ ਸ਼ੁਰੂ ਕਰ ਦਿੱਤਾ। ਛੇਤੀ ਹੀ ਉਸ ਦੀ ਪ੍ਰਸਿੱਧੀ ਏਨੀ ਵਧ ਗਈ ਕਿ 'ਹਿਜ਼ ਮਾਸਟਰਜ਼ ਵਾਇਸ' ਕੰਪਨੀ ਵਾਲ਼ਿਆਂ ਨੇ ਤੇ ਫ਼ਿਲਮ-ਇੰਡਸਟਰੀ ਵਾਲ਼ਿਆਂ ਨੇ ਉਸ ਨੂੰ ਗਾਉਣ ਲਈ ਬੁਲਾਇਆ। ਨਵੰਬਰ, 1943 ਈਸਵੀ ਵਿੱਚ ਉਸ ਦਾ ਪਹਿਲਾ ਗੀਤ 'ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਂਏਂ' ਰਿਕਾਰਡ ਹੋਇਆ।

ਸੁਰਿੰਦਰ ਕੌਰ ਦਾ ਵਿਆਹ ਸ. ਜੁਗਿੰਦਰ ਸਿੰਘ ਸੋਢੀ ਨਾਲ਼ 1948 ਈਸਵੀ ਵਿੱਚ ਹੋਇਆ। ਉਸ ਨੇ ਕੁਝ ਸਮਾਂ ਮੁੰਬਈ ਰਹਿ ਕੇ ਫ਼ਿਲਮਾਂ ਲਈ ਗੀਤ ਵੀ ਗਾਏ। ਪਰ ਉਹ ਮੁੰਬਈ ਬਹੁਤਾ ਸਮਾਂ ਨਾ ਰਹਿ ਸਕੀ। 1951 ਈਸਵੀ ਵਿੱਚ ਪਰਿਵਾਰ ਸਮੇਤ ਦਿੱਲੀ ਆ ਗਈ। ਉਸ ਸਮੇਂ ਉਸ ਕੋਲ਼ ਆਪਣੀ ਮਿੱਠੀ ਅਵਾਜ਼ ਅਰਥਾਤ ਸੁਰੀਲੇ ਗਲ਼ੇ ਤੋਂ ਬਿਨਾਂ ਕੁਝ ਵੀ ਨਹੀਂ ਸੀ। ਉਸ ਨੂੰ ਮਹਿਸੂਸ ਹੁੰਦਾ ਸੀ ਕਿ ਉਸ ਦੇ ਗਲ਼ੇ ਵਿੱਚ ਰੱਬ ਵੱਸਦਾ ਹੈ ਤੇ ਸੰਗੀਤ ਤੋਂ ਉਸ ਨੂੰ ਇਲਾਹੀ ਸਰੂਰ ਮਿਲ਼ਦਾ ਹੈ ਤੇ ਦੁੱਖ-ਸੁੱਖ ਵਿੱਚ ਸੰਗੀਤ ਹੀ ਉਸ ਦਾ ਸਾਥੀ ਹੈ। ਉਹ ਆਪਣੀ ਗਾਇਕੀ ਬਾਰੇ ਦੱਸਦੀ ਹੈ—"ਗਾਉਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਮੈਂ ਤਾਂ ਏਨਾ ਕਹਾਂਗੀ ਕਿ ਇਹ ਸ਼ੌਕ ਮੈਨੂੰ ਰੱਬ ਨੇ ਹੀ ਲਾਇਆ ਹੈ। ਰੱਬ ਦੀ ਹੀ ਅਪਾਰ ਕਿਰਪਾ ਨਾਲ਼ ਇਹ ਸ਼ੌਕ ਪੂਰਾ ਹੋਇਆ ਅਤੇ ਹੁੰਦਾ ਰਹੇਗਾ............।" ਇਸ ਵਿੱਚ ਕੋਈ ਝੂਠ ਨਹੀਂ ਕਿ ਇਸ ਸ਼ੌਕ ਨੂੰ ਉਸ ਨੇ ਆਪਣੀ ਉਮਰ ਦੇ ਸੱਤ ਦਹਾਕੇ ਨਿਭਾਇਆ।

ਸੁਰਿੰਦਰ ਕੌਰ ਨੇ ਵਧੇਰੇ ਕਰਕੇ ਲੋਕ-ਗੀਤ ਗਾਏ। ਉਂਞ ਗ਼ਜ਼ਲਾਂ ਤੇ ਸਾਹਿਤਿਕ ਗੀਤ ਵੀ ਗਾਏ। ਉਸ ਦੇ ਗਾਏ ਗੀਤ ਪਿੰਡ-ਪਿੰਡ, ਸ਼ਹਿਰ-ਸ਼ਹਿਰ, ਦੇਸ-ਪਰਦੇਸ ਹਰ ਥਾਂ 'ਤੇ ਪਹੁੰਚ ਗਏ। ਜਿੱਥੇ ਵੀ ਪੰਜਾਬੀ ਵੱਸਦੇ ਹਨ, ਉੱਥੇ ਹਰ ਘਰ ਵਿੱਚ ਸੁਰਿੰਦਰ ਕੌਰ ਦੀ ਅਵਾਜ਼ ਸੁਣਾਈ ਦਿੰਦੀ ਹੈ। ਹਰ ਘਰ ਵਿੱਚ ਵਿਆਹ-ਸ਼ਾਦੀ ਦਾ ਪ੍ਰੋਗ੍ਰਾਮ ਉਦੋਂ ਤੱਕ ਪੂਰਾ ਨਹੀਂ ਹੁੰਦਾ ਜਦੋਂ ਤੱਕ 'ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏਂ' ਜਾਂ 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' ਵਰਗੇ ਗੀਤ ਨਾ ਗਾਏ ਜਾਣ।

ਸੁਰਿੰਦਰ ਕੌਰ ਦੇ ਗਾਏ ਗੀਤ ਬਹੁਤ ਹਨ ਪਰ ਉਹਨਾਂ ਵਿੱਚੋਂ ਵਧੇਰੇ ਹਰਮਨ-ਪਿਆਰੇ ਗੀਤਾਂ ਦੇ ਬੋਲ ਇਹ ਹਨ :

'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ,
ਕੰਡਾ ਚੁਭਾ ਤੇਰੇ ਪੈਰ, ਬਾਂਕੀਏ ਨਾਰੇ ਨੀ।'

'ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏਂ।'
'ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ,
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।'

'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ।'

'ਸਾਡਾ ਚਿੜੀਆਂ ਦਾ ਚੰਬਾ' ਵਾਲ਼ਾ ਗੀਤ, ਤਿੰਨੇ ਭੈਣਾਂ: ਪ੍ਰਕਾਸ਼ ਕੌਰ, ਸੁਰਿੰਦਰ ਕੌਰ ਅਤੇ ਨਰਿੰਦਰ ਕੌਰ ਨੇ ਗਾਇਆ ਅਤੇ ਫਿਰ ਇਹੀ ਗੀਤ ਤਿੰਨ ਪੀੜ੍ਹੀਆਂ-ਸੁਰਿੰਦਰ ਕੌਰ,ਉਸ ਦੀ ਧੀ ਡੌਲੀ ਗੁਲੇਰੀਆ ਅਤੇ ਦੋਹਤੀ ਸੁਨੈਨਾ ਨੇ ਵੀ ਗਾਇਆ। ਪ੍ਰਕਾਸ਼ ਕੌਰ ਤੇ ਸੁਰਿੰਦਰ ਕੌਰ ਦਾ ਗੀਤ 'ਸੜਕੇ-ਸੜਕੇ ਜਾਂਦੀਏ ਮੁਟਿਆਰੇ ਨੀ' ਬਹੁਤ ਮਸ਼ਹੂਰ ਹੋਇਆ।

ਸੁਰਿੰਦਰ ਕੌਰ ਦੇ ਗਾਏ ਗੀਤ ਪੰਜਾਬੀ ਸੱਭਿਆਚਾਰ ਦੀ ਮੂੰਹ-ਬੋਲਦੀ ਤਸਵੀਰ ਹਨ। ਇਹ ਪੰਜਾਬੀ-ਸੱਭਿਆਚਾਰ ਦਾ ਹਿੱਸਾ ਹੀ ਬਣ ਗਏ ਹਨ। ਵੱਡੀ ਗੱਲ, ਉਸ ਦੀ ਗਾਇਕੀ ਸਾਫ਼-ਸੁਥਰੀ ਹੈ। ਉਸ ਨੇ ਹਰ ਗੀਤ ਨੂੰ ਰੂਹ ਨਾਲ਼ ਗਾਇਆ। ਭਾਵੇਂ ਉਸ ਨੇ ਸੁਹਾਗ ਗਾਏ, ਘੋੜੀਆਂ ਗਾਈਆਂ, ਮਾਨਵੀ ਹਾਵਾਂ-ਭਾਵਾਂ ਦੀ ਤਰਜਮਾਨੀ ਕਰਦੇ ਲੋਕ ਗੀਤ ਗਾਏ ਜਾਂ ਸਾਹਿਤਿਕ ਗੀਤ ਗਾਏ; ਉਸ ਦੀ ਗਾਇਕੀ ਦਾ ਇੱਕ ਵੱਖਰਾ ਹੀ ਰੰਗ ਹੈ। ਉਸ ਦੇ ਸਿਰਕੱਢ ਗਾਇਕਾ ਬਣਨ ਵਿੱਚ ਉਸ ਦੇ ਪਤੀ ਸ. ਜੁਗਿੰਦਰ ਸਿੰਘ ਦਾ ਵੀ ਭਰਪੂਰ ਯੋਗਦਾਨ ਰਿਹਾ ਹੈ। ਉਹ ਵਧੀਆ ਕਵਿਤਾਵਾਂ ਲੱਭ ਕੇ ਲਿਆਉਂਦੇ ਤੇ ਫਿਰ ਉਹਨਾਂ ਬੋਲਾਂ ਨੂੰ ਸੰਗੀਤ ਦੀਆਂ ਧੁਨਾਂ 'ਤੇ ਗਾਉਣ ਲਈ ਉਸ ਨੂੰ ਉਤਸ਼ਾਹਿਤ ਕਰਦੇ। ਰੋਜ਼ਾਨਾ ਰਿਆਜ਼ ਕਰਨ ਲਈ ਆਖਦੇ। ਸੁਰਿੰਦਰ ਕੌਰ ਨੇ ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਦੇ ਗੀਤਾਂ ਨੂੰ ਆਪਣੀ ਸੁਰੀਲੀ ਅਵਾਜ਼ ਦਿੱਤੀ। ਸ਼ਿਵ ਦਾ ਗੀਤ 'ਲੰਘ ਆ ਜਾ, ਪੱਤਣ ਝਨਾਂ ਦਾ' ਇਸ ਢੰਗ ਨਾਲ਼ ਗਾਇਆ ਕਿ ਇਹ ਗੀਤ ਹਮੇਸ਼ਾਂ ਲਈ ਲੋਕ-ਮਨਾਂ ਵਿੱਚ ਵੱਸ ਗਿਆ।

ਸੁਰਿੰਦਰ ਕੌਰ ਦੀ ਅਵਾਜ਼ ਸ੍ਰੋਤਿਆਂ ਤੇ ਦਰਸ਼ਕਾਂ ਨੂੰ ਘੰਟਿਆਂਬੱਧੀ ਕੀਲ ਕੇ ਬਿਠਾ ਸਕਣ ਦੀ ਸਮਰੱਥਾ ਰੱਖਦੀ ਸੀ। ਇਹ ਗੁਣ ਇੱਕ ਦਿਨ ਵਿੱਚ ਪੈਦਾ ਨਹੀਂ ਹੋਇਆ। ਇਸ ਦੇ ਪਿੱਛੇ ਉਸ ਦਾ ਵਰ੍ਹਿਆਂ ਦਾ ਰਿਆਜ਼ ਕੰਮ ਕਰਦਾ ਸੀ। ਸੁਰਿੰਦਰ ਕੌਰ ਦਾ ਹੱਥਾਂ ਵਿੱਚ ਘੁੰਗਰੂ ਫੜ ਕੇ ਤਾਲ ਦੇਣ ਦਾ ਅੰਦਾਜ਼ ਤੇ ਉੱਚੀ ਹੇਕ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ। ਉਹ ਸਧਾਰਨ ਲੋਕ-ਸਾਜ਼ਾਂ ਦੀ ਵਰਤੋਂ ਕਰਦੀ ਸੀ।

ਸੁਰਿੰਦਰ ਕੌਰ ਨੇ ਪੰਜਾਬ ਵਿੱਚ ਹੀ ਨਹੀਂ ਗਾਇਆ ਸਗੋਂ ਉਹ ਵੱਖ-ਵੱਖ ਸਮੇਂ ਭਾਰਤ ਦੇ ਮਹਾਂਨਗਰਾਂ -ਮੁੰਬਈ ਕਲਕੱਤਾ (ਕੋਲਕਾਤਾ) ਪੂਨਾ, ਮਦਰਾਸ (ਚੇਨੱਈ), ਬੰਗਲੌਰ (ਬੈਂਗਲੁਰੂ) ਪਟਨਾ, ਦਿੱਲੀ ਹਰ ਥਾਂ ਸੱਭਿਆਚਾਰਿਕ ਪ੍ਰੋਗ੍ਰਾਮਾਂ ਵਿੱਚ ਜਾਂਦੀ ਸੀ। ਉਸ ਨੇ ਹਿੰਦੁਸਤਾਨ ਤੋਂ ਬਾਹਰ ਵੀ ਅਨੇਕਾਂ ਮੁਲਕਾਂ ਦਾ ਦੌਰਾ ਕੀਤਾ। ਉਸ ਨੇ ਚੀਨ, ਰੂਸ, ਇੰਗਲੈਂਡ, ਕਨੇਡਾ, ਅਮਰੀਕਾ, ਅਫ਼ਰੀਕਾ ਆਦਿ ਹਰ ਦੇਸ ਵਿੱਚ ਜਾ ਕੇ ਆਪਣੇ ਗੀਤ ਗਾਏ ਤੇ ਪੰਜਾਬੀ ਗਾਇਕੀ ਦੀ ਪੇਸ਼ਕਾਰੀ ਕੀਤੀ। ਆਪਣੀ ਗਾਇਕੀ ਰਾਹੀਂ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਵਾਲ਼ੀ ਇਹ ਗਾਇਕਾ ਪੰਜਾਬੀ ਜਗਤ ਨੂੰ ਸੰਨ 2006 ਈਸਵੀ ਵਿੱਚ ਸਦੀਵੀ ਵਿਛੋੜਾ ਦੇ ਗਈ। ਉਸ ਦੀਆਂ ਤਿੰਨ ਧੀਆਂ: ਡੌਲੀ ਗੁਲੇਰੀਆ, ਨੰਦਨੀ ਤੇ ਪ੍ਰਮੋਦਨੀ ਹਨ। ਡੌਲੀ ਗੁਲੇਰੀਆ ਨੂੰ ਗਾਉਣ ਦੀ ਦਾਤ ਵਿਰਸੇ ਵਿੱਚ ਮਿਲ਼ੀ ਹੈ ਤੇ ਡੌਲੀ ਦੀ ਧੀ ਸੁਨੈਨਾ ਵੀ ਕਦੇ-ਕਦੇ ਗਾ ਲੈਂਦੀ ਹੈ ਪਰ ਸੁਰਿੰਦਰ ਕੌਰ ਆਪਣੀ ਮਿਸਾਲ ਆਪ ਸੀ। ਉਹ ਪੰਜਾਬੀ ਗਾਇਕੀ ਨੂੰ ਸਮਰਪਿਤ ਹੋ ਕੇ ਸੰਗੀਤ ਦੀ ਦੁਨੀਆ ਵਿੱਚ ਅਮਰ ਹੋ ਗਈ।

## ਪਾਠ-ਅਭਿਆਸ

**1. ਦੱਸੋ :**

(ੳ) ਸੁਰਿੰਦਰ ਕੌਰ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ?

(ਅ) ਸੁਰਿੰਦਰ ਕੌਰ ਨੇ ਕਿਹੜੇ-ਕਿਹੜੇ ਉਸਤਾਦਾਂ ਤੋਂ ਗਾਇਕੀ ਦੀ ਸਿੱਖਿਆ ਹਾਸਲ ਕੀਤੀ ?

(ੲ) ਛੋਟੀ ਉਮਰ ਵਿੱਚ ਹੀ ਸੁਰਿੰਦਰ ਕੌਰ ਦੀ ਪ੍ਰਸਿੱਧੀ ਵਧੀ, ਦੱਸੋ ਕਿਵੇਂ ?

(ਸ) ਸੁਰਿੰਦਰ ਕੌਰ ਨੇ ਆਪਣੀ ਗਾਇਕੀ ਬਾਰੇ ਆਪ ਕੀ ਦੱਸਿਆ ?

(ਹ) ਸੁਰਿੰਦਰ ਕੌਰ ਦੇ ਗਾਏ ਗੀਤਾਂ ਵਿੱਚੋਂ ਕਿਹੜੇ-ਕਿਹੜੇ ਗੀਤ ਵੱਧ ਹਰਮਨ-ਪਿਆਰੇ ਹੋਏ ?

(ਙ) 'ਸਾਡਾ ਚਿੜੀਆਂ ਦਾ ਚੰਬਾ' ਗੀਤ ਸੁਰਿੰਦਰ ਕੌਰ ਦੇ ਪਰਿਵਾਰ ਦੇ ਜੀਆਂ ਵਿੱਚੋਂ ਹੋਰ ਕਿਸ-ਕਿਸ ਨੇ ਗਾਇਆ ?

(ਖ) ਸੁਰਿੰਦਰ ਕੌਰ ਦੇ ਪਤੀ ਨੇ ਉਹਨਾਂ ਦੀ ਗਾਇਕੀ ਵਿੱਚ ਕੀ ਯੋਗਦਾਨ ਪਾਇਆ ?

(ਗ) ਕੀ ਕਾਰਨ ਸੀ ਕਿ ਸੁਰਿੰਦਰ ਕੌਰ ਗੀਤ ਪੇਸ਼ ਕਰਨ ਸਮੇਂ ਆਪਣੇ ਸ੍ਰੋਤਿਆਂ ਨੂੰ ਕੀਲ ਲੈਂਦੀ ਸੀ ?

(ਘ) ਸੁਰਿੰਦਰ ਕੌਰ ਨੇ ਪੰਜਾਬ ਤੋਂ ਇਲਾਵਾ ਹੋਰ ਕਿਹੜੀਆਂ-ਕਿਹੜੀਆਂ ਥਾਂਵਾਂ 'ਤੇ ਗੀਤ ਪੇਸ਼ ਕੀਤੇ ?

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਸੁਰੀਲੀ | : | ਮਿੱਠੀ ਸੁਰ ਵਿੱਚ |
| ਸ਼ੁਹਰਤ | : | ਪ੍ਰਸਿੱਧੀ, ਮਸ਼ਹੂਰੀ |
| ਪ੍ਰਬਲ ਇੱਛਾ | : | ਤੀਬਰ ਇੱਛਾ |
| ਇਲਾਹੀ ਸਰੂਰ | : | ਰੱਬੀ ਮਸਤੀ |
| ਅਪਾਰ ਕਿਰਪਾ | : | ਅਤਿਅੰਤ ਮਿਹਰ |
| ਦਹਾਕਾ | : | ਦਸ ਵਰ੍ਹਿਆਂ ਦਾ ਸਮਾਂ |
| ਉਸਤਾਦ | : | ਸਿੱਖਿਅਕ, ਕੋਈ ਹੁਨਰ ਸਿਖਾਉਣ ਵਾਲ਼ਾ |
| ਰਿਆਜ਼ | : | ਅਭਿਆਸ, ਮੁਹਾਰਤ |
| ਸ੍ਰੋਤੇ | : | ਸੁਣਨ ਵਾਲ਼ੇ |
| ਸਮਰੱਥਾ | : | ਯੋਗਤਾ, ਤਾਕਤ, ਬਲ, ਸ਼ਕਤੀ |
| ਸਮਰਪਿਤ | : | ਅਰਪਣ ਕੀਤਾ ਹੋਇਆ, ਭੇਟਾ ਚੜ੍ਹਿਆ |
| ਭਰਪੂਰ | : | ਭਰਿਆ ਹੋਇਆ, ਪੂਰਨ |

**3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਕਲਾਕਾਰ, ਅੰਤਰਰਾਸ਼ਟਰੀ, ਪ੍ਰਭਾਵਿਤ, ਹਰਮਨ-ਪਿਆਰੇ, ਸਿਰਕੱਢ, ਹਿੰਦੁਸਤਾਨ, ਸੱਭਿਆਚਾਰ, ਸੁਹਾਗ।

**4. ਅਧਿਆਪਕ ਦੀ ਮਦਦ ਨਾਲ਼ ਇਸ ਪਾਠ ਵਿੱਚੋਂ ਪੜਨਾਂਵ-ਸ਼ਬਦਾਂ ਦੀ ਸੂਚੀ ਤਿਆਰ ਕਰੋ।**

**5. ਵਿਆਕਰਨ**

ਕਿਰਿਆ: ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਸਹਿਣਾ ਕਾਲ ਸਹਿਤ ਪਾਇਆ ਜਾਵੇ, ਉਸ ਨੂੰ ਕਿਰਿਆ ਕਿਹਾ ਜਾਂਦਾ ਹੈ, ਜਿਵੇਂ: ਗਾਉਣਾ, ਖਾਣਾ, ਜਾਣਾ, ਹੱਸਣਾ, ਬੋਲਣਾ ਆਦਿ।

**ਕਿਰਿਆ ਦੀ ਪਹਿਲੀ ਕਿਸਮ ਦੀ ਪ੍ਰਕਾਰ-ਵੰਡ:**

1. **ਅਕਰਮਕ ਕਿਰਿਆ:** ਜਿਸ ਵਾਕ ਵਿੱਚ ਕੇਵਲ ਕਰਤਾ ਹੀ ਹੋਵੇ, ਕਰਮ ਨਾ ਹੋਵੇ, ਉਸ ਨੂੰ ਅਕਰਮਕ ਕਿਰਿਆ ਕਿਹਾ ਜਾਂਦਾ ਹੈ।

(ੳ) ਸੁਰਿੰਦਰ ਕੌਰ ਗਾਉਂਦੀ ਸੀ।

(ਅ) ਸ੍ਰੋਤਾ ਸੁਣਦਾ ਹੈ।

(ੲ) ਸੁਨੈਨਾ ਵੀ ਕਦੇ-ਕਦੇ ਗਾਉਂਦੀ ਹੈ।

ਉਪਰੋਕਤ ਵਾਕਾਂ ਵਿੱਚ ਸੁਰਿੰਦਰ ਕੌਰ, ਸ੍ਰੋਤਾ ਅਤੇ ਸੁਨੈਨਾ ਸ਼ਬਦ ਕਰਤਾ ਹਨ ਤੇ ਗਾਉਂਦੀ ਸੀ, ਗਾਇਆ ਸੀ ਤੇ ਗਾਉਂਦੀ ਹੈ, ਅਕਰਮਕ ਕਿਰਿਆਵਾਂ ਹਨ।

ਜਿਹੜੇ ਵਾਕ ਵਿੱਚ ਕਿਰਿਆ ਦਾ ਕਰਤਾ ਤੇ ਕਰਮ ਦੋਵੇਂ ਹੋਣ, ਉਸ ਨੂੰ ਸਕਰਮਕ ਕਿਰਿਆ ਕਿਹਾ ਜਾਂਦਾ ਹੈ, ਉਦਾਹਰਨ:

(ੳ) ਸੁਰਿੰਦਰ ਕੌਰ ਨੇ ਲਾਹੌਰ ਵਿਖੇ ਵੀ ਗਾਇਆ।

(ਅ) ਉਸ ਨੇ ਵਧੇਰੇ ਕਰਕੇ ਲੋਕ-ਗੀਤ ਗਾਏ।

(ੲ) ਮੈਂ ਅਕਸਰ ਰੇਡੀਓ ਸੁਣਦਾ ਹਾਂ।

ਉਪਰੋਕਤ ਵਾਕਾਂ ਵਿੱਚ 'ਸੁਰਿੰਦਰ ਕੌਰ', ਉਸ ਨੇ ਤੇ 'ਮੈਂ' ਸ਼ਬਦ ਕਰਤਾ ਹਨ। 'ਲੋਕ-ਗੀਤ', 'ਰੇਡੀਓ' ਤੇ 'ਲਾਹੌਰ' ਸ਼ਬਦ ਕਰਮ ਹਨ। ਇਸ ਲਈ 'ਗਾਇਆ', 'ਗਾਏ' ਅਤੇ ਸੁਣਦਾ ਹਾਂ ਸ਼ਬਦ ਸਕਰਮਕ ਕਿਰਿਆਵਾਂ ਹਨ।

**ਅਧਿਆਪਕ ਲਈ**

ਵਿਦਿਆਰਥੀਆਂ ਨੂੰ ਅਜੋਕੀ ਪੰਜਾਬੀ ਦੀ ਮਾੜੀ ਦਸ਼ਾ-ਦਿਸ਼ਾ ਤੋਂ ਜਾਣੂ ਕਰਵਾਇਆ ਜਾਵੇ ਅਤੇ ਪੁਰਾਤਨ ਲੋਕ-ਗੀਤਾਂ ਨੂੰ ਸੁਣਨ ਤੇ ਗਾਉਣ ਲਈ ਪ੍ਰੇਰਿਤ ਕੀਤਾ ਜਾਵੇ।

ਪਾਠ-4

# ਘੜੇ ਦਾ ਪਾਣੀ



ਘੜੇ ਦਾ ਪਾਣੀ ਪੀਣ ਲਈ ਸਾਰਿਆਂ ਨੂੰ ਚੰਗਾ ਲੱਗਦਾ ਰਿਹਾ ਹੈ। ਕਿਹੜੀ ਥਾਂ ਸੀ, ਜਿੱਥੇ ਘੜਾ ਨਾ ਹੋਵੇ। ਘੜੇ ਵਾਂਗ ਹੀ ਪੀਣ ਵਾਲ਼ੇ ਪਾਣੀ ਨੂੰ ਸਾਂਭਣ ਲਈ ਮੱਟ, ਘੜੀਆਂ ਅਤੇ ਸੁਰਾਹੀਆਂ ਆਦਿ ਹੁੰਦੇ ਹਨ। ਉਂਞ ਚਾਟੀ, ਝੱਕਰਾ, ਝੱਕਰੀ, ਤੌੜੀ ਵੀ ਘੜੇ ਦੇ ਹੀ ਰੂਪ ਹਨ ਪਰ ਇਹਨਾਂ ਦੀ ਵਰਤੋਂ ਘੜੇ ਨਾਲ਼ੋਂ ਵੱਖਰੀ ਹੁੰਦੀ ਹੈ।

ਘੜੇ ਦਾ ਅਸਲੀ ਮੰਤਵ ਤਾਂ ਪੀਣ ਵਾਲ਼ੇ ਪਾਣੀ ਨੂੰ ਸੰਭਾਲ਼ਨਾ ਹੈ। ਘੜੇ ਨੂੰ ਸਾਜ਼ ਵਜੋਂ ਵੀ ਵਰਤਿਆ ਜਾਂਦਾ ਹੈ। ਉਂਗਲ਼ਾਂ ਵਿੱਚ ਛੱਲੇ ਪਾ ਕੇ ਜਦੋਂ ਕੋਈ ਵਜੰਤਰੀ ਘੜਾ ਵਜਾਉਂਦਾ ਹੈ ਤਾਂ ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਘੜਾ ਗੱਲਾਂ ਕਰ ਰਿਹਾ ਹੋਵੇ। ਘਰਾਂ ਵਿੱਚ ਖ਼ੁਸ਼ੀ ਦੇ ਸਮਾਗਮਾਂ ਸਮੇਂ ਮੁਟਿਆਰਾਂ ਘੜੇ ਦੇ ਤਾਲ 'ਤੇ ਗੀਤ ਗਾਉਂਦੀਆਂ ਹਨ। ਘੜਾ ਵੱਜਦਾ ਹੈ ਤੇ ਬੋਲ ਆਪਮੁਹਾਰੇ ਹੀ ਘੜੇ ਨਾਲ਼ ਇੱਕ-ਮਿੱਕ ਹੁੰਦੇ ਦਿਖਾਈ ਦਿੰਦੇ ਹਨ:

ਘੜਾ ਵੱਜਦਾ, ਘੜੋਲੀ ਵੱਜਦੀ,<br>
ਕਿਤੇ ਗਾਗਰ ਵੱਜਦੀ, ਸੁਣ ਮੁੰਡਿਆ।

ਪਹਿਲੇ ਸਮਿਆਂ ਵਿੱਚ ਜਦੋਂ ਖੂਹ ਵੀ ਆਮ ਨਹੀਂ ਸਨ ਹੁੰਦੇ ਤਾਂ ਲੋਕਾਂ ਨੂੰ ਟੋਭਿਆਂ, ਤਲਾਬਾਂ ਆਦਿ ਦੇ ਪਾਣੀਆਂ 'ਤੇ ਹੀ ਗੁਜ਼ਾਰਾ ਕਰਨਾ ਪੈਂਦਾ ਸੀ। ਉਸ ਵੇਲ਼ੇ ਇਹ ਘੜੇ ਹੀ ਸਨ ਜਿਨ੍ਹਾਂ ਦੀ ਵਰਤੋਂ ਨਾਲ਼ ਪਾਣੀ ਸ਼ੁੱਧ ਕਰਕੇ ਪੀਣ ਦੇ ਯੋਗ ਬਣਾਇਆ ਜਾਂਦਾ ਸੀ। ਘੜਿਆਂ ਵਿੱਚ ਰੇਤ ਤੇ ਕੱਚਾ ਕੋਲਾ ਪਾ ਕੇ ਵੀ ਪਾਣੀ ਸਾਫ਼ ਕੀਤਾ ਜਾਂਦਾ ਹੈ।

ਪੂਜਾ-ਪਾਠ ਸਮੇਂ ਘੜੇ ਦੇ ਪਾਣੀ ਨੂੰ ਲੋਕ 'ਕੁੰਭ ਦਾ ਜਲ' ਕਹਿੰਦੇ ਹਨ। ਸ਼ਰਧਾਲੂ ਇਸ ਪਾਵਨ ਜਲ ਨੂੰ ਅੰਮ੍ਰਿਤ ਸਮਝ ਕੇ ਪੀਂਦੇ ਹਨ ਤੇ ਇਹ ਪਰੰਪਰਾ ਅੱਜ ਵੀ ਜਾਰੀ ਹੈ।

ਕਦੇ ਸਮਾਂ ਸੀ, ਰਾਜੇ-ਮਹਾਰਾਜੇ ਤੇ ਪਰਉਪਕਾਰੀ ਲੋਕ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕਿਸੇ ਛਾਂਦਾਰ ਰੁੱਖ ਜਾਂ ਕੋਈ ਕੰਮ-ਸਾਰੂ ਛੱਤ ਹੇਠ, ਥਾਂ-ਥਾਂ ਪਿਆਊ ਬਿਠਾਉਂਦੇ ਸਨ। ਉੱਥੇ ਵੀ ਘੜੇ ਤੇ ਮੱਟ ਹੀ ਰੇਤੇ ਉੱਤੇ ਰੱਖੇ ਦਿਖਾਈ ਦਿੰਦੇ ਸਨ। ਘੜੇ ਦਾ ਠੰਢਾ ਪਾਣੀ ਪੀ ਕੇ ਇੱਕ ਵਾਰ ਤਾਂ ਸੁਰਤ ਆ ਜਾਂਦੀ ਸੀ।

ਮੇਰੇ ਆਪਣੇ ਇਲਾਕੇ ਦੀ ਗੱਲ ਹੈ ਕਿ ਨਾਭੇ ਦਾ ਰਾਜਾ ਮੰਡੀ ਗੋਬਿੰਦਗੜ੍ਹ ਤੋਂ ਹਰ ਰੋਜ਼ ਦੋ ਘੜੇ ਪਾਣੀ ਪੀਣ ਲਈ ਨਾਭੇ ਤੋਂ ਮੰਗਵਾਉਂਦਾ ਸੀ। ਨਾਭਾ, ਗੋਬਿੰਦਗੜ੍ਹ ਤੋਂ 24 ਮੀਲ ਦੂਰ ਹੈ ਪਰ ਪਾਣੀ ਦੇ ਘੜੇ ਰਾਜੇ ਲਈ ਮੰਡੀ ਗੋਬਿੰਦਗੜ੍ਹੋਂ ਹੀ ਜਾਂਦੇ ਸਨ। ਅੱਜ ਵੀ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਮੰਡੀ ਗੋਬਿੰਦਗੜ੍ਹ ਦਾ ਪਾਣੀ ਆਲ਼ੇ-ਦੁਆਲ਼ੇ ਦੇ ਪਾਣੀਆਂ ਤੋਂ ਬੜਾ ਮਿੱਠਾ ਤੇ ਪੀਣਯੋਗ ਹੈ।

ਕਦੇ ਸਮਾਂ ਸੀ ਜਦੋਂ ਪਿੰਡਾਂ ਵਿੱਚ ਅਜੇ ਨਲ਼ਕੇ ਨਹੀਂ ਸਨ ਲੱਗੇ ਤਾਂ ਖੂਹਾਂ ਤੋਂ ਪਾਣੀ ਲਿਆਉਣ ਲਈ ਘੜਿਆਂ ਦੀ ਵਰਤੋਂ ਹੀ ਹੁੰਦੀ ਸੀ। ਮੁਟਿਆਰਾਂ ਵੱਧ ਤੋਂ ਵੱਧ ਘੜੇ ਸਿਰਾਂ ’ਤੇ ਪਾਣੀ ਨਾਲ਼ ਭਰ ਕੇ ਚੁੱਕਦੀਆਂ। ਉਹ ਇੱਕ-ਦੂਜੀ ਨਾਲ਼ ਬਿਦ-ਬਿਦ ਕੇ ਮੁਕਾਬਲੇ ਕਰਦੀਆਂ। ਉਹ ਹਿਰਨਾਂ ਦੀਆਂ ਡਾਰਾਂ ਵਾਂਗ ਤੁਰਦੀਆਂ। ਉਹ ਆਮ ਤੌਰ ’ਤੇ ਦੋ-ਦੋ ਘੜੇ ਸਿਰ ’ਤੇ ਅਤੇ ਇੱਕ ਘੜਾ ਬੱਚੇ ਨੂੰ ਕੁੱਛੜ ਚੁੱਕਣ ਵਾਂਗ ਢਾਕ ’ਤੇ ਰੱਖ, ਅਠਖੇਲੀਆਂ ਕਰਦੀਆਂ ਜਾਂਦੀਆਂ ਸਨ। ਵਿਆਹੀਆਂ ਤ੍ਰੀਮਤਾਂ ਤਾਂ ਸੂਫ਼ ਦੇ ਘੱਗਰੇ ਪਾ ਕੇ ਖੂਹਾਂ ਤੋਂ ਘੜਿਆਂ ਵਿੱਚ ਪਾਣੀ ਢੋਂਦੀਆਂ ਸਨ। ਸਰਦੇ-ਪੁੱਜਦੇ ਘਰਾਂ ਵਿੱਚ ਮਹਿਰੇ ਵਹਿੰਗੀਆਂ ’ਤੇ ਘੜੇ ਰੱਖ ਕੇ ਪਾਣੀ ਭਰਦੇ ਸਨ।

ਪਿੰਡਾਂ ਵਿੱਚ ਭਾਵੇਂ ਖੂਹਾਂ ਦੀ ਥਾਂ ਹੁਣ ਘਰ-ਘਰ ਨਲ਼ਕੇ ਜਾਂ ਪਾਣੀ ਦੀਆਂ ਟੂਟੀਆਂ ਲੱਗ ਗਈਆਂ ਹਨ ਪਰ ਖੂਹਾਂ ’ਤੇ ਉਹ ਚਹਿਲ-ਪਹਿਲ ਹੁਣ ਬੀਤੇ ਦੀ ਗੱਲ ਬਣ ਗਈ ਹੈ। ਘੜੇ ਦਾ ਪਾਣੀ ਤਾਂ ਪਿੰਡਾਂ ਵਿੱਚ ਹੁਣ ਵੀ ਆਮ ਘਰਾਂ ਵਿੱਚ ਪੀਣ ਨੂੰ ਮਿਲ਼ ਜਾਂਦਾ ਹੈ ਪਰ ਜਿਹੜੇ ਘਰਾਂ ਵਿੱਚ ਫ਼ਰਿੱਜ ਆ ਗਏ ਹਨ, ਉੱਥੋਂ ਘੜਾ ਤੇ ਘੜੇ ਦਾ ਪਾਣੀ ਪੀਣ ਦਾ ਰਿਵਾਜ ਕੁਝ ਘਟ ਗਿਆ ਹੈ।

ਸ਼ਹਿਰਾਂ ਵਿੱਚ ਤਾਂ ਘੜੇ ਜਿਵੇਂ ਗ਼ਾਇਬ ਹੀ ਹੋ ਗਏ ਹਨ। ਲੱਭਿਆਂ, ਸ਼ਾਇਦ ਹੀ ਕੋਈ ਘਰ ਮਿਲ਼ੇ ਜਿੱਥੇ ਘੜਾ ਹੋਵੇ। ਸ਼ਹਿਰੀਏ ਤਾਂ ਫ਼ਰਿੱਜ ਦਾ ਪਾਣੀ ਪੀਣ ਵਿੱਚ ਮਾਣ ਮਹਿਸੂਸ ਕਰਦੇ ਹਨ। ਘੜੇ ਹੁਣ ਕੌਣ ਰੱਖਦਾ ਹੈ ਤੇ ਉਸ ਦਾ ਪਾਣੀ ਕੌਣ ਪੀਂਦਾ ਹੈ ?

ਘੜੇ ਦਾ ‘ਸ਼ਰੀਕ’ ਫ਼ਰਿੱਜ ਜਾਂ ਵਾਟਰ-ਕੂਲਰ ਹੀ ਕਿਹਾ ਜਾ ਸਕਦਾ ਹੈ। ਫ਼ਰਿੱਜ ਨਾਲ਼ੋਂ ਘੜੇ ਦਾ ਪਾਣੀ ਕਈ ਗੱਲਾਂ ਵਿੱਚ ਉਪਯੋਗੀ ਮੰਨਿਆ ਗਿਆ ਹੈ। ਜੇ ਰਾਤ ਨੂੰ ਭਰੇ ਪਾਣੀ ਦੇ ਘੜੇ ਵਿੱਚੋਂ ਸਵੇਰੇ ਉੱਠਦਿਆਂ ਹੀ ਦੋ-ਤਿੰਨ ਗਲਾਸ ਪਾਣੀ ਪੀ ਲਏ ਜਾਣ ਤਾਂ ਸਰੀਰ ਤੰਦਰੁਸਤ ਰਹਿੰਦਾ ਹੈ। ਵਿਅਕਤੀ ਹਲਕਾ-ਫੁਲਕਾ ਮਹਿਸੂਸ ਕਰਦਾ ਹੈ। ਘੜੇ ਦਾ ਪਾਣੀ ਹਰ ਰੁੱਤ ਵਿੱਚ ਪੀਤਾ ਜਾ ਸਕਦਾ ਹੈ। ਸਰਦੀ ਦੇ ਮੌਸਮ ਵਿੱਚ ਘੜੇ ਦਾ ਪਾਣੀ ਠਾਰ ਭੰਨ ਕੇ ਪੀਤਾ ਜਾ ਸਕਦਾ ਹੈ।

ਕਹਿੰਦੇ ਹਨ ਕਿ ਸਾਡਾ ਸਰੀਰ ਪੰਜ ਤੱਤਾਂ: ਮਿੱਟੀ, ਹਵਾ, ਪਾਣੀ,ਅਗਨੀ ਤੇ ਅਕਾਸ਼ ਦਾ ਬਣਿਆ ਹੋਇਆ ਹੈ। ਘੜੇ ਦੇ ਪਾਣੀ ਵਿੱਚ ਇਹ ਸਾਰੇ ਤੱਤ ਸੁਭਾਵਿਕ ਹੀ ਇੱਕ-ਮਿੱਕ ਹੋਏ ਮਿਲ਼ਦੇ ਹਨ। ਘੜੇ ਦਾ ਤਾਂ ਜਨਮ ਹੀ ਮਿੱਟੀ ਵਿੱਚੋਂ ਹੁੰਦਾ ਹੈ। ਪਾਣੀ ਨਾਲ਼ ਮਿੱਟੀ ਗੁੰਨ੍ਹ ਕੇ, ਖੁੱਲ੍ਹੇ ਅਕਾਸ਼ ਹੇਠ ਚੱਕ ਉੱਤੇ ਪੌਣ ਦੇ ਮਿੱਠੇ ਹਿਲੋਰਿਆਂ ਨਾਲ਼ ਕਾਰੀਗਰ ਮਿੱਟੀ ਵਿੱਚ ਜਾਨ ਪਾਉਂਦਾ ਹੈ, ਅਗਨੀ ਘੜੇ ਨੂੰ ਪਕਾਉਂਦੀ ਹੈ।

ਕੁਝ ਵੀ ਹੋਵੇ ਘੜੇ ਦਾ ਪਾਣੀ ਤਾਂ ਮਨੁੱਖ ਦੀ ਅੰਤਿਮ ਯਾਤਰਾ ਸਮੇਂ ਵੀ ਸਾਥ ਨਿਭਾਉਂਦਾ ਹੈ। ਘੜਾ ਭੰਨਣਾ ਸਾਡੇ ਸੱਭਿਆਚਾਰ ਵਿੱਚ ਅੰਤਿਮ ਸਮੇਂ ਦੀ ਇੱਕ ਰਸਮ ਵੀ ਹੈ।



**ਚਿੱਤਰ**

ਘੜੇ ਤਾਂ ਹੁਣ ਵੀ ਹਨ। ਕਾਰੀਗਰ ਅੱਜ ਵੀ ਘੜੇ ਉੱਤੇ ਆਪਣੀਆਂ ਕਲਾਮਈ ਉਂਗਲ਼ਾਂ ਦਾ ਚਮਤਕਾਰ ਦਿਖਾਉਣ ਲਈ ਤਿਆਰ ਹਨ। ਪਰ ਜਦੋਂ ਉਹ ਬਣੇ ਘੜਿਆਂ ਨੂੰ ਮੰਡੀ ਵਿੱਚ ਲਿਆਉਂਦੇ ਹਨ ਤਾਂ ਸਾਰਾ-ਸਾਰਾ ਦਿਨ ਝਾਕਦਿਆਂ ਸ਼ਾਮ ਤੱਕ ਕੋਈ ਵਿਰਲਾ ਹੀ ਖ਼ਰੀਦਾਰ ਬਹੁੜਦਾ ਹੈ ਜੋ ਘੜੇ ਦਾ ਪਾਣੀ ਪੀਣ ਦਾ ਸ਼ੌਕ ਰੱਖਦਾ ਹੋਵੇ।

## ਪਾਠ-ਅਭਿਆਸ

**1. ਦੱਸੋ :**

(ੳ) ਘੜੇ ਦੇ ਹੋਰ ਰੂਪ ਕਿਹੜੇ-ਕਿਹੜੇ ਹਨ ?

(ਅ) ਘੜੇ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਲਈ ਕੀਤੀ ਜਾਂਦੀ ਹੈ ?

(ੲ) ਪੁਰਾਣੇ ਸਮੇਂ ਵਿੱਚ ਪਿਆਸੇ ਰਾਹੀਆਂ ਦੀ ਪਿਆਸ ਬੁਝਾਉਣ ਲਈ ਕੀ ਕੀਤਾ ਜਾਂਦਾ ਸੀ ?

(ਸ) ਪੁਰਾਣੇ ਸਮਿਆਂ ਵਿੱਚ ਖੂਹਾਂ ਤੋਂ ਪਾਣੀ ਲਿਆਉਣ ਲਈ ਮੁਟਿਆਰਾਂ ਕੀ ਕੁਝ ਕਰਦੀਆਂ ਸਨ ?

(ਹ) ਅਜੋਕੇ ਸਮੇਂ ਵਿੱਚ ਘੜਾ ਕਿੰਨਾ ਕੁ ਮਹੱਤਵਪੂਰਨ ਹੈ ?

(ਕ) ਮਨੁੱਖੀ ਸਰੀਰ ਕਿਹੜੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ ਤੇ ਇਹ ਤੱਤ ਘੜੇ ਵਿੱਚ ਕਿਵੇਂ ਸਮਾਏ ਹੋਏ ਹਨ ?

**2. ਪੜ੍ਹੋ, ਸਮਝੋ ਤੇ ਲਿਖੋ:**

ਚੰਗਾ : ਬੁਰਾ

ਅਸਲੀ : ________

| | | |
|---|---|---|
| ਖ਼ੁਸ਼ੀ | : | ________ |
| ਸਾਫ਼ | : | ________ |
| ਅੰਮ੍ਰਿਤ | : | ________ |
| ਠੰਢਾ | : | ________ |
| ਮਿੱਠਾ | : | ________ |
| ਵਿਆਹੀਆਂ | : | ________ |
| ਰਾਤ | : | ________ |
| ਸਵੇਰੇ | : | ________ |
| ਸਰਦੀ | : | ________ |

### 3. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਵਜੰਤਰੀ | : | ਸਾਜ਼ ਵਜਾਉਣ ਵਾਲ਼ਾ |
| ਅਠਖੇਲੀਆਂ | : | ਮਸਤੀ |
| ਵਹਿੰਗੀ | : | ਚੀਜ਼ਾਂ ਰੱਖਣ ਲਈ ਤੱਕੜੀ ਵਰਗੀ ਦੋ ਛਾਬਿਆਂ ਵਾਲ਼ੀ ਚੀਜ਼ |
| ਚਹਿਲ-ਪਹਿਲ | : | ਰੌਣਕ |
| ਸ਼ਰੀਕ | : | ਭਾਈਵਾਲ, ਸਾਥੀ, ਬਰਾਬਰ ਹੱਕ ਰੱਖਦਾ |
| ਤੰਦਰੁਸਤ | : | ਅਰੋਗ, ਸਿਹਤਮੰਦ |
| ਬਹੁੜਦਾ | : | ਪਹੁੰਚਦਾ, ਅੱਪੜਦਾ, ਆਉਂਦਾ |
| ਮੰਤਵ | : | ਉਦੇਸ਼ |
| ਲੋਪ ਹੋਣਾ | : | ਗੁਆਚ ਜਾਣਾ, ਗੁੰਮ ਹੋ ਜਾਣਾ |
| ਗੁਣਕਾਰੀ | : | ਲਾਭਦਾਇਕ, ਫ਼ਾਇਦੇਮੰਦ, ਉਪਯੋਗੀ |

### 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :-

ਇਤਰਾਜ਼, ਸਮਾਗਮ, ਪਰੰਪਰਾ, ਪਰਉਪਕਾਰੀ, ਅਠਖੇਲੀਆਂ, ਗ਼ਾਇਬ, ਕਾਰੀਗਰ, ਚਮਤਕਾਰ, ਖ਼ਰੀਦਾਰ

### 5. ਇਸ ਪਾਠ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਸੂਚੀ ਤਿਆਰ ਕਰੋ।

ਵਿਆਕਰਨ: ਕਿਰਿਆ ਦੀ ਦੂਜੀ ਪ੍ਰਕਾਰ ਦੀ ਵੰਡ:

ਕਿਰਿਆ ਦੀ ਦੂਜੀ ਪ੍ਰਕਾਰ ਦੀ ਵੰਡ ਅਨੁਸਾਰ ਕਿਰਿਆ-ਸ਼ਬਦ ਤਿੰਨ ਪ੍ਰਕਾਰ ਦੇ ਹੁੰਦੇ ਹਨ:

ਸਧਾਰਨ ਕਿਰਿਆ, ਪ੍ਰੇਰਨਾਰਥਕ ਕਿਰਿਆ, ਦੂਹਰੀ ਪ੍ਰੇਰਨਾਰਥਕ ਕਿਰਿਆ

**1. ਸਧਾਰਨ ਕਿਰਿਆ :** ਕਿਰਿਆ ਦੇ ਜਿਸ ਰੂਪ ਤੋਂ ਇਹ ਪਤਾ ਲੱਗੇ ਕਿ ਉਸ ਨੂੰ ਕਰਨ ਵਾਲ਼ਾ ਕਰਤਾ ਆਪ ਹੈ, ਉਸ ਕਿਰਿਆ ਨੂੰ ਸਧਾਰਨ ਕਿਰਿਆ ਕਿਹਾ ਜਾਂਦਾ ਹੈ, ਜਿਵੇਂ : ਘੜਿਆਂ ਵਿੱਚ ਰੇਤ ਤੇ ਕੱਚਾ ਕੋਲਾ ਪਾ ਕੇ ਪਾਣੀ ਸਾਫ਼ ਕੀਤਾ ਜਾਂਦਾ ਹੈ। ਇਸ ਵਾਕ ਵਿੱਚ ਲਕੀਰੇ ਗਏ ਸ਼ਬਦ ਸਧਾਰਨ ਕਿਰਿਆ ਹਨ।

**2. ਪ੍ਰੇਰਨਾਰਥਕ ਕਿਰਿਆ :** ਕਿਰਿਆ ਦੇ ਜਿਸ ਰੂਪ ਤੋਂ ਪਤਾ ਲੱਗੇ ਕਿ ਉਸ ਨੂੰ ਕਰਨ ਵਾਲ਼ਾ ਕਰਤਾ ਆਪ ਨਹੀਂ ਸਗੋਂ ਕਿਰਿਆ ਕਿਸੇ ਹੋਰ ਤੋਂ ਕਰਵਾਈ ਗਈ ਹੈ, ਉਸ ਨੂੰ ਪ੍ਰੇਰਨਾਰਥਕ ਕਿਰਿਆ ਕਹਿੰਦੇ ਹਨ, ਜਿਵੇਂ : ਨਾਭੇ ਦਾ ਰਾਜਾ ਹਰ ਰੋਜ਼ ਮੰਡੀ ਗੋਬਿੰਦਗੜ੍ਹ ਤੋਂ ਪੀਣ ਲਈ ਘੜੇ ਦਾ ਪਾਣੀ ਮੰਗਵਾਉਂਦਾ ਸੀ। ਲਕੀਰੇ ਗਏ ਸ਼ਬਦ ਪ੍ਰੇਰਨਾਰਥਕ ਕਿਰਿਆ ਹਨ।

**3. ਦੂਹਰੀ ਪ੍ਰੇਰਨਾਰਥਕ ਕਿਰਿਆ :** ਕਿਰਿਆ ਦੇ ਜਿਸ ਰੂਪ ਤੋਂ ਪਤਾ ਲੱਗੇ ਕਿ ਕਰਤਾ ਕਿਸੇ ਦੂਜੇ ਵਿਅਕਤੀ ਨੂੰ ਪ੍ਰੇਰਨਾ ਦੇ ਕੇ ਉਹ ਕਿਸੇ ਤੀਜੇ ਵਿਅਕਤੀ ਕੋਲ਼ੋਂ ਕਰਵਾਉਣ ਲਈ ਕਹਿੰਦਾ ਹੈ, ਉਸ ਕਿਰਿਆ ਨੂੰ ਦੂਹਰੀ ਪ੍ਰੇਰਨਾਰਥਕ ਕਿਰਿਆ ਕਹਿੰਦੇ ਹਨ, ਜਿਵੇਂ : ਪੁਰਾਣੇ ਵੇਲ਼ਿਆਂ ਵਿੱਚ ਸਰਦੇ-ਪੁੱਜਦੇ ਘਰ ਮਹਿਰਿਆਂ ਤੋਂ ਪਾਣੀ ਭਰਵਾਉਂਦੇ ਸਨ।

ਉਪਰੋਕਤ ਵਾਕ ਵਿੱਚ ਲਕੀਰੇ ਗਏ ਸ਼ਬਦ ਦੂਹਰੀ ਪ੍ਰੇਰਨਾਰਥਕ ਕਿਰਿਆ ਦੀ ਉਦਾਹਰਨ ਹਨ।

**ਬੱਚਿਆਂ ਲਈ :**

**ਪੀਣ ਵਾਲ਼ੇ ਪਾਣੀ ਦੀ ਸਾਂਭ-ਸੰਭਾਲ਼ , ਬੱਚਤ ਅਤੇ ਮਹੱਤਤਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਜਾਵੇ।**

ਪਾਠ–5

# ਮਾਂ ਦਾ ਪਿਆਰ



ਸੱਚ ਪੁੱਛੋ ਤਾਂ ਏਸ ਔਲਾਦ ਪਿੱਛੇ,
ਲੱਖਾਂ ਮਨ ਵਿੱਚ, ਮੰਨਤਾਂ ਧਾਰਦੀ ਮਾਂ।
ਮੁੜ–ਮੁੜ ਵੇਖਦੀ, ਲਾਡ–ਪਿਆਰ ਕਰਦੀ।
ਚੁੰਮ, ਚੱਟ ਕਲ਼ੇਜੇ ਨੂੰ ਠਾਰਦੀ ਮਾਂ।
ਰੀਝਾਂ, ਸੱਧਰਾਂ ਨਾਲ਼ ਉਹ ਪਾਲ਼ਦੀ ਏ,
ਸਿਰ 'ਤੇ ਔਕੜਾਂ ਲੱਖ ਸਹਾਰਦੀ ਮਾਂ।
ਕਦੀ ਅੱਕਦੀ, ਥੱਕਦੀ ਮੂਲ ਨਾਹੀਂ,
ਦੁੱਖ ਸਹਿਣ ਤੋਂ, ਕਦੀ ਨਾ ਹਾਰਦੀ ਮਾਂ।
ਦੇ–ਦੇ ਲੋਰੀਆਂ, ਬੱਚਾ ਖਿਡਾਉਂਦੀ ਏ,
ਮਨੋਂ ਰਾਜੇ ਦੇ, ਮਹਿਲ ਉਸਾਰਦੀ ਮਾਂ।
ਵਾਰੀ, ਘੋਲ਼ੀ, ਸਦਕੜੇ, ਲੱਖ ਵਾਰੀ,
ਆਖ–ਆਖ ਕੇ ਮੂੰਹੋਂ ਪੁਕਾਰਦੀ ਮਾਂ।
ਰਿੜ੍ਹਦਾ ਵੇਖ ਕੇ, ਖਿੜਦਾ ਏ ਚਿੱਤ ਉਸ ਦਾ,
ਫੜ–ਫੜ ਬਾਂਹਵਾਂ ਨੂੰ, ਫੇਰ ਖਲ੍ਹਾਰਦੀ ਮਾਂ।

ਦਿਨੇ-ਰਾਤ ਹੀ, ਚਾਅ-ਮਲ੍ਹਾਰ ਕਰਦੀ,
ਖਿੜ-ਖਿੜ ਹੱਸਦੀ, ਜਦੋਂ ਦੁਲਾਰਦੀ ਮਾਂ।
ਸਮਾਂ ਪਾ ਕੇ ਜਦੋਂ ਫਿਰਨ-ਤੁਰਨ ਲੱਗੇ,
ਜੱਫੀ ਪਾਣ ਲਈ ਬਾਂਹਵਾਂ ਪਸਾਰਦੀ ਮਾਂ।
ਖੇਡਣ ਜਾਣ ਲਈ, ਜਦੋਂ ਤਿਆਰ ਹੋਵੇ,
ਪਾ-ਪਾ ਕੱਪੜੇ, ਮੂੰਹ ਸੁਆਰਦੀ ਮਾਂ।
ਕਿਸੇ ਘੜੀ ਜੇ, ਉਸ ਨੂੰ ਦੇਰ ਲੱਗੇ,
ਵਿੱਚ ਫ਼ਿਕਰ ਦੇ ਸਮਾਂ ਗੁਜ਼ਾਰਦੀ ਮਾਂ।
ਉੱਭੇ ਸਾਹ ਲੈਂਦੀ, ਡੋਬੂ ਪੈਣ ਆ ਕੇ,
ਮੁੜ-ਮੁੜ ਬਾਰੀ 'ਚੋਂ ਝਾਤੀਆਂ ਮਾਰਦੀ ਮਾਂ।
ਸੁਣੇ ਵਾਜ ਤੇ, ਸਾਹ ਵਿੱਚ ਸਾਹ ਆਵੇ,
ਮਿਰਚਾਂ ਲੈ ਕੇ ਸਿਰ ਤੋਂ ਵਾਰਦੀ ਮਾਂ।
ਦੁੱਖ-ਰੋਗ, ਜੇ ਕਦੇ ਕੋਈ ਆਣ ਲੱਗੇ,
'ਬਹੁੜੀ ਕਰੋ ਕੋਈ', ਫੇਰ ਪੁਕਾਰਦੀ ਮਾਂ।
ਦੌਲਤ ਪਾਣੀ ਦੇ ਵਾਂਗਰਾਂ ਰੋੜ੍ਹ ਦੇਂਦੀ,
ਸਰਫ਼ਾ ਕਰੇ ਨਾ, ਓਸ ਦੁਖਿਆਰ ਦੀ ਮਾਂ।
ਭਾਵੇਂ ਕਿੱਡਾ ਹੀ ਬੱਚਾ ਨਾਲਾਇਕ ਹੋਵੇ,
ਉਹਨੂੰ ਫੇਰ ਵੀ ਨਹੀਂ ਦੁਰਕਾਰਦੀ ਮਾਂ।
'ਅੰਮ੍ਰਿਤ' ਸੱਚਾ ਹੈ, ਸਾਕ ਇਹ ਆਂਦਰਾਂ ਦਾ,
ਸੱਚ-ਮੁੱਚ ਹੀ ਪੁਤਲੀ, ਪਿਆਰ ਦੀ ਮਾਂ।

## ਪਾਠ-ਅਭਿਆਸ

**1. ਦੱਸੋ :**

(ੳ) ਮਾਂ ਆਪਣੀ ਉਲ਼ਾਦ ਲਈ ਕੀ-ਕੀ ਕਰਦੀ ਹੈ ?

(ਅ) ਮਾਂ ਆਪਣੇ ਬੱਚੇ ਦਾ ਪਾਲਣ-ਪੋਸਣ ਕਿਵੇਂ ਕਰਦੀ ਹੈ ?

(ੲ) ਬੱਚੇ 'ਤੇ ਜੇ ਕੋਈ ਦੁੱਖ ਆ ਜਾਵੇ ਤਾਂ ਮਾਂ ਕੀ ਕਰਦੀ ਹੈ ?

(ਸ) ਮਾਂ ਨੂੰ 'ਆਂਦਰਾਂ ਦਾ ਸਾਕ' ਕਿਉਂ ਕਿਹਾ ਜਾਂਦਾ ਹੈ ?

## 2.ਹੇਠ ਲਿਖੀਆਂ ਕਾਵਿ-ਸਤਰਾਂ ਪਾਠ ਦੇ ਆਧਾਰ 'ਤੇ ਪੂਰੀਆਂ ਕਰੋ:

(ੳ) ਸੱਚ ਪੁੱਛੋ ਤਾਂ ਏਸ ਔਲਾਦ ਪਿੱਛੇ,

________________________________

________________________________

(ਅ) ਰੀਝਾਂ, ਸੱਧਰਾਂ ਨਾਲ਼ ਉਹ ਪਾਲ਼ਦੀ ਏ,

________________________________

________________________________

(ੲ) ਰਿੜ੍ਹਦਾ ਵੇਖ ਕੇ, ਖਿੜਦਾ ਏ ਚਿੱਤ ਉਸ ਦਾ,

________________________________

________________________________

(ਸ) ਸੁਣੇ ਵਾਜ ਤੇ, ਸਾਹ ਵਿੱਚ ਸਾਹ ਆਵੇ,

________________________________

________________________________

## 3. ਔਖੇ ਸ਼ਬਦਾਂ ਦੇ ਅਰਥ:

| | | |
|---|---|---|
| ਔਲਾਦ | : | ਉਲ਼ਾਦ, ਸੰਤਾਨ |
| ਸੱਧਰਾਂ | : | ਇੱਛਾਵਾਂ, ਰੀਝਾਂ |
| ਔਕੜਾਂ | : | ਮੁਸੀਬਤਾਂ, ਮੁਸ਼ਕਲਾਂ |
| ਸਦਕੜੇ ਜਾਣਾ | : | ਵਾਰੇ ਜਾਣਾ, ਕੁਰਬਾਨ ਹੋਣਾ |
| ਦੁਲਾਰਦੀ | : | ਪਿਆਰ ਕਰਦੀ |
| ਬਹੁੜੀ | : | ਮਦਦ ਲਈ ਕੀਤੀ ਪੁਕਾਰ |
| ਸਰਫ਼ਾ ਕਰਨਾ | : | ਕੰਜੂਸੀ ਕਰਨੀ |

## 4. ਹੇਠ ਲਿਖਿਆਂ ਨੂੰ ਵਾਕਾਂ ਵਿੱਚ ਵਰਤੋ:

ਚੁੰਮਣਾ-ਚੱਟਣਾ, ਕਲ਼ੇਜੇ ਨੂੰ ਠਾਰਨਾ, ਲੋਰੀਆਂ, ਚਾਅ-ਮਲ੍ਹਾਰ, ਡੋਬੂ ਪੈਣਾ, ਆਂਦਰਾਂ ਦਾ ਸਾਕ, ਪਿਆਰ ਦੀ ਪੁਤਲੀ, ਉੱਭੇ ਸਾਹ ਲੈਣਾ

**ਵਿਦਿਆਰਥੀ ਲਈ:**

**ਵਿਦਿਆਰਥੀ 'ਮੇਰੇ ਮਾਤਾ ਜੀ' ਵਿਸ਼ੇ 'ਤੇ ਕਵਿਤਾ, ਕਹਾਣੀ ਜਾਂ ਲੇਖ ਲਿਖਣ ਅਤੇ ਆਪਣੀ ਸ਼੍ਰੇਣੀ ਵਿੱਚ ਪੜ੍ਹ ਕੇ ਸੁਣਾਉਣ।**

ਪਾਠ - 6

# ਬਲ਼ਦਾਂ ਵਾਲ਼ਾ ਪਿਆਰਾ ਸਿੰਘ

ਪਿੰਡ ਦੇ ਗੁਰਦਵਾਰੇ ਵਿੱਚ ਹਰ ਰੋਜ਼ ਸਵੇਰੇ ਚਾਰ ਵਜੇ ਭਾਈ ਦੀ ਅਵਾਜ਼ ਕੰਨੀਂ ਪੈਂਦਿਆਂ ਹੀ ਪਿਆਰਾ ਸਿੰਘ ਮੰਜੇ ਤੋਂ ਉੱਠ ਖੜ੍ਹਦਾ। ਪਹਿਲਾਂ ਉਹ ਪਸ਼ੂਆਂ ਨੂੰ ਪੱਠੇ ਪਾਉਂਦਾ ਫਿਰ ਨਲ਼ਕਾ ਗੇੜ ਕੇ ਪਾਣੀ ਭਰਦਾ ਤੇ 'ਵਾਹਿਗੁਰੂ-ਵਾਹਿਗੁਰੂ' ਬੋਲਦਾ ਇਸ਼ਨਾਨ ਕਰਨ ਲੱਗ ਜਾਂਦਾ। ਇਸ਼ਨਾਨ ਕਰਨ ਤੋਂ ਬਾਅਦ ਉਹ ਬਲ਼ਦਾਂ ਦੀ ਖੁਰਲੀ ਵਿੱਚ ਹੱਥ ਮਾਰ ਕੇ ਪੱਠੇ ਇਕੱਠੇ ਕਰਦਾ ਆਖਦਾ, "ਰੱਜ ਲਓ ਸ਼ੇਰੋ, ਫੇਰ ਖੇਤ ਨੂੰ ਚੱਲਾਂਗੇ। " ਪਸ਼ੂਆਂ ਵੱਲੋਂ ਵਿਹਲਾ ਹੋ ਕੇ ਉਹ ਝਲਾਨੀ ਕੋਲ਼ ਆ ਕੇ ਧੰਨ ਕੌਰ ਨੂੰ ਅਵਾਜ਼ ਮਾਰਦਾ, "ਧੰਨ ਕੁਰੇ ! ਲੱਸੀ ਰਿੜਕ ਲਈ ਤਾਂ ਗੜਵੀ ਭਰ ਲਿਆ, ਫੇਰ ਮੈਂ ਖੇਤ ਨੂੰ ਜਾਣਾ।"

ਇਹ ਪਿਆਰਾ ਸਿੰਘ ਦਾ ਨਿੱਤ-ਨੇਮ ਸੀ। ਸਾਰੇ ਪਿੰਡ ਵਿੱਚ ਉਹ 'ਬਲਦਾਂ ਵਾਲ਼ਾ ਪਿਆਰਾ ਸਿੰਘ' ਦੇ ਨਾਂ ਨਾਲ਼ ਮਸ਼ਹੂਰ ਸੀ। ਹਰੀ ਕ੍ਰਾਂਤੀ ਵੇਲ਼ੇ ਵੀ ਉਹ ਆਪਣੀ ਵੀਹ ਵਿੱਘੇ ਜ਼ਮੀਨ ਦੀ ਖੇਤੀ ਬਲ਼ਦਾਂ ਨਾਲ਼ ਹੀ ਕਰਦਾ ਸੀ। ਅੱਜ ਵੀ ਉਸ ਦੇ ਬਲ਼ਦ ਨਵੇਂ-ਨਿਰੋਏ ਸਨ। ਹਰ ਰੋਜ਼ ਸਵੇਰੇ ਉੱਠ ਕੇ ਉਹ ਰਾਤੀਂ ਬਣਾਈ ਸਕੀਮ ਅਨੁਸਾਰ ਖੇਤਾਂ ਵਿੱਚ ਜਾ ਕੇ ਆਪਣਾ ਕੰਮ ਵਿੱਢ ਲੈਂਦਾ। ਹਲ਼ ਜੋੜਨਾ ਹੋਵੇ ਭਾਵੇਂ ਖੂਹ, ਉਹ ਹਾਜਰੀ ਖੇਤ ਵਿੱਚ ਹੀ ਖਾਂਦਾ ਸੀ। ਨਿਆਈਆਂ ਵਿੱਚ ਟੋਭੇ ਤੋਂ ਪਾਰ ਖੂਹ ਦੇ ਸਿਰ ਸਦਕਾ ਉਸ ਦੇ ਖੇਤ ਹਰੇ-ਭਰੇ ਰਹਿੰਦੇ ਸਨ। ਉਸ ਨੇ ਖੇਤੀ ਦੇ ਢੰਗ-ਤਰੀਕੇ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ। ਪਿਆਰਾ ਸਿੰਘ ਨੂੰ ਆਪਣੇ ਬਾਪੂ ਦੀਆਂ ਗੱਲਾਂ ਅੱਜ ਵੀ ਯਾਦ ਸਨ:



"ਭਾਈ ਪਿਆਰਾ ਸਿੰਆਂ! ਹਰ-ਰੋਜ਼ ਸਵਖਤੇ ਖੇਤ ਜਾਇਆ ਕਰ। ਖੇਤ ਦੀ ਹਰ ਵੱਟ-ਬੰਨੇ 'ਤੇ ਗੇੜਾ ਮਾਰੀਦਾ ਹੁੰਦਾ। ਰੁੱਖ-ਬੂਟੇ ਤੇ ਫ਼ਸਲ ਦੇ ਪੱਤਿਆਂ ਨੂੰ ਧਿਆਨ ਨਾਲ਼ ਦੇਖੀਦਾ। ਫ਼ਸਲਾਂ ਦਾ ਤਾਂ ਧੀਆਂ-ਪੁੱਤਾਂ ਤੋਂ ਵੀ ਵੱਧ ਖ਼ਿਆਲ ਰੱਖਣਾ ਪੈਂਦਾ। ਹੱਥਾਂ ਨਾਲ਼ ਮਿਹਨਤ ਕਰਨ ਵਾਲ਼ਿਆਂ ਨੂੰ ਕਿਸੇ ਚੀਜ਼ ਦੀ ਤੰਗੀ ਨਹੀਂ ਰਹਿੰਦੀ। "

ਸੱਚ-ਮੁੱਚ ਪਿਆਰਾ ਸਿੰਘ ਨੂੰ ਕਿਸੇ ਚੀਜ਼ ਦੀ ਤੰਗੀ-ਤੁਰਸ਼ੀ ਨਹੀਂ ਸੀ। ਦੁੱਧ, ਪੁੱਤ ਤੇ ਧੀ ਉਸ ਦੇ ਘਰ ਸਨ। ਦੋ ਮੱਝਾਂ, ਇੱਕ ਗਾਂ ਤੇ ਨਗੌਰੀ ਬਲ਼ਦਾਂ ਦੀ ਜੋੜੀ ਨਾਲ਼ ਉਹ ਆਪਣੇ ਘਰ ਨੂੰ ਭਰਿਆ-ਭਰਿਆ ਸਮਝਦਾ ਸੀ। ਸਵੇਰੇ ਸਾਝਰੇ ਖੇਤਾਂ ਵਿੱਚ ਜਾ ਕੇ ਉਹ ਕੰਮ ਸ਼ੁਰੂ ਕਰ ਦਿੰਦਾ ਅਤੇ ਦੁਪਹਿਰ ਦੀ ਰੋਟੀ ਤੱਕ ਡਟ ਕੇ ਕੰਮ ਕਰਦਾ। ਸੂਰਜ ਦੀ ਟਿੱਕੀ ਚੜ੍ਹਦੀ ਨਾਲ਼ ਧੰਨ ਕੌਰ ਉਸ ਦੀ ਹਾਜਰੀ ਲੈ ਕੇ ਆ ਜਾਂਦੀ। ਉਹ ਖੂਹ ਉੱਤੇ ਟਾਹਲੀਆਂ ਦੀ ਛਾਂ ਵਿੱਚ ਬੈਠ ਕੇ ਰੋਟੀ ਖਾਂਦੇ ਅਤੇ ਖੇਤਾਂ ਵਿੱਚ ਬੀਜੀਆਂ ਫ਼ਸਲਾਂ ਬਾਰੇ ਗੱਲਾਂ ਕਰਦੇ।

ਖੂਹ ਦੇ ਨਾਲ਼ ਹੀ ਇੱਕ ਛੋਟੀ ਜਿਹੀ ਖੱਤੀ ਵਿੱਚ ਪਿਆਰਾ ਸਿੰਘ ਨੇ ਘਰ-ਪਰਿਵਾਰ ਲਈ ਸਬਜ਼ੀਆਂ ਬੀਜੀਆਂ ਹੋਈਆਂ ਸਨ। ਹਾਜਰੀ ਖਾ ਕੇ ਪਿਆਰਾ ਸਿੰਘ ਆਪਣੇ ਕੰਮ ਜਾ ਲੱਗਦਾ ਤੇ ਧੰਨ ਕੌਰ ਪਸੂਆਂ ਲਈ ਪੱਠੇ ਵੱਢਣ ਲੱਗ ਜਾਂਦੀ। ਪੱਠੇ ਵੱਢਣ ਤੋਂ ਬਾਅਦ ਉਹ ਸਬਜ਼ੀਆਂ ਦੀ ਦੇਖ-ਭਾਲ਼ ਕਰਦੀ ਅਤੇ ਫਿਰ ਤਾਜ਼ੀ ਸਬਜ਼ੀ ਤੋੜ ਕੇ ਘਰ ਨੂੰ ਮੁੜ ਆਉਂਦੀ।

ਪਿੰਡ ਵਿੱਚ ਟ੍ਰੈਕਟਰ ਆਏ ਖੇਤਾਂ ਨੂੰ ਬੀਜਣ, ਗੁੱਡਣ ਤੇ ਵਾਢੀ ਕਰਨ ਵਾਲ਼ੀਆਂ ਮਸ਼ੀਨਾਂ ਆਈਆਂ। ਪਿਆਰਾ ਸਿੰਘ ਨਗੌਰ ਤੋਂ ਬਲ਼ਦਾਂ ਦੀ ਜੋੜੀ ਲੈ ਆਇਆ। ਹਰ ਰੋਜ਼ ਸਵੇਰੇ ਪੰਜ ਵਜੇ ਪਿਆਰਾ ਸਿੰਘ ਦੇ ਬਲ਼ਦਾਂ ਦੇ ਗਲ਼ ਪਾਈਆਂ ਟੱਲੀਆਂ 'ਟੁਣਕ-ਟੁਣਕ' ਕਰਦੀਆਂ ਸਭ ਦਾ ਮਨ ਮੋਂਹਦੀਆਂ ਸਨ। ਉਹ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਵਾਲ਼ੀ ਖੇਤੀ ਵਿੱਚ ਯਕੀਨ ਰੱਖਦਾ ਸੀ। ਇੱਕ ਦਿਨ ਦੁਪਹਿਰ ਦੀ ਰੋਟੀ ਖਾਣ ਤੋਂ ਬਾਅਦ ਧੰਨ ਕੌਰ ਕਹਿਣ ਲੱਗੀ, " ਭਲਿਆ ਲੋਕਾ! ਤੂੰ ਵੀ ਖੇਤਾਂ ਵਿੱਚ ਫ਼ਾਰਮੀ ਖਾਦ ਪਾ, ਨਵੇਂ ਬੀਜ ਪਾ। ਆਪਾਂ ਵੀ ਟ੍ਰੈਕਟਰ ਵਾਲ਼ੇ ਬਣੀਏ। ਮੁੰਡਾ ਜੁਆਨ ਹੋ ਗਿਆ। ਬਾਰ੍ਹਵੀਂ ਜਮਾਤ 'ਚ ਪੜ੍ਹਦਾ। ਧੀ ਨੇ ਵੀ ਈ.ਟੀ.ਟੀ. ਪਾਸ ਕਰ ਲਈ। ਉਹਦੇ ਲਈ ਕੋਈ ਚੰਗਾ ਮੁੰਡਾ ਦੇਖਾਂਗੇ। ਚੰਗਾ ਰਿਸ਼ਤਾ ਤਾਂਹੀਓਂ ਮਿਲੂ ਜੇ ਘਰ ਵਿੱਚ.........। " ਧੰਨ ਕੌਰ ਨੇ ਅਜੇ ਗੱਲ ਪੂਰੀ ਨਹੀਂ ਕੀਤੀ ਸੀ ਕਿ ਪਿਆਰਾ ਸਿੰਘ ਬੋਲ ਪਿਆ:

"ਬੱਸ ਕਰ, ਧੰਨ ਕੁਰੇ! ਬੱਸ ਕਰ....... ਭਲਾਂ ਤੇਰੇ ਘਰ ਵਿੱਚ ਕਾਹਦੀ ਘਾਟ ਆ? ਪਹਿਲਾਂ ਮੈਂ ਤੇਰਾ ਭੁਲੇਖਾ ਦੂਰ ਕਰਾਂ, ਕੁੜੀ ਦਾ ਮੈਂ ਸਿੱਧਾ-ਸਾਦਾ ਵਿਆਹ ਕਰੂੰ ਤੇ ਮੁੰਡੇ ਦੇ ਵਿਆਹ 'ਤੇ ਆਪਾਂ ਕੁਸ਼ ਲੈਣਾ ਨੀ। ਦੂਜੀ ਗੱਲ....... ਆਪਣੀ ਥੋੜ੍ਹੀ ਖੇਤੀ ਅਜੇ ਬਲ਼ਦਾਂ ਨਾਲ਼ ਚੱਲੀ ਜਾਂਦੀ ਐ। ਮੈਂ ਲੋਕਾਂ ਵਾਂਗ ਦੇਖੋ-ਦੇਖੀ ਅੱਡੀਆਂ ਚੁੱਕ ਕੇ ਫਾਹਾ ਨੀ ਲੈਣਾ। ਕਰਜ਼ੇ 'ਤੇ ਲਈ ਮਸ਼ੀਨਰੀ ਤੇ ਪੈਸੇ ਚੁੱਕ ਕੇ ਵਿਆਹ ਕਰਨ ਵਾਲ਼ਿਆਂ ਦਾ ਹਾਲ ਸਭ ਨੂੰ ਪਤਾ, ਕੀ ਹੁੰਦਾ। "

"ਲੈ, ਮੈਂ ਤਾਂ ਨੀ ਕਹਿੰਦੀ। ਮੈਨੂੰ ਤਾਂ ਆਪਣਾ ਪ੍ਰੀਤਮ ਕਹਿੰਦਾ ਸੀ, ਅਖੇ; ਬਾਪੂ ਨੂੰ ਤੂੰ ਕਹਿ। ਮੈਂ ਤਾਂ ਦਿਨ ਵਿੱਚ ਦੋ ਵੇਲ਼ੇ ਖੇਤ ਆਉਨੀ ਆਂ, ਕੰਮ ਕਰਨ। ਕੰਮ ਕਰਦੇ ਰਹੋ ਤਾਂ ਦੇਹ ਨਿਰੋਈ ਰਹਿੰਦੀ ਆ। ਵਿਹਲੇ ਬੰਦੇ ਨੂੰ ਤਾਂ ਸੌ ਬਿਮਾਰੀਆਂ ਲੱਗਦੀਆਂ ਨੇ। " ਧੰਨ ਕੌਰ ਨੇ ਆਪਣੇ ਪੁੱਤਰ ਦੇ ਮਨ ਦੀ ਗੱਲ ਪਿਆਰਾ ਸਿੰਘ ਨੂੰ ਕਹਿ ਸੁਣਾਈ ਸੀ। ਪਰ ਪਿਆਰਾ ਸਿੰਘ ਨੇ ਸਪਸ਼ਟ ਹੀ ਕਹਿ ਦਿੱਤਾ, " ਧੰਨ ਕੁਰੇ! ਮੈਂ ਤਾਂ ਜਦ ਤੱਕ ਨੈਣ-ਪ੍ਰਾਣ ਕੰਮ ਕਰਦੇ ਨੇ, ਕੁਦਰਤੀ ਢੰਗ ਨਾਲ਼ ਹੀ ਖੇਤੀ ਕਰੂੰਗਾ। ਤੈਨੂੰ ਤਾਂ ਪਤਾ, ਅੱਧੇ ਪਿੰਡ ਦੇ ਲੋਕ ਖਾਣ ਲਈ ਕਣਕ, ਮੱਕੀ ਤੇ ਮੂੰਗੀ ਆਪਣੇ ਕੋਲ਼ੋਂ ਮੁੱਲ ਲੈਂਦੇ ਨੇ। ਲੋਕਾਂ ਨੂੰ ਪਤਾ ਕਿ ਅਸੀਂ ਖੇਤਾਂ ਵਿੱਚ ਦੇਸੀ ਰੂੜੀ ਦੀ ਖਾਦ ਪਾਉਂਦੇ ਆਂ ਤੇ ਫ਼ਸਲਾਂ

ਤੇ ਕੋਈ ਦਵਾਈ ਨਹੀਂ ਛਿੜਕਦੇ। ਮੈਂ ਤਾਂ ਸਭ ਨੂੰ ਕਹਿੰਨਾਂ ਕਿ ਤੁਸੀਂ ਵੀ ਦੇਸੀ ਖਾਦ ਨਾਲ਼ ਫ਼ਸਲਾਂ ਤਿਆਰ ਕਰੋ। ਧੰਨ ਕੁਰੇ ! ਜੇ ਵਾਹ-ਵਹਾਈ ਸਮੇਂ ਸਿਰ ਹੋ ਜਾਵੇ ਤਾਂ ਖੇਤਾਂ ਵਿੱਚ ਨਦੀਨ ਹੁੰਦਾ ਈ ਨੀ। ਜੇ ਹੋ ਵੀ ਜਾਵੇ ਤਾਂ ਇੱਕ-ਅੱਧੀ ਗੋਡੀ ਕਰ ਦਿਓ। " ਧੰਨ ਕੌਰ ਨਾਲ਼ ਗੱਲਾਂ ਕਰਦਾ-ਕਰਦਾ ਪਿਆਰਾ ਸਿੰਘ ਮੋਢੇ 'ਤੇ ਕਹੀ ਰੱਖ ਕੇ ਖੇਤ ਨੂੰ ਤੁਰ ਪਿਆ।

ਪਿਆਰਾ ਸਿੰਘ ਆਪਣੀ ਧੁਨ ਦਾ ਪੱਕਾ ਸੀ। ਖੇਤੀ ਨੂੰ ਤਾਂ ਉਹ ਪੂਜਦਾ ਸੀ। ਕਈ ਵਾਰ ਉਹ ਆਖਦਾ ਧਰਤੀ ਤਾਂ ਸਾਡੀ ਮਾਂ ਹੈ, ਜਿੰਨੀ ਸੇਵਾ ਕਰੋਗੇ, ਓਨਾ ਹੀ ਫਲ਼ ਦਿੰਦੀ ਆ। ਉਹ ਸੂਰਜ ਦੀ ਟਿੱਕੀ ਛਿਪਣਸਾਰ ਹੀ ਬਲ਼ਦਾਂ ਦੇ ਗਲ਼ਾਂ ਵਿੱਚੋਂ ਪੰਜਾਲ਼ੀ ਲਾਹ ਦਿੰਦਾ ਸੀ।

ਉਹ ਆਖਦਾ, 'ਸਵੇਰ ਦੇ ਕੰਮ ਕਰਦੇ ਨੇ, ਇਹਨਾਂ ਨੂੰ ਵੀ ਅਰਾਮ ਦੀ ਲੋੜ ਐ, ਭਾਈ।' ਕਈ ਵਾਰ ਉਸ ਦਾ ਪੁੱਤਰ ਸ਼ਾਮ ਨੂੰ ਖੇਤ ਜਾ ਪਹੁੰਚਦਾ। ਪੱਠਿਆਂ ਦੀਆਂ ਭਰੀਆਂ ਰੇੜ੍ਹੀ 'ਤੇ ਲੱਦ ਕੇ ਉਹ ਦੋਵੇਂ ਪਿਓ-ਪੁੱਤਰ ਗੱਲਾਂ ਕਰਦੇ-ਕਰਦੇ ਘਰ ਨੂੰ ਆ ਜਾਂਦੇ।

ਪਸ਼ੂਆਂ ਨੂੰ ਪਾਣੀ ਪਿਆ ਕੇ ਪੱਠੇ-ਦੱਥੇ ਪਾਉਣ ਤੋਂ ਬਾਅਦ ਪਿਆਰਾ ਸਿੰਘ ਝਲਾਨੀ ਕੋਲ਼ ਆ ਕੇ ਪੁੱਛਦਾ, " ਬੇਟੀ ਪਾਲ ! ਕਾਹਦੀ ਸਬਜ਼ੀ ਬਣਾਈ ਐ ? "

"ਫਲ਼ੀਆਂ ਧਰੀਆਂ ਨੇ, ਬਾਪੂ ਜੀ ! ਬੇਬੇ ਦੁਪਹਿਰ ਵੇਲ਼ੇ ਖੇਤ ਚੋਂ ਫਲ਼ੀਆਂ ਤੋੜ ਲਿਆਈ ਸੀ। ਪਤੀਲੇ ਵਿੱਚ ਕੜਛੀ ਮਾਰਦੀ, ਪਾਲ ਬੋਲਦੀ।

"ਲੈ, ਸਬਜ਼ੀਆਂ ਦੀ ਸੁਣ ਲੈ---- ਸਾਰਾ ਆਂਢ-ਗੁਆਂਢ ਮੇਰੇ ਕੋਲ਼ੋਂ ਸਬਜ਼ੀਆਂ ਮੰਗ ਕੇ ਲਿਜਾਂਦਾ। ਕਹਿੰਦੇ ਥੋਡੀਆਂ ਸਬਜ਼ੀਆਂ 'ਤੇ ਦਵਾਈ ਨੀ ਛਿੜਕੀ ਹੁੰਦੀ। " ਧੰਨ ਕੌਰ ਪਿਆਰਾ ਸਿੰਘ ਦੇ ਅੱਗੇ ਰੋਟੀ ਦੀ ਥਾਲ਼ੀ ਰੱਖਦੀ ਹੋਈ ਆਖ ਰਹੀ ਸੀ।

"ਸਾਗ-ਸੱਤੂ ਅਤੇ ਸਬਜ਼ੀਆਂ 'ਤੇ ਦਵਾਈ ਛਿੜਕ ਕੇ ਇਹ ਲੋਕ ਖਾਣਗੇ ਕੀ ? " ਪਿਆਰਾ ਸਿੰਘ ਰੋਟੀ ਦੀ ਬੁਰਕੀ ਤੋੜਦਾ ਬੋਲਿਆ।

"ਬਾਪੂ ਜੀ ! ਹੁਣ ਤਾਂ ਸਰਕਾਰ ਵੀ ਪਾਣੀ ਦੇ ਡਿਗਦੇ ਪੱਧਰ ਬਾਰੇ ਸੋਚਣ ਲੱਗ ਪਈ ਆ। ਸੁਣਿਆ, ਨਵੀਂਆਂ ਸਕੀਮਾਂ ਬਣਾ ਰਹੀ ਹੈ", ਪ੍ਰੀਤਮ ਬੈਠਕ 'ਚੋਂ ਮੰਜਾ ਕੱਢ ਕੇ ਬਰਾਂਡੇ ਵਿੱਚ ਡਾਹੁੰਦਾ ਹੋਇਆ ਕਹਿ ਰਿਹਾ ਸੀ।

"ਭਾਈ, ਧਰਤੀ ਚ ਪਾਣੀ ਹੈ ਕਿੰਨਾ ਕੁ---- ? ਕਿਸਾਨਾਂ ਨੂੰ ਆਪ ਸੋਚਣਾ ਚਾਹੀਦਾ। ਖੇਤਾਂ ਵਿੱਚ ਰੁੱਖ-ਬੂਟੇ ਲਾ ਕੇ ਧਰਤੀ ਨੂੰ ਹਰਾ-ਭਰਾ ਰੱਖਣ ਤਾਂ ਪਾਣੀ ਦੀ ਘਾਟ ਹੀ ਨਾ ਰਹੇ। " ਰੋਟੀ ਖਾ ਕੇ ਹੱਥ ਧੋਂਦਾ ਪਿਆਰਾ ਸਿੰਘ ਪੁੱਤਰ ਨੂੰ ਕਹਿ ਰਿਹਾ ਸੀ।

"ਪ੍ਰੀਤਮਾ ! ਦੇਖ ਤਾਂ, ਬਾਹਰ ਗੇਟ 'ਤੇ ਕੋਈ ਖੜ੍ਹਾ ਲੱਗਦਾ। " ਫਿਰ ਗੁੜ ਦੀ ਰੋੜੀ ਖਾਂਦਾ ਹੋਇਆ ਪਿਆਰਾ ਸਿੰਘ ਆਪ ਵੀ ਗੇਟ ਵੱਲ ਨੂੰ ਤੁਰ ਪਿਆ।

" ਪਿਆਰਾ ਸਿੰਆਂ ! ਘਰੇ ਈ ਆਂ, ਭਾਈ !" ਪ੍ਰੀਤਮ ਸਿੰਘ ਨੇ ਗੇਟ ਖੋਲ੍ਹਿਆ ਤਾਂ ਸਰਪੰਚ ਅੰਦਰ ਲੰਘ ਆਇਆ।

"ਆਓ, ਸਰਪੰਚ ਸਾਹਿਬ ! ਆਓ, ਬੈਠੋ।" "ਬਹਿਣਾ ਨੀ, ਪਿਆਰਾ ਸਿੰਆਂ ! ਮੈਂ ਤਾਂ ਤੇਰੇ ਲਈ ਖ਼ਾਸ ਸੁਨੇਹਾ ਲੈ ਕੇ ਆਇਆਂ। ਕੱਲ੍ਹ ਨੂੰ ਆਪਣੇ ਪਿੰਡ ਖੇਤੀ-ਮਹਿਕਮੇ ਦੇ ਬੰਦਿਆਂ ਨੇ 'ਕੁਦਰਤੀ ਖੇਤੀ' ਬਾਰੇ ਕਿਸਾਨਾਂ ਨਾਲ਼, ਗੱਲਾਂ ਕਰਨ ਆਉਣੈ। ਤੇਰੇ ਬਾਰੇ ਉਹਨਾਂ ਨੇ ਖ਼ਾਸ ਤੌਰ 'ਤੇ ਪੁੱਛਿਆ। ਤੇਰੀ ਉਹ ਬੜੀ ਤਾਰੀਫ਼ ਕਰਦੇ ਸੀ। ਤੂੰ ਦਸ ਵਜੇ ਪੰਚਾਇਤ ਘਰ ਪਹੁੰਚ ਜਾਵੀਂ।"

ਸਰਪੰਚ ਗੱਲ ਕਰ ਕੇ ਮੁੜਨ ਲੱਗਿਆ ਫਿਰ ਬੋਲਿਆ, " ਮੈਂ ਤਾਂ ਉਹਨਾਂ ਨੂੰ ਕਹਿ 'ਤਾ, ਸਾਡਾ ਪਿੰਡ ਤਾਂ ਉਹਦੇ ਕੋਲ਼ੋਂ ਹੀ ਸਿੱਖ ਲਉ, ਖੇਤੀ ਕਰਨੀ। " ਫਿਰ ਹੱਸਦਾ-ਹੱਸਦਾ ਸਰਪੰਚ ਵਾਪਸ ਮੁੜ ਗਿਆ।

"ਆਹ ਤਾਂ ਕਮਾਲ ਹੋ ਗਈ, ਬਾਪੂ !" ਪ੍ਰੀਤਮ ਸਿੰਘ ਆਪਣੇ ਬਾਪੂ 'ਤੇ ਮਾਣ ਕਰਦਾ, ਧਰਤੀ ਤੋਂ ਗਿੱਠ ਉੱਚਾ ਹੋ ਗਿਆ ਸੀ।

"ਭਾਈ ! ਚੰਗੇ ਕੰਮ ਦਾ ਨਤੀਜਾ ਚੰਗਾ ਈ ਹੁੰਦਾ। ਚਲੋ, ਸਾਝਰੇ ਸੌਂ ਜਾਓ, ਸਵਖਤੇ ਉੱਠ ਕੇ ਪਹਿਲਾਂ ਖੇਤ ਨੂੰ ਜਾਵਾਂਗੇ। " ਪਿਆਰਾ ਸਿੰਘ ਸੌਣ ਲਈ ਆਪਣੇ ਮੰਜੇ 'ਤੇ ਜਾ ਬੈਠਾ। ਥੋੜ੍ਹੀ ਦੇਰ ਉਹ ਮੰਜੇ 'ਤੇ ਬੈਠਾ ਸੋਚਦਾ ਰਿਹਾ, ਫਿਰ ਸੌਂ ਗਿਆ। ਇਉਂ ਜਾਪਦਾ ਸੀ, ਜਿਵੇਂ ਪਿਆਰਾ ਸਿੰਘ ਨਵੀਂ ਸਵੇਰ ਦੇ ਸੁਪਨੇ ਲੈਂਦਾ ਪਿੰਡ ਦੇ ਕਿਸਾਨਾਂ ਨੂੰ ਕੁਦਰਤੀ ਢੰਗਾਂ ਨਾਲ਼ ਖੇਤੀ ਕਰਨ ਬਾਰੇ ਭਾਸ਼ਣ ਦੇ ਰਿਹਾ ਹੋਵੇ।

## ਪਾਠ-ਅਭਿਆਸ

**1. ਦੱਸੋ :**

(ੳ) ਪਿਆਰਾ ਸਿੰਘ ਦਾ ਨਿੱਤ-ਨੇਮ ਕੀ ਸੀ ?

(ਅ) ਪਿਆਰਾ ਸਿੰਘ ਹਰ ਰੋਜ਼ ਸਵਖਤੇ ਖੇਤਾਂ ਵਿੱਚ ਜਾ ਕੇ ਕੀ ਕਰਦਾ ਸੀ ?

(ੲ) ਪਿਆਰਾ ਸਿੰਘ ਨੇ ਕਿਹੜੇ-ਕਿਹੜੇ ਢੰਗ-ਤਰੀਕੇ ਆਪਣੇ ਬਾਪੂ ਦੀਦਾਰ ਸਿੰਘ ਤੋਂ ਸਿੱਖੇ ਸਨ ?

(ਸ) ਪਿਆਰਾ ਸਿੰਘ ਨੂੰ ਕਿਸੇ ਵੀ ਚੀਜ਼ ਦੀ ਤੰਗੀ-ਤੁਰਸ਼ੀ ਨਹੀਂ ਸੀ, ਦੱਸੋ ਕਿਵੇਂ ?

(ਹ) "ਤੂੰ ਵੀ ਖੇਤਾਂ ਵਿੱਚ ਫ਼ਾਰਮੀ ਖਾਦ ਪਾ, ਨਵੇਂ ਬੀਜ ਪਾ। ਆਪਾਂ ਵੀ ਟ੍ਰੈੱਕਟਰ ਵਾਲ਼ੇ ਬਣੀਏ।" ਧੰਨ ਕੌਰ ਵੱਲੋਂ ਦਿੱਤੀ ਸਲਾਹ ਪਿਆਰਾ ਸਿੰਘ ਕਿਉਂ ਨਹੀਂ ਸੀ ਮੰਨਣੀ ਚਾਹੁੰਦਾ।

(ਕ) ਪਿਆਰਾ ਸਿੰਘ ਆਪਣੇ ਦੋਂਹਾਂ ਬੱਚਿਆਂ ਦਾ ਵਿਆਹ ਕਿਹੋ-ਜਿਹਾ ਕਰਨਾ ਚਾਹੁੰਦਾ ਸੀ ?

(ਖ) ਪਿੰਡ ਦੇ ਲੋਕ ਪਿਆਰਾ ਸਿੰਘ ਦੇ ਖੇਤ ਦੀ ਫ਼ਸਲ ਅਤੇ ਸਬਜ਼ੀਆਂ ਕਿਉਂ ਖ਼ਰੀਦਦੇ ਸਨ ?

(ਗ) ਪਾਣੀ ਦੀ ਘਾਟ ਨੂੰ ਪੂਰਾ ਕਰਨ ਬਾਰੇ ਪਿਆਰਾ ਸਿੰਘ ਦੇ ਕੀ ਵਿਚਾਰ ਸਨ ? ਦੱਸੋ।

(ਘ) ਪਿੰਡ ਦਾ ਸਰਪੰਚ ਪਿਆਰਾ ਸਿੰਘ ਲਈ ਕੀ ਸੁਨੇਹਾ ਲਿਆਇਆ ਸੀ ?

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਝਲਾਨੀ | : | ਮਿੱਟੀ ਆਦਿ ਦੀ ਬਣਾਈ ਹੋਈ ਨੀਵੀਂ ਛੱਤ ਵਾਲ਼ੀ ਰਸੋਈ |
| ਨਿੱਤ-ਨੇਮ | : | ਹਰ ਰੋਜ਼ ਕਰਨ ਵਾਲ਼ਾ ਕੰਮ |
| ਮਸ਼ਹੂਰ | : | ਪ੍ਰਸਿੱਧ |
| ਵਿੱਢ ਲੈਣਾ | : | ਸ਼ੁਰੂ ਕਰਨਾ |
| ਨਵੇਂ-ਨਿਰੋਏ | : | ਤਕੜੇ, ਤੰਦਰੁਸਤ, ਚੰਗੇ-ਭਲੇ |
| ਨਿਆਈਂਆਂ | : | ਪਿੰਡ ਦੇ ਨੇੜੇ ਦੀ ਜ਼ਮੀਨ |
| ਹਾਜਰੀ | : | ਸਵੇਰ ਵੇਲ਼ੇ ਦੀ ਰੋਟੀ |
| ਖੱਤੀ | : | ਛੋਟਾ ਖੇਤ |
| ਨੈਣ-ਪ੍ਰਾਣ | : | ਸਰੀਰ ਦੇ ਅੰਗ, ਜਿੰਦ-ਜਾਨ |
| ਨਦੀਨ | : | ਖੇਤਾਂ ਵਿੱਚ ਉੱਗੇ ਵਾਧੂ ਪੌਦੇ |

**3. ਹੇਠ ਲਿਖੇ ਸ਼ਬਦਾਂ, ਵਾਕਾਂਸ਼ਾਂ ਤੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :**

ਟੁਣਕ-ਟੁਣਕ, ਦੱਬ ਕੇ ਵਾਹ ਤੇ ਰੱਜ ਕੇ ਖਾਹ, ਅੱਡੀਆਂ ਚੁੱਕ ਕੇ ਫਾਹਾ ਲੈਣਾ, ਧੁਨ ਦਾ ਪੱਕਾ ਹੋਣਾ, ਤਾਰੀਫ਼ ਕਰਨਾ, ਸਵਖਤੇ, ਧਰਤੀ ਤੋਂ ਗਿੱਠ ਉੱਚਾ ਹੋ ਗਿਆ।

**4. ਵਿਆਕਰਨ :**

ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਨਾਲ਼ ਆ ਕੇ ਉਸ ਦੀ ਵਿਸ਼ੇਸ਼ਤਾ ਪ੍ਰਗਟ ਕਰੇ, ਉਸ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ: ਨਵੇਂ-ਨਿਰੋਏ, ਚੰਗੇ, ਸੋਹਣਾ, ਬਾਰ੍ਹਵੀਂ ਆਦਿ। ਵਿਸ਼ੇਸ਼ਣ ਦੀਆਂ ਪੰਜ ਕਿਸਮਾਂ ਹੁੰਦੀਆਂ ਹਨ:

**1. ਗੁਣਵਾਚਕ ਵਿਸ਼ੇਸ਼ਣ :** ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਸ਼ਬਦ ਦੇ ਨਾਲ਼ ਆ ਕੇ ਉਸ ਦਾ ਗੁਣ - ਔਗੁਣ ਆਦਿ ਪ੍ਰਗਟ ਕਰੇ, ਉਸ ਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :

(ੳ) ਕੁੜੀ ਦਾ ਮੈਂ ਸਿੱਧਾ-ਸਾਦਾ ਵਿਆਹ ਕਰੂੰ।

(ਅ) ਮੁੰਡਾ ਜਵਾਨ ਹੋ ਗਿਆ।

ਉਪਰੋਕਤ ਵਾਕਾਂ 'ਚ ਲਕੀਰੇ ਗਏ ਸ਼ਬਦ ਗੁਣਵਾਚਕ ਵਿਸ਼ੇਸ਼ਣ ਹਨ।

**2. ਸੰਖਿਆਵਾਚਕ ਵਿਸ਼ੇਸ਼ਣ :** ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ-ਸ਼ਬਦਾਂ ਦੀ ਗਿਣਤੀ ਦਾ ਗਿਆਨ ਕਰਾਵੇ, ਉਸ ਨੂੰ ਸੰਖਿਆਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :

(ੳ) ਵਿਹਲੇ ਬੰਦੇ ਨੂੰ ਸੌ ਬਿਮਾਰੀਆਂ ਲੱਗਦੀਆਂ ਹਨ।

(ਅ) ਪਿਆਰਾ ਸਿੰਘ ਕੋਲ਼ ਵੀਹ ਵਿੱਘੇ ਜ਼ਮੀਨ ਸੀ।

ਉਪਰੋਕਤ ਵਾਕਾਂ 'ਚ ਲਕੀਰੇ ਗਏ ਸ਼ਬਦ ਸੰਖਿਆਵਾਚਕ ਵਿਸ਼ੇਸ਼ਣ ਹਨ।

3. **ਪਰਿਮਾਣਵਾਚਕ ਵਿਸ਼ੇਸ਼ਣ :** ਜਿਹੜੇ ਸ਼ਬਦਾਂ ਤੋਂ ਨਾਂਵ ਜਾਂ ਪੜਨਾਂਵ ਦੀ ਗਿਣਤੀ, ਮਾਪ ਜਾਂ ਤੋਲ ਦਾ ਗਿਆਨ ਹੋਵੇ, ਉਹਨਾਂ ਨੂੰ ਪਰਿਮਾਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :–

(ੳ) ਆਪਣੀ ਥੋੜ੍ਹੀ ਖੇਤੀ ਅਜੇ ਬਲ਼ਦਾਂ ਨਾਲ ਚੱਲੀ ਜਾਂਦੀ ਹੈ।

(ਅ) ਪਿੰਡ ਦੇ ਕਾਫ਼ੀ ਲੋਕ ਪਿਆਰਾ ਸਿੰਘ ਤੋਂ ਬੀਜ ਅਤੇ ਸਬਜ਼ੀਆਂ ਲੈ ਕੇ ਵਰਤਦੇ।

ਉਪਰੋਕਤ ਵਾਕਾਂ 'ਚ ਲਕੀਰੇ ਗਏ ਸ਼ਬਦ ਪਰਿਮਾਣਵਾਚਕ ਵਿਸ਼ੇਸ਼ਣ ਹਨ।

4 **ਨਿਸ਼ਚੇਵਾਚਕ ਵਿਸ਼ੇਸ਼ਣ :** ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ ਵੱਲ ਨਿਸ਼ਚੇਪੂਰਬਕ ਸੰਕੇਤ ਕਰੇ ਅਤੇ ਉਸ ਨੂੰ ਆਮ ਤੋਂ ਖ਼ਾਸ ਬਣਾਏ, ਉਸ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :

(ੳ) ਅਹਿ ਫ਼ਸਲ ਕਿੰਨੀ ਚੰਗੀ ਹੈ!

(ਅ) ਅਹੁ ਸਾਡੇ ਬਲ਼ਦ ਹਨ।

ਉਪਰੋਕਤ ਵਾਕਾਂ 'ਚ ਲਕੀਰੇ ਗਏ ਸ਼ਬਦ ਨਿਸ਼ਚੇਵਾਚਕ ਵਿਸ਼ੇਸ਼ਣ ਹਨ।

5 **ਪੜਨਾਂਵੀ ਵਿਸ਼ੇਸ਼ਣ :** ਜਿਹੜਾ ਸ਼ਬਦ ਪੜਨਾਂਵ ਹੋਵੇ ਪਰ ਨਾਂਵ-ਸ਼ਬਦ ਨਾਲ਼ ਲੱਗ ਕੇ ਵਿਸ਼ੇਸ਼ਣ ਦਾ ਕੰਮ ਕਰੇ, ਉਸ ਨੂੰ ਪੜਨਾਂਵੀ ਵਿਸ਼ੇਸ਼ਣ ਕਿਹਾ ਜਾਂਦਾ ਹੈ, ਜਿਵੇਂ :–

(ੳ) ਜਿਸ ਕਿਸਾਨ ਨੇ ਵੀ ਪਿਆਰਾ ਸਿੰਘ ਤੋਂ ਬੀਜ ਲਿਆ ਸੀ, ਉਹ ਕਾਮਯਾਬ ਹੋ ਗਿਆ।

(ਅ) ਮੇਰੀ ਕਹੀ ਕਿਸ ਕੋਲ਼ ਹੈ ?

ਉਪਰੋਕਤ ਵਾਕਾਂ 'ਚ ਲਕੀਰੇ ਗਏ ਸ਼ਬਦ ਪੜਨਾਂਵੀਂ ਵਿਸ਼ੇਸ਼ਣ ਹਨ।

**ਅਧਿਆਪਕ ਲਈ :**

**ਅਧਿਆਪਕ ਵਿਦਿਆਰਥੀਆਂ ਨੂੰ ਖੇਤੀ ਕਰਨ ਦੇ ਪੁਰਾਤਨ ਅਤੇ ਆਧੁਨਿਕ ਢੰਗਾਂ ਦੇ ਅੰਤਰ ਬਾਰੇ ਜਾਣਕਾਰੀ ਦੇਵੇ।**

ਪਾਠ-7

# ਬਾਲ-ਖੇਡਾਂ



ਰਲ਼ ਕੇ ਖੇਡਾਂ ਖੇਡਣ ਬੱਚੇ,
ਭੋਲ਼ੇ-ਭਾਲ਼ੇ ਦਿਲ ਦੇ ਸੱਚੇ।
ਗਲ਼ੀਆਂ ਦੇ ਵਿੱਚ ਰੌਲ਼ਾ ਪਾਵਣ,
ਨਾਲ਼ ਖ਼ੁਸ਼ੀ ਦੇ ਹੇਕਾਂ ਲਾਵਣ।
ਨੱਚਣ-ਟੱਪਣ, ਮਾਰਨ ਤਾੜੀ
ਬਣ ਜਾਂਦੇ ਝੱਟ ਪੱਕੇ ਆੜੀ।
ਇੱਕ-ਦੂਜੇ ਨੂੰ ਹਾਕਾਂ ਮਾਰਨ,
ਸਾਥ ਮੜਿੱਕ ਕੇ ਦਾਈ ਤਾਰਨ।
ਲੁਕਣ-ਮੀਟੀ ਖੇਡਦੇ ਨੱਸਣ,
ਲੱਭਣ ਪਿੱਛੋਂ ਖਿੜ-ਖਿੜ ਹੱਸਣ।
ਖੇਡਣ ਕੋਟਲ਼ਾ-ਛਪਾਕੀ,
ਘੁੰਮੇ ਇੱਕ ਤੇ ਬੈਠਣ ਬਾਕੀ।
ਕੂਕਾਂ-ਕਾਂਗੜੇ ਖੇਡ ਨਿਆਰੀ,
ਸਭ ਨੂੰ ਲੱਗੇ ਬੜੀ ਪਿਆਰੀ।



ਖੇਡਣ ਰਲ਼ ਕੇ ਖ਼ੂਬ ਕਬੱਡੀ,
ਧਰਤੀ 'ਤੇ ਨਾ ਲਾਵਣ ਅੱਡੀ।
ਕਦੇ ਪਿੱਠੂ ਦੀ ਖੇਡ ਰਚਾਵਣ,
ਗੇਂਦ ਮਾਰ ਕੇ ਪਿੱਠੂ ਢਾਵਣ।
ਅੰਨ੍ਹਾ ਝੋਟਾ ਬਣ-ਬਣ ਭੱਜਣ,
ਪੀਚੋ ਖੇਡ ਕੇ ਕਦੇ ਨਾ ਰੱਜਣ।
ਕਦੇ ਬੈਠ ਕੇ ਸੁਣਨ ਕਹਾਣੀ,
ਕਦੇ ਖੇਡਦੇ ਲੂਣ-ਮਧਾਣੀ।
ਡੰਡਾ-ਭੰਡਾਰੀਆ ਕਿੰਨਾ ਕੁ ਬੋਝ,
ਖੇਡਣ ਮਿਲ਼ ਕੇ ਸ਼ਾਮੀ ਰੋਜ਼।
ਰੱਸੀ-ਟੱਪਾ ਖੇਡਣ ਕੁੜੀਆਂ,
ਗੀਟੇ ਖੇਡਣ ਵਿਹੜੇ ਜੁੜੀਆਂ।
ਹੋਰ ਵੀ ਖੇਡਾਂ ਖੇਡਣ ਬਾਲਕ,
ਆਪਣੀ ਹੀ ਮਰਜ਼ੀ ਦੇ ਮਾਲਕ।

ਚੇਤੇ ਆਵੇ ਬਚਪਨ ਪਿਆਰਾ,
ਖੇਡਾਂ ਦਾ ਸੀ ਬੜਾ ਨਜ਼ਾਰਾ।
ਰਲ਼ ਕੇ ਖੇਡਾਂ ਖੇਡਣ ਬੱਚੇ,
ਭੋਲ਼ੇ-ਭਾਲ਼ੇ ਦਿਲ ਦੇ ਸੱਚੇ॥

## ਪਾਠ-ਅਭਿਆਸ

**1. ਦੱਸੋ :**

(ੳ) ਰਲ਼-ਮਿਲ਼ ਕੇ ਭੋਲ਼ੇ-ਭਾਲ਼ੇ ਬੱਚੇ ਕੀ ਕਰਦੇ ਹਨ ?

(ਅ) 'ਬਾਲ-ਖੇਡਾਂ' ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਬਾਲ-ਖੇਡਾਂ ਦਾ ਜ਼ਿਕਰ ਆਇਆ ਹੈ ?

(ੲ) ਕਵਿਤਾ ਅਨੁਸਾਰ ਕੁੜੀਆਂ ਕਿਹੜੀਆਂ ਬਾਲ-ਖੇਡਾਂ ਖੇਡਦੀਆਂ ਹਨ ?

(ਸ) ਕਵੀ ਆਪਣੇ ਬਚਪਨ ਨੂੰ ਕਿਉਂ ਯਾਦ ਕਰਦਾ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੂਰੀਆਂ ਕਰੋ ।**

(ੳ) ਨੱਚਣ-ਟੱਪਣ, ਮਾਰਨ ਤਾੜੀ,

______________________________

______________________________

(ਅ) ਇੱਕ-ਦੂਜੇ ਨੂੰ ਹਾਕਾਂ ਮਾਰਨ,

______________________________

______________________________

**3. ਨਿਮਨ-ਲਿਖਤ ਕਾਵਿ-ਸਤਰਾਂ ਦੀ ਵਿਆਖਿਆ ਕਰੋ :-**

ਕਦੇ ਪਿੱਠੂ ਦੀ ਖੇਡ ਰਚਾਵਣ,
ਗੇਂਦ ਮਾਰ ਕੇ ਪਿੱਠੂ ਢਾਵਣ।
ਅੰਨ੍ਹਾ ਝੋਟਾ ਬਣ-ਬਣ ਭੱਜਣ,
ਪੀਚੋ ਖੇਡ ਕੇ ਕਦੇ ਨਾ ਰੱਜਣ।

**4. ਔਖੇ ਸ਼ਬਦਾਂ ਦੇ ਅਰਥ ਦੱਸੋ :-**

| | | |
|---|---|---|
| ਹੇਕ | : | ਗਾਉਣ ਵੇਲ਼ੇ ਕੱਢੀ ਉੱਚੀ ਤੇ ਲੰਮੀ ਅਵਾਜ਼, ਲੰਮੀ ਸੁਰ |
| ਝੱਟ | : | ਤੁਰੰਤ |

ਆੜੀ : ਦੋਸਤ

ਹਾਕਾਂ : ਅਵਾਜ਼ਾਂ

ਦਾਈ : ਵਾਰੀ

ਮੜ੍ਹਿਕਣਾ : ਕਿਸੇ ਖੇਡ ਵਿੱਚ ਹਾਣੀਆਂ ਦੀ ਵੰਡ ਕਰਨ ਲਈ ਆਪਣਾ ਫ਼ਰਜ਼ੀ ਨਾਂ ਰੱਖਣਾ

ਨਿਆਰੀ : ਵੱਖਰੀ

ਬੋਝ : ਭਾਰ

ਵਿਹੜਾ : ਘਰ ਵਿੱਚ ਖੁੱਲ੍ਹੀ ਥਾਂ

ਬਾਲਕ : ਬੱਚਾ

ਚੇਤੇ : ਯਾਦ

ਨਜ਼ਾਰਾ : ਦ੍ਰਿਸ਼

## 5. ਮਿਲਾਣ ਕਰੋ:-

ਲੁਕਣ-ਮੀਟੀ – ਢਾਵਣ

ਪਿੱਠੂ – ਨੱਸਣ

ਭੰਡਾ-ਭੰਡਾਰੀਆ – ਕੁੜੀਆਂ

ਰੱਸੀ-ਟੱਪਾ – ਬੋਝ

## 6. ਸਮਾਨਾਰਥੀ ਸ਼ਬਦ :

ਬੱਚੇ : ਨਿਆਣੇ, ਬਾਲ, ਜਾਤਕ, ਸ਼ਿਸ਼ੂ

ਆੜੀ : ਦੋਸਤ, ਮਿੱਤਰ, ਬੇਲੀ

ਨੱਸਣ : ਭੱਜਣ, ਦੌੜਨ

ਧਰਤੀ : ਭੌਂ, ਜ਼ਮੀਨ, ਧਰਾਤਲ

ਲੱਭਣ : ਭਾਲ਼ਨ, ਖੋਜਣ, ਢੂੰਡਣ

ਸ਼ਾਮ : ਆਥਣ, ਤਕਾਲ਼ਾਂ, ਸੰਝ

## 7. ਇਸ ਪਾਠ ਵਿੱਚ ਆਏ ਨਾਂਵ-ਸ਼ਬਦਾਂ ਦੀ ਸੂਚੀ ਨਾਂਵ ਦੀਆਂ ਕਿਸਮਾਂ ਅਨੁਸਾਰ ਤਿਆਰ ਕਰੋ।

### ਵਿਦਿਆਰਥੀਆਂ ਲਈ:

ਆਪਣੇ ਅਧਿਆਪਕ ਦੀ ਸਹਾਇਤਾ ਨਾਲ਼ ਅੱਧੀ ਛੁੱਟੀ ਵੇਲ਼ੇ ਰਲ਼ ਕੇ ਕੋਈ ਬਾਲ-ਖੇਡ ਖੇਡੋ।

ਪਾਠ-8

# ਬਚਿੱਤਰ ਸਿੰਘ ਦੀ ਬਹਾਦਰੀ

ਸੰਗਤ ਜੁੜੀ ਨਿੱਤ ਵਾਂਗਰਾਂ, ਅੱਜ ਗੁਰੂਦੁਆਰੇ।
ਦਸਮ ਪਿਤਾ ਦੇ ਸੰਗ ਸਨ, ਬੈਠੇ ਇਉਂ ਸਾਰੇ।
ਜਿਉਂ ਚੰਨ ਦੁਆਲ਼ੇ ਸੋਭਦੇ, ਨੇ ਰਾਤੀਂ ਤਾਰੇ।
ਆ ਕੇ ਸੂਹੀਏ ਸਿੰਘ ਨੇ, ਮੁੱਖੋਂ ਫ਼ਰਮਾਇਆ।
"ਹੁਣੇ ਪਹਾੜੀ ਰਾਜਿਆਂ, ਇੱਕ ਮਤਾ ਪਕਾਇਆ।
ਇੱਕ ਹਾਥੀ ਰਾਜਾ 'ਕੇਸਰੀ', ਹੈ ਕਿਤੋਂ ਲਿਆਇਆ।
ਲੋਹਗੜ੍ਹ ਢਾਹੁਣ ਵਾਸਤੇ, ਉਹਨਾਂ ਕਰੀ ਤਿਆਰੀ।
ਸਿਰ ਹਾਥੀ ਦੇ ਬੰਨ੍ਹ ਕੇ, ਲੋਹ-ਤਵੇ ਦੋ ਭਾਰੀ।
ਉਹਦੀ ਸੁੰਡ ਦੇ ਨਾਲ਼ ਹੈ ਬੰਨ੍ਹ ਦਿੱਤੀ, ਤਲਵਾਰ ਦੋ-ਧਾਰੀ।
ਮਸਤ ਕਰਨ ਲਈ ਓਸ ਨੂੰ, ਹੈ ਸੁਰਾ ਪਿਆਈ।
ਕੱਲ੍ਹ ਨੂੰ ਏਧਰ ਆਵਣਾ, ਉਸ ਕਰ ਕੇ ਧਾਈ।"
ਏਦਾਂ ਕਹਿ ਕੇ ਸਿੰਘ ਨੇ, ਸੀ ਗੱਲ ਮੁਕਾਈ।
ਸੁਣ ਕੇ ਸਾਰੀ ਵਾਰਤਾ, ਸਤਿਗੁਰ ਮੁਸਕਾਏ।
ਦੁਨੀ ਚੰਦ ਵੱਲ ਵੇਖ ਕੇ, ਮੁੱਖੋਂ ਫ਼ਰਮਾਏ,
"ਆਉਂਦੈ ਹਾਥੀ ਮਸਤਿਆ, ਜੀਅ ਸਦਕੇ ਆਏ।"
ਇਹ ਗੱਲ ਸੁਣ ਕੇ ਦੁਨੀ ਚੰਦ, ਡਾਢਾ ਘਬਰਾਇਆ।
ਸੋਚਣ ਲੱਗਾ, "ਕਿਸਮਤੇ! ਕਿੱਥੇ ਮਰਵਾਇਆ?"
ਏਡੀ ਵੱਡੀ ਡੀਲ-ਡੌਲ, ਦਿਲ ਛੋਟਾ ਪਾਇਆ।
ਇੱਕ ਸਿੱਖ ਨੇ ਦੱਸਿਆ ਆਣ ਕੇ, ਦੂਜੇ ਦਿਨ ਤੜਕੇ,
"ਹਰਨ ਹੋ ਗਿਆ ਦੁਨੀ ਚੰਦ, ਕੰਧ ਉੱਤੋਂ ਚੜ੍ਹ ਕੇ।
ਲੱਤ ਟੁੱਟੀ ਕੰਧ ਟੱਪਦਿਆਂ, ਮਰਿਆ ਸੱਪ ਲੜ ਕੇ।"

ਹੱਸ ਕੇ ਬੋਲੇ ਸਤਿਗੁਰੂ, ਤੱਕ ਚਾਰ-ਚੁਫੇਰਾ,
"ਹਾਥੀ ਵਿੱਚ ਸਰੀਰ ਦੇ, ਹੈ ਜ਼ੋਰ ਬਥੇਰਾ।
ਸ਼ੇਰ ਨਾਲ਼ੋਂ ਪਰ ਘੱਟ ਹੈ, ਉਹਦੇ ਵਿੱਚ ਜੇਰਾ।"

ਫਿਰ ਕਿਹਾ ਬਚਿੱਤਰ ਸਿੰਘ ਨੂੰ, " ਸੁਣ, ਦੂਲਿਆ ਸ਼ੇਰਾ!
ਹਾਥੀ ਕਰੂ ਮੁਕਾਬਲਾ, ਕੀ ਸਿੰਘਾ ਤੇਰਾ ?
ਦਸਾਂ ਹਾਥੀਆਂ ਲਈ ਵੀ, ਤੂੰ ਸ਼ੇਰ ਬਥੇਰਾ।"
ਸੁਣ ਕੇ ਸਿੰਘ ਨੇ ਘੋੜੇ 'ਤੇ, ਕਾਠੀ ਜਾ ਪਾਈ।
ਲੋਹਗੜ੍ਹ ਦੇ ਵੱਲ ਓਸ ਨੇ, ਝੱਟ ਕਰੀ ਚੜ੍ਹਾਈ।
ਪੁੱਜਿਆ ਕਿਲ੍ਹੇ ਦੇ ਸਾਮ੍ਹਣੇ, ਉਸ ਦੇਰ ਨਾ ਲਾਈ।
ਮਸਤਿਆ ਹਾਥੀ ਆ ਰਿਹਾ, ਸੀ ਵਾਂਗ ਹਨੇਰੀ।
ਪਿੱਛੋਂ ਫ਼ੌਜਾਂ ਓਸ ਨੂੰ, ਜਾਵਣ ਸ਼ਿਸ਼ਕੇਰੀ।
ਸਿੰਘ ਬਚਿੱਤਰ ਗਰਜਿਆ, ਨਾ ਲਾਈ ਦੇਰੀ।
ਵਧਿਆ ਹਾਥੀ ਵੱਲ ਨੂੰ, ਯੋਧਾ ਬਲਕਾਰੀ।
ਧੂਹ ਨਾਗਣੀ ਓਸ ਨੇ, ਹਾਥੀ ਦੇ ਮਾਰੀ।
ਗਈ ਤਵੇ ਨੂੰ ਚੀਰਦੀ, ਧਸ ਅੰਦਰ ਸਾਰੀ।



ਹਾਥੀ ਭੱਜਿਆ ਚੀਕਦਾ, ਖਾ ਫੱਟ ਕਰਾਰਾ।
ਇੱਕੋ ਵਾਰ ਹੀ ਸਿੰਘ ਦਾ, ਕਰ ਗਿਆ ਨਿਤਾਰਾ।
ਭੱਜਿਆ ਰਣ 'ਚੋਂ 'ਕੇਸਰੀ,' ਲਸ਼ਕਰ ਵੀ ਸਾਰਾ।
ਸ਼ੇਰ ਬਚਿੱਤਰ ਸਿੰਘ ਨੇ, ਸੀ ਰੱਖ ਵਿਖਾਈ।
ਸਿੰਘ ਬਹਾਦਰ ਹੋਂਵਦਾ, ਇਹ ਅਸਲ ਸਚਾਈ।
ਸਿੰਘ-ਸੂਰਮੇ ਕਦੇ ਨਾ, ਰਣ ਪਿੱਠ ਵਿਖਾਈ।

## ਪਾਠ-ਅਭਿਆਸ

**1. ਦੱਸੋ :**

(ੳ) ਦਸਮ-ਪਿਤਾ ਦੇ ਦੁਆਲ਼ੇ ਬੈਠੀ ਸੰਗਤ ਕਿਵੇਂ ਲੱਗ ਰਹੀ ਸੀ ?

(ਅ) ਸੂਹੀਏ ਨੇ ਪਹਾੜੀ ਰਾਜਿਆਂ ਦੇ ਪਕਾਏ ਮਤੇ ਬਾਰੇ ਆ ਕੇ ਕੀ ਦੱਸਿਆ ?

(ੲ) ਸੂਹੀਏ ਦੀ ਵਾਰਤਾ ਸੁਣ ਕੇ ਗੁਰੂ ਜੀ ਨੇ ਕੀ ਕਿਹਾ ?

(ਸ) ਦੁਨੀ ਚੰਦ ਬਾਰੇ ਸਿੱਖ ਨੇ ਗੁਰੂ ਜੀ ਨੂੰ ਕੀ ਦੱਸਿਆ ?

(ਹ) ਗੁਰੂ ਜੀ ਨੇ ਬਚਿੱਤਰ ਸਿੰਘ ਨੂੰ ਕੀ ਕਿਹਾ ?

(ਕ) ਬਚਿੱਤਰ ਸਿੰਘ ਨੇ ਰਾਜਾ ਕੇਸਰੀ ਅਤੇ ਉਸ ਦੇ ਲਸ਼ਕਰ ਨੂੰ ਰਣ ਵਿੱਚੋ ਕਿਵੇਂ ਭਜਾਇਆ ?

**2. ਔਖੇ ਸ਼ਬਦਾਂ ਦੇ ਅਰਥ ਲਿਖੋ:-**

| | | |
|---|---|---|
| ਸੋਭਦੇ | : | ਸੋਹਣੇ ਲੱਗਦੇ, ਜਚਦੇ |
| ਫ਼ਰਮਾਇਆ | : | ਹੁਕਮ ਦਿੱਤਾ, ਆਖਿਆ |
| ਲੋਹ-ਤਵੇ | : | ਲੋਹੇ ਦੇ ਬਣੇ ਭਾਰੀ ਤਵੇ |
| ਸੁਰਾ | : | ਸ਼ਰਾਬ |
| ਧਾਈ | : | ਚੜ੍ਹਾਈ |
| ਵਾਰਤਾ | : | ਕਹਾਣੀ |
| ਮੁਸਕਾਏ | : | ਮੁਸਕਰਾਏ, ਹੱਸੇ |
| ਜੇਰਾ | : | ਹਿੰਮਤ, ਹੌਂਸਲਾ, ਧੀਰਜ |
| ਸ਼ਿਸ਼ਕੇਰੀ | : | ਹਲਾਸ਼ੇਰੀ ਦੇ ਕੇ ਮਗਰ ਪਾਉਣਾ, ਮੂੰਹ ਦੀ ਅਵਾਜ਼ ਨਾਲ਼ ਡਰਾਉਣਾ |
| ਬਲਕਾਰੀ | : | ਤਾਕਤਵਰ |
| ਫੱਟ | : | ਜ਼ਖ਼ਮ |
| ਲਸ਼ਕਰ | : | ਫ਼ੌਜ |
| ਰਣ | : | ਮੈਦਾਨ |

**3. ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ:-**

ਮਤਾ ਪਕਾਉਣਾ, ਹਰਨ ਹੋਣਾ, ਚੜ੍ਹਾਈ ਕਰਨਾ, ਨਿਤਾਰਾ ਕਰਨਾ, ਰੱਖ ਵਿਖਾਉਣਾ, ਪਿੱਠ ਵਿਖਾਉਣਾ।

**ਵਿਦਿਆਰਥੀਆਂ ਨੂੰ ਇਤਿਹਾਸਿਕ ਹਵਾਲਿਆਂ ਨਾਲ਼ ਬਚਿੱਤਰ ਸਿੰਘ ਵਰਗੇ ਹੋਰ ਬਹਾਦਰ ਵਿਅਕਤੀਆਂ ਬਾਰੇ ਜਾਣਕਾਰੀ ਦਿਓ।**

## ਪਾਠ-9

# ਮੇਰੇ ਦਾਦੀ ਜੀ



ਮੇਰੇ ਦਾਦੀ ਜੀ ਬੁੱਢੇ ਹਨ, ਬਹੁਤ ਬੁੱਢੇ, ਨੱਬੇ ਤੋਂ ਤਿੰਨ ਉੱਤੇ, ਤਰਿਆਨਵੇਂ ਵਰ੍ਹੇ ਦੇ। ਇਹ ਛੋਟੇ ਹਨ, ਬਹੁਤ ਛੋਟੇ, ਮਸਾਂ ਚਾਰ ਤੇ ਅੱਧਾ ਫ਼ੁੱਟ। ਇਹ ਖ਼ੁਸ਼ ਹਨ, ਬੜੇ ਖ਼ੁਸ਼, ਜੀਕਰ ਸੁਨਹਿਰੀ ਕਿਰਨਾਂ ਚੁੰਮਿਆ—ਕੰਵਲ। ਇਹ ਕੋਮਲ ਹਨ, ਬੜੇ ਕੋਮਲ, ਉਸ ਨਿੱਕੀ ਨਦੀ ਵਾਂਗ ਜਿਹੜੀ ਮਹਿਕਦੇ ਬਾਗ਼ ਦੇ ਖਿੜਦੇ ਬੂਟਿਆਂ ਨੂੰ ਛੂੰਹਦੀ ਵਗਦੀ ਹੈ।

ਇਹ ਇੱਕ ਪੁਰਾਤਨ ਸਿੱਖ ਦਾ ਨਮੂਨਾ ਹਨ। ਇਹਨਾਂ ਦੇ ਦੁਆਲ਼ੇ ਸੈਂਕੜੇ ਨਵੇਂ ਖ਼ਿਆਲ ਉੱਠਦੇ ਤੇ ਇਹਨਾਂ ਨੂੰ ਛੂਹੇ ਬਿਨਾਂ ਮੁੱਕ ਜਾਂਦੇ ਹਨ। ਬੱਦਲ਼ ਕਾਲ਼ੇ ਹੋਣ ਜਾਂ ਧੁੱਪਾਂ ਲਿਸ਼ਕਦੀਆਂ ਹੋਣ, ਮੀਂਹ ਵਰ੍ਹਦੇ ਜਾਂ ਧਰਤੀ ਤਪਦੀ ਹੋਵੇ, ਇਹ ਪਥਰੀਲੀ ਪਹਾੜੀ ਦੀ ਸਿਖਰ ਉੱਤੇ ਸੰਗਮਰਮਰ ਦੇ ਮੰਦਰ ਵਾਂਗ ਉਹਨਾਂ ਤਬਦੀਲੀਆਂ ਉੱਤੇ ਮੁਸਕਰਾਉਂਦੇ ਹਨ ਜਿਹੜੀਆਂ ਇਹਨਾਂ ਨੂੰ ਤਬਦੀਲ ਨਹੀਂ ਕਰਦੀਆਂ।

ਇਹ ਜਾਗਦੇ ਹਨ, ਇਹ ਸੌਂਦੇ ਹਨ, ਇਹ ਖਾਂਦੇ ਹਨ, ਇਹ ਵਰਤ ਰੱਖਦੇ ਹਨ-ਸਭ ਨੂੰ ਧਰਮ ਸਮਝ ਕੇ। ਕੰਮ ਕਰਦੇ ਹਨ-ਧਰਮ ਸਮਝ ਕੇ, ਅਰਾਮ ਕਰਦੇ ਹਨ-ਧਰਮ ਸਮਝ ਕੇ। ਇਹਨਾਂ ਲਈ ਧਰਮ ਕੋਈ ਸਿਧਾਂਤ ਨਹੀਂ, ਕੋਈ ਅਕੀਦਾ ਨਹੀਂ—ਸਮੁੱਚਾ ਜੀਵਨ ਹੈ।

ਇਹਨਾਂ ਦੇ ਸੁਭਾਅ ਵਿੱਚ ਧਰਮ ਦੇ ਮਿੱਠੇ-ਮਿੱਠੇ ਭਰਮਾਂ ਦੀ ਪਵਿੱਤਰਤਾ ਹੈ। ਕਦੇ ਕੋਈ ਮਹਿਮਾਨ ਘਰੋਂ ਅਸੰਤੁਸ਼ਟ ਚਲਾ ਜਾਏ ਜਾਂ ਕਿਸੇ ਫ਼ਕੀਰ ਦਾ ਨਿਰਾਦਰ ਹੋ ਜਾਏ ਤਾਂ ਇਹਨਾਂ ਨੂੰ ਚੰਗਾ ਨਹੀਂ ਲੱਗਦਾ।

ਇਹ ਹਰ ਪੂਰਨ ਚੰਨ ਸਮੇਂ ਵਰਤ ਰੱਖਦੇ ਹਨ। ਚੰਗੇ ਸਗਨਾਂ ਵਿੱਚ ਵਿਸ਼ਵਾਸ ਰੱਖਦੇ ਹਨ। ਘਰੋਂ ਜਾਂਦੇ ਕਿਸੇ ਨੂੰ ਨਰਾਜ਼ ਨਹੀਂ ਹੋਣ ਦਿੰਦੇ। ਮਿੱਠ-ਮੁਸਕਰਾਉਂਦੇ, ਗ਼ੁੱਸੇ ਤੋਂ ਬਿਲਕੁਲ ਖ਼ਾਲੀ ਹਨ।

ਇਹਨਾਂ ਦੇ ਪ੍ਰਾਰਥਨਾ-ਕਮਰੇ ਵਿੱਚ ਇੱਕ ਸਾਦੀ ਦਰੀ ਵਿਛੀ ਹੈ। ਵਿਚਕਾਰ ਇੱਕ ਰੰਗੀਲਾ ਪੀਹੜਾ ਡੱਠਾ ਹੈ, ਉਹਦੇ ਉੱਤੇ ਪੂਜਯ ਗ੍ਰੰਥ ਸਾਹਿਬ ਬਿਰਾਜਮਾਨ ਹਨ। ਇਸ ਮੁਤਬਰਕ ਕਮਰੇ ਵਿੱਚ ਫ਼ਰਸ਼ 'ਤੇ ਚਾਂਦੀ ਦੀ ਧੂਫਦਾਨ ਵਿੱਚ ਧੂਫ ਧੁਖਦਾ ਹੈ।

ਇਹ ਏਨੇ ਗੀਤ ਗਾ ਸਕਦੇ ਹਨ, ਏਨੀਆਂ ਕਹਾਣੀਆਂ ਸੁਣਾ ਸਕਦੇ ਹਨ ਕਿ ਅਸੀਂ ਜਦੋਂ ਬੱਚੇ ਸਾਂ, ਕਿੰਨੀ -ਕਿੰਨੀ ਰਾਤ ਜਿਵੇਂ ਕਿਸੇ ਜਾਦੂ ਨਾਲ਼ ਮੂੰਹ, ਅੱਖਾਂ ਖੋਲ੍ਹੀ, ਹੁੰਗਾਰੇ ਦੇਂਦੇ ਤੇ 'ਅੱਗੋ ਕੀ ਹੋਇਆ ?' ਪੁੱਛਦੇ ਰਹਿੰਦੇ ਸਾਂ। ਕਹਾਣੀਆਂ ਹਰ ਕਿਸਮ ਦੀਆਂ —ਪਰੀਆਂ ਦੀਆਂ, ਬਹਾਦਰਾਂ ਦੀਆਂ। ਸਭ ਤੋਂ ਸੋਹਣੀ ਉਸ ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ, ਜੀਹਦੇ ਮੂੰਹੋਂ ਫੁੱਲ ਕਿਰਦੇ ਸਨ। ਜਦੋਂ ਉਹ ਹੱਸਦੀ ਸੀ ਤੇ ਮੂੰਹ ਤੋਂ ਡਿਗਿਆ ਹਰ ਫੁੱਲ-ਬੂਟਾ ਬਣ ਜਾਂਦਾ ਸੀ ਤੇ ਥੋੜ੍ਹੇ ਚਿਰ ਵਿੱਚ ਹੀ ਉਹਦਾ ਸਾਰਾ ਰਾਜ ਸੋਹਣੇ ਬਾਗ਼ਾਂ ਨਾਲ਼ ਭਰਿਆ ਗਿਆ ਸੀ।

ਇਹ ਕੁਦਰਤ ਦਾ ਬੜਾ ਸਤਿਕਾਰ ਕਰਦੇ ਹਨ। ਸਤਿਕਾਰ ਹੀ ਨਹੀਂ ਬੜਾ ਪਿਆਰ ਕਰਦੇ ਹਨ। ਜਦੋਂ ਬਿਜਾਈ ਦੀ ਰੁੱਤ ਆਉਂਦੀ ਹੈ ਤੇ ਕਿਸਾਨ ਆਪਣੇ ਹਲ਼ਾਂ ਨਾਲ਼ ਧਰਤੀ ਮਾਤਾ ਦੀਆਂ ਵੱਖੀਆਂ ਕੁਤਕੁਤਾਂਉਂਦੇ ਤੇ ਸੁਨਹਿਰੀ ਬੀਜ ਪੋਲੀਆਂ ਤਹਿਆਂ ਵਿੱਚ ਲੁਕਾਉਂਦੇ ਹਨ ਤੇ ਆਸ ਰੱਖਦੇ ਹਨ ਕਿ ਧਰਤੀ ਮਾਤਾ ਲਹਿਰਾਉਂਦੀਆਂ ਫ਼ਸਲਾਂ ਵਿੱਚ ਹੱਸੇਗੀ।

ਉਦੋਂ ਮੇਰੇ ਦਾਦੀ ਜੀ ਆਪਣੇ ਕਮਰੇ ਦੇ ਇੱਕ ਆਲ਼ੇ ਵਿੱਚ ਚੋਣਵੇਂ ਦਾਣੇ ਕਣਕ ਦੇ ਬੀਜਦੇ ਹਨ, ਇਹਨਾਂ ਨੂੰ ਪਾਣੀ ਦੇਂਦੇ, ਨਾਲ਼ ਕੂਲ਼ੀਆਂ, ਹਰੀਆਂ ਚੁੰਝਾਂ ਨੂੰ ਉੱਚਾ ਹੁੰਦੇ ਵੇਖਦੇ ਹਨ। ਹਰੀ ਖੇਤਰੀ ਦੇ ਸਾਮ੍ਹਣੇ ਇਹ ਰੋਜ਼ਾਨਾ ਜੋਤ ਜਗਾਉਂਦੇ ਹਨ, ਮੱਥਾ ਟੇਕਦੇ ਤੇ ਪ੍ਰਾਰਥਨਾ ਕਰਦੇ ਹਨ। ਕੁਝ ਦਿਨਾਂ ਬਾਅਦ ਬੜੇ ਆਦਰ ਨਾਲ਼ ਇੱਕ-ਇੱਕ ਡਾਲ਼ ਨੂੰ ਪੁੱਟਦੇ ਤੇ ਉਹਨਾਂ ਨਾਲ਼ ਗੱਲਾਂ ਕਰਦੇ ਹਨ। ਫੇਰ ਸੁੱਖਾਂ ਮੰਗਦੇ ਇਹ ਖੇਤਰੀ ਨੂੰ ਪਾਣੀ ਵਿੱਚ ਪ੍ਰਵਾਹ ਕਰ ਦਿੰਦੇ ਹਨ।

ਘਰ ਮੁੜ ਕੇ ਇਹ ਗੁਆਂਢੀ ਘਰਾਂ ਦੀਆਂ ਕੰਜਕਾਂ ਨੂੰ ਬੁਲਾਉਂਦੇ ਹਨ, ਉਹਨਾਂ ਦੇ ਪੈਰ ਧੋਂਦੇ ਹਨ, ਉਹਨਾਂ ਅੱਗੇ ਸਿਰ ਝੁਕਾਉਂਦੇ ਹਨ ਅਤੇ ਉਹਨਾਂ ਨੂੰ ਪਿਆਰ ਨਾਲ਼ ਪਕਾਈਆਂ ਚੀਜ਼ਾਂ ਖੁਆਉਂਦੇ ਹਨ। ਪਚਾਸੀ ਵਰ੍ਹੇ ਦੀ ਉਮਰ ਤੱਕ ਕੰਜਕਾਂ ਦਾ ਖਾਣਾ ਇਹ ਆਪਣੇ ਹੱਥੀਂ ਤਿਆਰ ਕਰਦੇ ਰਹੇ ਹਨ।

ਹਰ ਰੋਜ਼ ਚੜ੍ਹਦੇ ਸੂਰਜ ਨੂੰ ਇਹ ਮੱਥਾ ਟੇਕਦੇ ਹਨ ਤੇ ਹਰ ਸ਼ਾਮ ਨੀਲੇ ਅਕਾਸ਼ ਨੂੰ। ਰਾਤੀਂ ਕਦੇ ਚੰਨ ਨੂੰ, ਕਦੇ ਧਰੂ ਤਾਰੇ ਨੂੰ ਹੱਥ ਜੋੜਦੇ ਹਨ- ਕਹਿੰਦੇ ਹਨ-ਇਹ ਧਰੂ ਸਤਿ ਵਾਂਗ ਅਟੱਲ ਖੜੋਤਾ ਹੈ।

ਨਵਾਂ ਚੰਨ ਇਹਨਾਂ ਦਾ ਪਿਆਰਾ ਹੈ। ਜਦੋਂ ਇਹ ਚੜ੍ਹਨਾ ਹੁੰਦਾ ਹੈ, ਇਹ ਧੁਰ ਕੋਠੇ 'ਤੇ ਚੜ੍ਹ ਜਾਂਦੇ ਹਨ ਤੇ ਆਪਣੀਆਂ ਨਿਰਬਲ ਅੱਖਾਂ ਨਾਲ਼ ਘਸਮੈਲ਼ੇ ਬੱਦਲ਼ਾਂ ਦੀਆਂ ਚਿੱਟੀਆਂ ਕੰਨੀਆਂ ' ਚੋਂ ਚਾਂਦੀ-ਕਮਾਨ ਦੀ ਧਾਰ ਢੂੰਡਦੇ ਹਨ ਜਿਸ ਕਮਾਨ ਨੂੰ ਇਹ ਖ਼ਿਆਲ ਕਰਦੇ ਹਨ ਕਿ ਬੱਦਲ਼ ਆਪਣੀਆਂ ਕਾਲ਼ੀਆਂ ਝੋਲ਼ੀਆਂ ਵਿੱਚ ਲੁਕਾ ਸਾਂਭਦੇ ਹਨ।

ਕਿਸੇ ਕੋਠੇ ਤੋਂ ਵਾਜ ਆਉਂਦੀ ਹੈ, " ਔਹ-ਔਹ, ਔਹਨਾਂ ਬੱਦਲ਼ਾਂ ਦੇ ਉੱਤੇ। " ਮੇਰੇ ਦਾਦੀ ਜੀ ਕਾਹਲ਼ੇ ਪੈ ਜਾਂਦੇ ਹਨ ਤੇ ਕੰਬਦੀ ਅਵਾਜ਼ ਵਿੱਚ ਸਾਰੇ ਬੱਚਿਆਂ ਨੂੰ ਵਾਜਾਂ ਮਾਰਦੇ ਹਨ। ਅਸੀਂ ਉਹਨਾਂ ਦੇ ਪਿੱਛੇ ਖੜੋ ਜਾਂਦੇ ਹਾਂ। ਅਸੀਂ ਉਹਨਾਂ ਦੀਆਂ ਬਾਂਹਾਂ ਫੜ ਕੇ ਸੇਧਾਂ ਬੰਨ੍ਹਦੇ ਹਾਂ। ਅਸੀਂ ਸਾਰੇ ਕਹਿੰਦੇ ਹਾਂ, ਔਹ ਔਹ, ਬੇਬੇ ਜੀ, ਔਹ।" ਉਹ ਹਰ ਪਾਸੇ ਅੱਖਾਂ ਫੇਰਦੇ ਹਨ ਪਰ ਉਹਨਾਂ ਦੇ ਮਨ ਦਾ ਪਿਆਰਾ ਉਹਨਾਂ ਨੂੰ ਦਿਸਦਾ ਨਹੀਂ। ਉਹ ਕਹਿੰਦੇ ਹਨ, " ਕਿੱਥੇ ? ਕਿੱਥੇ ? ਮੇਰੇ ਜਿਊਂਣ ਜੋਗਿਓ, ਮੈਨੂੰ ਨਹੀਂ ਲੱਭਦਾ! ਮੇਰੀਆਂ ਅੱਖਾਂ ਤਾਂ ਬੁੱਢੀਆਂ ਹੋ ਗਈਆਂ ਨੇ, ਕੀ ਹੁਣ ਮੈਨੂੰ ਚੰਨ ਨਹੀਂ ਲੱਭਿਆ ਕਰੂਗਾ ?"

ਅਖੀਰ ਬੱਦਲ਼ਾਂ ਦੇ ਉੱਪਰ ਜਦੋਂ ਚੰਨ-ਮੁਖੜਾ ਸਾਫ਼ ਲਿਸ਼ਕ ਪੈਂਦਾ ਏ, ਉਹਨਾਂ ਨੂੰ ਵੀ ਝੌਲ਼ਾ ਪੈ ਜਾਂਦਾ ਏ ਤੇ ਬਾਲਾਂ ਵਰਗੀ ਖ਼ੁਸ਼ੀ ਨਾਲ਼ ਉਹ ਕੰਬਣ ਲੱਗ ਪੈਂਦੇ ਤੇ ਗਾਉਂਦੇ ਹਨ:

ਪਾਣੀ ਦਾ ਛਿੱਟਾ ਸੁੱਟ ਦੇ,
ਬਾਲ-ਚੰਨ ਦਾ ਮੂੰਹ ਧੋਣ ਲਈ,
ਮਠਿਆਈ ਦੇ ਭੋਰੇ ਨੂੰ ਸੁੱਟ ਦੇ,
ਨਵ-ਜੰਮੇ ਨੂੰ ਖੁਆਉਣ ਲਈ।

ਫੇਰ ਉਹ ਮੂੰਹ ਵਿੱਚ ਪ੍ਰਾਰਥਨਾ ਕਰਦੇ ਤੇ ਇੱਕ-ਇੱਕ ਦਾ ਮੂੰਹ ਚੁੰਮਦੇ ਤੇ ਅਸੀਸ ਦਿੰਦੇ ਹਨ, "ਵੱਡੀ ਉਮਰ ਹੋਵੇ ਜੇ! ਜੁਆਨੀਆਂ ਮਾਣੋ!"

ਉੱਤੋਂ ਉੱਤਰ, ਖ਼ੁਸ਼ੀ ਨਾਲ਼ ਕੰਬਦੇ ਉਹ ਕਮਰਿਓਂ-ਕਮਰੇ ਜਾਂਦੇ ਤੇ ਜਿਹੜਾ ਲੱਭੇ ਉਹਨੂੰ ਅਸੀਸ ਦੇਂਦੇ ਹਨ। ਇਹ ਖ਼ੂਬਸੂਰਤ ਦਾਦੀ-ਮਾਤਾ ਸੌ ਵਰ੍ਹੇ ਦੀ ਉਮਰ ਭੋਗ ਕੇ ਪੂਰੀ ਹੋ ਗਈ। ਪੂਰੇ ਹੋਣ ਤੋਂ ਅਖੀਰਲਾ ਇੱਕ ਮਹੀਨਾ ਇਹ ਮੰਜੇ 'ਤੇ ਪਏ ਪਰ ਇਹਨਾਂ ਆਪਣੀ ਪੀੜ ਦਾ ਭਾਰ ਕਿਸੇ 'ਤੇ ਨਹੀਂ ਪਾਇਆ। ਜਦੋਂ ਕਿਸੇ ਹਾਲ ਪੁੱਛਿਆ, ਇਹਨਾਂ ਹੱਸ ਕੇ 'ਚੰਗਾ' ਹੀ ਆਖਿਆ।

ਇਹਨਾਂ ਦੀ ਫੂਹੜੀ ਉੱਤੇ ਕਈਆਂ ਨੇ ਇਹਨਾਂ ਦੀਆਂ ਉਹ ਗੱਲਾਂ ਦੱਸੀਆਂ, ਜਿਹੜੀਆਂ ਉਹਨਾਂ ਆਪਣੇ ਘਰਦਿਆਂ ਨਾਲ਼ ਨਹੀ ਸਨ ਕੀਤੀਆਂ। ਹਰ ਕਿਸੇ ਦਾ ਖ਼ਿਆਲ ਸੀ ; ਬੇਬੇ ਦੇ ਭੇਤ, ਬੇਬੇ ਨੇ ਆਪਣੇ ਜ਼ਿਹਨ ਵਿੱਚ ਸਾਂਭੇ ਹੋਏ ਹਨ ਪਰ ਫੂਹੜੀ ਉੱਤੇ ਜਦੋਂ ਤੇਰਾਂ ਦਿਨ ਹਰ ਕਿਸੇ ਨੇ ਆਪਣੀਆਂ ਯਾਦਾਂ ਨੰਗੀਆਂ ਕਰ ਵਿਖਾਈਆਂ ਤਾਂ ਮੈਨੂੰ ਜਾਪਿਆ, ਉਹ ਦਾਦੀ ਮੇਰੀ ਹੀ ਨਹੀਂ ਸਗੋਂ ਉਹ ਇਨਸਾਨੀ ਦਿਲਾਂ ਦਾ ਬੈਂਕ ਸੀ।

## ਪਾਠ-ਅਭਿਆਸ

**1. ਦੱਸੋ :-**

(ੳ) ਸਰੀਰਿਕ ਪੱਖੋਂ ਦਾਦੀ ਜੀ ਕਿਸ ਤਰ੍ਹਾਂ ਦੇ ਸਨ ?

(ਅ) ਦਾਦੀ ਜੀ ਨੂੰ ਕਿਹੜੀ ਗੱਲ ਚੰਗੀ ਨਹੀਂ ਲੱਗਦੀ ?

(ੲ) ਦਾਦੀ ਜੀ ਦੇ ਪ੍ਰਾਰਥਨਾ-ਕਮਰੇ ਵਿੱਚ ਕਿਹੜਾ-ਕਿਹੜਾ ਸਮਾਨ ਪਿਆ ਸੀ ?

(ਸ) ਮੋਹਿਨੀ ਸ਼ਹਿਜ਼ਾਦੀ ਦੀ ਕਹਾਣੀ ਵਿੱਚ ਮੋਹਿਨੀ ਸ਼ਹਿਜ਼ਾਦੀ ਕਿਹੋ-ਜਿਹੀ ਸੀ ?

(ਹ) ਖੇਤਰੀ ਜਲ-ਪ੍ਰਵਾਹ ਕਰਨ ਤੋਂ ਬਾਅਦ ਦਾਦੀ ਜੀ ਕੰਜਕਾਂ ਲਈ ਕੀ ਕਰਦੇ ਸੀ ?

(ਕ) ਹਰ ਰੋਜ਼ ਸਵੇਰੇ, ਸ਼ਾਮ ਅਤੇ ਰਾਤ ਵੇਲ਼ੇ ਦਾਦੀ ਜੀ ਕੀ ਕਰਦੇ ਸਨ ?

(ਖ) ਦਾਦੀ ਜੀ ਦੇ ਅੰਤਿਮ ਸਮੇਂ ਦਾ ਵਰਨਣ ਆਪਣੇ ਸ਼ਬਦਾਂ ਵਿੱਚ ਕਰੋ।

(ਗ) ਮੇਰੇ ਦਾਦੀ ਜੀ ਇਨਸਾਨੀ ਦਿਲਾਂ ਦੀ ਬੈਂਕ ਸੀ, ਕਿਵੇਂ ?

**2. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਜੀਕਰ | : | ਜਿਵੇਂ |
| ਪੁਰਾਤਨ | : | ਪੁਰਾਣਾ |
| ਤਬਦੀਲੀ | : | ਬਦਲੀ |
| ਅਕੀਦਾ | : | ਧਾਰਮਿਕ ਵਿਸ਼ਵਾਸ, ਭਰੋਸਾ |
| ਨਿਰਾਦਰ | : | ਅਪਮਾਨ |
| ਬਿਰਾਜਮਾਨ | : | ਬੈਠਾ, ਸੁਸ਼ੋਭਿਤ |
| ਮੁਤਬਰਕ | : | ਪਾਕ, ਪਵਿੱਤਰ |
| ਆਲ਼ਾ | : | ਕੰਧ ਵਿੱਚ ਬਣਿਆ ਖੁੱਡਾ ਜਾਂ ਰਖਣਾ |
| ਜਲ-ਪ੍ਰਵਾਹ | : | ਪਾਣੀ ਵਿੱਚ ਤਾਰ ਦੇਣਾ |
| ਵਾਜ | : | ਅਵਾਜ਼ |

| | | |
|---|---|---|
| ਨਿਰਬਲ | : | ਕਮਜ਼ੋਰ |
| ਘਸਮੈਲ਼ਾ | : | ਮਟਿਆਲ਼ਾ, ਗੰਦਾ, ਮੈਲ਼ਾ |
| ਫੂਹੜੀ | : | ਮੋਟੀ ਸਫ਼, ਦਰੀ, ਮਰਨ ਉਪਰੰਤ ਵਿਛਾਈ ਦਰੀ, ਜਿੱਥੇ ਆ ਕੇ ਬੈਠ ਕੇ ਲੋਕ ਅਫ਼ਸੋਸ ਕਰਦੇ ਹਨ। |

**3. ਹੇਠ ਲਿਖਿਆਂ ਨੂੰ ਵਾਕਾਂ' ਚ ਵਰਤੋ:-**

ਸਿਧਾਂਤ, ਫ਼ਕੀਰ, ਭਰਪੂਰ, ਸ਼ਹਿਜ਼ਾਦੀ, ਕੁਦਰਤ, ਚੋਣਵੇਂ, ਕੰਜਕਾਂ, ਪ੍ਰਾਰਥਨਾ, ਇਨਸਾਨੀ।

**4. ਪੜ੍ਹੋ, ਸਮਝੋ ਤੇ ਮਿਲਾਣ ਕਰੋ:-**

| | |
|---|---|
| ਬਾਗ਼ | ਮੀਂਹ |
| ਬੱਦਲ਼ | ਬੂਟੇ |
| ਪੂਰਨ ਚੰਨ | ਸ੍ਰੀ ਗੁਰੂ ਗ੍ਰੰਥ ਸਾਹਿਬ |
| ਵਾਕ | ਪੂਰਨਮਾਸੀ |
| ਕਹਾਣੀਆਂ | ਫ਼ਸਲਾਂ |
| ਕਿਸਾਨ | ਰਾਤ |

**ਵਿਆਕਰਨ:**

**ਪੜਨਾਂਵ :** ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-ਮੈਂ, ਤੁਸੀਂ, ਅਸੀਂ, ਉਹ।

**ਪੜਨਾਂਵ ਦੀਆਂ 6 ਕਿਸਮਾਂ ਹੁੰਦੀਆਂ ਹਨ:-**

**1. ਪੁਰਖਵਾਚਕ ਪੜਨਾਂਵ :** ਜਿਹੜਾ ਸ਼ਬਦ ਅਸੀਂ ਆਪਣੇ ਜਾਂ ਦੂਜੇ ਪੁਰਖਾਂ ਦੇ ਨਾਂ ਦੀ ਥਾਂ 'ਤੇ ਵਰਤਦੇ ਹਾਂ, ਉਸ ਨੂੰ ਪੁਰਖਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ :- ਮੈਂ, ਤੁਸੀਂ, ਉਹ ਆਦਿ। ਪੁਰਖਵਾਚਕ ਪੜਨਾਂਵ ਨੂੰ ਉੱਤਮ ਪੁਰਖ, ਮੱਧਮ ਪੁਰਖ ਤੇ ਅਨਯ ਪੁਰਖ ਜਾਂ ਤੀਜਾ ਪੁਰਖ 'ਚ ਵੰਡਿਆ ਜਾਂਦਾ ਹੈ।

**2. ਨਿੱਜਵਾਚਕ ਪੜਨਾਂਵ :-** ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

(ੳ) ਦਾਦੀ ਜੀ ਆਪ ਆਪਣੇ ਹੱਥੀਂ ਕੰਮ ਕਰਦੇ ਸਨ।

(ਅ) ਮੈਂ ਆਪ ਉਹਨਾਂ ਤੋਂ ਬਹੁਤ ਪ੍ਰਭਾਵਿਤ ਹਾਂ।

**3. ਨਿਸ਼ਚੇਵਾਚਕ ਪੜਨਾਂਵ:-** ਜਿਹੜੇ ਪੜਨਾਂਵ ਕਿਸੇ ਦੂਰ ਜਾਂ ਨੇੜੇ ਦੀ ਦਿਸਦੀ ਚੀਜ਼ ਵੱਲ ਇਸ਼ਾਰਾ ਕਰਕੇ, ਉਸ ਦੇ ਨਾਂ ਦੀ ਥਾਂ ਉੱਤੇ ਵਰਤੇ ਜਾਣ, ਉਸਨਾਂ ਨੂੰ ਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

(ੳ) ਇਹ ਇੱਕ ਪੁਰਾਤਨ ਸਿੱਖ ਦਾ ਨਮੂਨਾ ਹਨ।

(ਅ) ਅਹੁ ਪੂਰਨ ਚੰਨ ਦਿਖਾਈ ਦੇ ਰਿਹਾ ਹੈ।

**4. ਅਨਿਸ਼ਚੇਵਾਚਕ ਪੜਨਾਂਵ:-** ਜਿਹੜੇ ਪੜਨਾਂਵ-ਸ਼ਬਦਾਂ ਤੋਂ ਕਿਸੇ ਵਿਅਕਤੀ, ਸਥਾਨ, ਵਸਤੂ ਆਦਿ ਦਾ ਸਪਸ਼ਟ ਜਾਂ ਨਿਸ਼ਚੇਪੂਰਵਕ ਗਿਆਨ ਨਾ ਹੋਵੇ, ਉਹਨਾਂ ਨੂੰ ਅਨਿਸ਼ਚੇਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

(ੳ) ਕਦੇ ਕੋਈ ਮਹਿਮਾਨ ਘਰੋਂ ਅਸੰਤੁਸ਼ਟ ਨਾ ਚਲਾ ਜਾਵੇ।

(ਅ) ਇਹ ਕੁਦਰਤ ਦਾ ਬੜਾ ਸਤਿਕਾਰ ਕਰਦੇ।

**5. ਸੰਬੰਧਵਾਚਕ ਪੜਨਾਂਵ:-** ਜਿਹੜਾ ਸ਼ਬਦ ਨਾਂਵ-ਸ਼ਬਦ ਦੀ ਥਾਂ ਵਰਤਿਆ ਜਾਵੇ ਤੇ ਯੋਜਕਾਂ ਵਾਂਗ ਦੋ ਵਾਕਾਂ ਨੂੰ ਆਪਸ ਵਿੱਚ ਜੋੜੇ, ਉਸ ਨੂੰ ਸੰਬੰਧਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

(ੳ) ਉਹ ਲੋਕ ਜੋ ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।

(ਅ) ਵਿਦਿਆਰਥੀ, ਜਿਸ ਨੇ ਖ਼ੂਬ ਪੜ੍ਹਾਈ ਕੀਤੀ ਸੀ, ਪਾਸ ਹੋ ਗਿਆ।

**6. ਪ੍ਰਸ਼ਨਵਾਚਕ ਪੜਨਾਂਵ:-** ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ ਤੇ ਨਾਲ਼ ਹੀ ਉਸ ਦੁਆਰਾ ਕੋਈ ਪੁੱਛ-ਗਿੱਛ ਕੀਤੀ ਜਾਵੇ, ਉਸ ਨੂੰ ਪ੍ਰਸ਼ਨਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

(ੳ) ਕੌਣ ਪਾਠ ਪੜ੍ਹ ਰਿਹਾ ਹੈ ?

(ਅ) ਪੂਰਨ ਚੰਨ ਕਿਸ ਨੇ ਵੇਖਿਆ ਹੈ ?

**ਵਿਦਿਆਰਥੀ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਆਦਿ ਬਜ਼ੁਰਗਾਂ ਬਾਰੇ ਆਪਣੇ ਵਿਚਾਰ ਲਿਖ ਕੇ ਆਪਣੀ ਸ਼੍ਰੇਣੀ ਨਾਲ਼ ਸਾਂਝੇ ਕਰਨ।**

ਪਾਠ-10

# ਸ਼ੇਰਨੀਆਂ



ਹੋਰ ਬੱਚੇ ਤੇ ਸੌਂ ਗਏ ਸਨ ਪਰ ਸਭ ਤੋਂ ਛੋਟਾ ਅਜੇ ਜਾਗਦਾ ਸੀ, ਦਿਨੇ ਚੋਖਾ ਚਿਰ ਸੁੱਤਾ ਰਿਹਾ ਹੋਣ ਕਰਕੇ। ਮੇਰੀ ਪਤਨੀ ਉਸ ਦੇ ਨਾਲ਼ ਲੰਮੀ ਪੈ ਕੇ ਉਸ ਨੂੰ ਸੁਆਂਉਣ ਦਾ ਚਾਰਾ ਕਰ ਰਹੀ ਸੀ। ਮੇਰੀ ਅਤੇ ਮੇਰੀ ਪਤਨੀ ਦੀ ਸਲਾਹ ਸੀ ਕਿ ਸੌਂਣ ਤੋਂ ਪਹਿਲਾਂ ਕੁਝ ਚਿਰ ਸੈਰ ਕਰ ਆਈਏ ਪਰ ਕਾਕੇ ਦੇ ਸੌਂਣ ਤੀਕ ਕਿਸ ਤਰ੍ਹਾਂ ਜਾ ਸਕਦੇ ਸਾਂ? ਨਾਲ਼ੇ ਉਸ ਨੂੰ ਚੁੱਕਣਾ ਵੀ ਔਖਾ ਸੀ। ਇਸ ਲਈ ਮੈਂ ਪਹਿਲਾਂ ਇਕੱਲੇ ਹੀ ਜਾਣ ਦਾ ਫ਼ੈਸਲਾ ਕੀਤਾ। ਮੇਰੀ ਪਤਨੀ ਮਗਰੋਂ ਆ ਕੇ ਮੇਰੇ ਨਾਲ਼ ਰਲ਼ ਸਕਦੀ ਸੀ।

"ਚੰਗਾ, ਮੈਂ ਚੱਲਨਾ ਵਾਂ", ਮੈਂ ਮੰਜੀ ਤੋਂ ਉੱਠਦੇ ਹੋਏ ਕਿਹਾ। "ਜਦੋਂ ਸੌਂ ਗਿਆ, ਤੂੰ ਵੱਡੀ ਪਾਰਕ ਵਿੱਚ ਆ ਜਾਵੀਂ, ਮੈਂ ਉੱਥੇ ਹੀ ਹੋਵਾਂਗਾ। "

" ਬੱਸ, ਮੈਂ ਹੁਣੇ ਇਸ ਨੂੰ ਸੁਆਂ ਕੇ ਆ ਜਾਨੀ ਆਂ। ਗੱਲਾਂ ਕਰਦਿਆਂ ਕੋਲ਼ ਨਹੀਂ ਸੌਂਦਾ। ਜ਼ਰਾ ਕੁ ਆਪ ਝੂਠੀ-ਮੂਠੀ ਦੀਆਂ ਅੱਖਾਂ ਮੀਟੀਏ ਤਾਂ ਝੱਟ ਸੌਂ ਜਾਂਦਾ ਏ, " ਮੇਰੀ ਪਤਨੀ ਨੇ ਮੈਨੂੰ ਤੇ ਆਪਣੇ-ਆਪ ਨੂੰ ਤਸੱਲੀ ਦਿੱਤੀ। ਮੈਂ ਇਕੱਲਾ ਬਾਹਰ ਤੁਰ ਪਿਆ।

ਮਾਡਲ ਟਾਊਨ ਦੀ ਇਸ ਸੜਕ ਦੇ ਦੋਂਹੀਂ ਪਾਸੀਂ ਮਕਾਨਾਂ ਵਿੱਚ ਬੱਤੀਆਂ ਅਜੇ ਜਗ ਰਹੀਆਂ ਸਨ। ਲੋਕੀਂ ਸੁੱਤੇ ਤੇ ਨਹੀਂ ਸਨ ਪਰ ਸੌਂਣ ਵਾਲ਼ੇ ਜਾਪਦੇ ਸਨ।

ਪਾਰਕ ਬਹੁਤ ਵੱਡੀ ਸੀ। ਹੇਠਾਂ ਸਾਫ਼-ਪੱਧਰੀ ਜ਼ਮੀਨ 'ਤੇ ਘਾਹ ਉਗਾਇਆ ਹੋਇਆ ਸੀ ਤੇ ਆਲ਼ੇ - ਦੁਆਲ਼ੇ ਤਾਰ ਲੱਗੀ ਹੋਈ ਸੀ। ਲੰਘਣ ਲਈ ਵਿੱਚ-ਵਿੱਚ, ਕਿਤੇ-ਕਿਤੇ ਖੱਪੇ ਛੱਡੇ ਹੋਏ ਸਨ। ਇੱਕ ਪਾਸੇ ਸੜਕ

ਲੰਘਦੀ ਸੀ ਜਿਸ ’ਤੇ ਜਗ ਰਹੀਆਂ ਬੱਤੀਆਂ ਪਾਰਕ ਵਿੱਚ ਚਾਨਣ ਸੁੱਟਦੀਆਂ ਸਨ। ਇਸ ਤਰ੍ਹਾਂ ਪਾਰਕ ਵਿੱਚ ਏਨਾ ਕੁ ਚਾਨਣ ਸੀ ਜਿੰਨਾ ਅੱਠਾਂ ਕੁ ਦਿਨਾਂ ਦੇ ਚੰਦ ਦਾ ਹੁੰਦਾ ਏ ਤੇ ਸੜਕ ਦੇ ਕੰਢੇ ਉਤਲੇ ਦਰਖ਼ਤਾਂ ਦੇ ਲੰਮੇ-ਲੰਮੇ ਪਰਛਾਂਵੇਂ ਪਾਰਕ ਵਿੱਚ ਡਿਗਦੇ ਸਨ ਤੇ ਕਈ ਥਾਂਵਾਂ ’ਤੇ ਹਨੇਰਾ ਕਰ ਰਹੇ ਸਨ।

ਪਾਰਕ ਦੁਆਲ਼ੇ ਦੀ ਤਾਰ ਵਿਚਲੇ ਰਾਹਾਂ ਦਾ ਮੈਨੂੰ ਪਤਾ ਸੀ ਪਰ ਇਸ ਵੇਲ਼ੇ ਰਾਹੋਂ ਲੰਘਣ ਦੀ ਥਾਂ ਮੇਰਾ ਤਾਰ ਟੱਪ ਕੇ ਹੀ ਜਾਣ ਨੂੰ ਜੀਅ ਕੀਤਾ।

ਤਾਰ ਲੰਘ ਕੇ ਇੱਕ ਸਿਰਿਓਂ ਮੈਂ ਦੂਜੇ ਸਿਰੇ ਨੂੰ ਟੁਰ ਪਿਆ। ਪਾਰਕ ਵਿੱਚ ਇਸ ਵੇਲ਼ੇ ਮੇਰੇ ਬਿਨਾਂ ਹੋਰ ਕੋਈ ਨਹੀਂ ਸੀ।

ਦੂਜੇ ਸਿਰੇ ਅੱਪੜ ਕੇ ਜਦ ਮੈਂ ਪਿਛਾਂਹ ਨੂੰ ਮੁੜਿਆ ਤਾਂ ਅਗਲੇ ਸਿਰੇ ਕੋਲ਼ ਇੱਕ ਦਰਖ਼ਤ ਦੇ ਪਰਛਾਂਵੇਂ ਹੇਠ ਕੁਝ ਹੋਰ ਆਦਮੀ ਆ ਖਲੋਤੇ ਜਾਪਦੇ ਸਨ। ਕੁਝ ਨੇੜੇ ਆ ਕੇ ਮੈਨੂੰ ਦਿਸਿਆ ਕਿ ਉਹ ਦੋ ਸਨ ਤੇ ਉਹਨਾਂ ਕੋਲ਼ ਸਾਈਕਲ ਵੀ ਸਨ।

ਹੈਂ! ਇਹ ਤੇ ਕੁੜੀਆਂ ਸਨ, ਦੁਪੱਟੇ ਹੇਠਾਂ ਲਮਕ ਰਹੇ ਸਨ।

ਇਹ ਇਸ ਵੇਲ਼ੇ ਸਾਈਕਲ ਲੈ ਕੇ ਖੜ੍ਹੀਆਂ ਏਥੇ ਕੀ ਕਰ ਰਹੀਆਂ ਨੇ ? ਕਿਧਰੇ ਜਾਣਾ ਹੋਣੈ।

ਪਰ ਇਸ ਵੇਲ਼ੇ ਜਦੋਂ ਮਾਡਲ ਟਾਊਨ ਦੇ ਸ਼ੁਕੀਨ ਤੇ ਬਹੁਤੀ ਦੇਰ ਤੱਕ ਜਾਗਣ ਵਾਲ਼ੇ ਲੋਕ ਵੀ ਸੌਂਣ ਨੂੰ ਫਿਰਦੇ ਨੇ, ਇਹਨਾਂ ਕਿੱਥੇ ਜਾਣੈ ?

ਹੁਣ ਫਿਰ ਮੈਂ ਪਾਰਕ ਦੇ ਦੂਜੇ ਪਾਸੇ ਜਾ ਰਿਹਾ ਸਾਂ, ਕੁੜੀਆਂ ਤੋਂ ਦੂਰ ਵਾਲ਼ੇ ਪਾਸੇ। ਥੋੜ੍ਹੀ ਜਿਹੀ ਧੌਣ ਭੁਆਂ ਕੇ ਮੈਂ ਪਿਛਾਂਹ ਵੇਖਿਆ। ਕੁੜੀਆਂ ਉੱਥੇ ਹੀ ਖਲੋਤੀਆਂ ਸਨ।

ਕੁਝ ਪੈਰ ਅੱਗੇ ਜਾ ਕੇ ਮੈਂ ਫਿਰ ਵੇਖਿਆ, ਕੁੜੀਆਂ ਅਜੇ ਵੀ ਉੱਥੇ ਹੀ ਖੜ੍ਹੀਆਂ ਸਨ। ਜਦੋਂ ਮੈਂ ਸਿਰੇ ’ਤੇ ਅੱਪੜ ਕੇ ਪਿਛਾਂਹ ਮੁੜਿਆ ਤਾਂ ਵੀ ਕੁੜੀਆਂ ਉੱਥੇ ਹੀ ਖਲੋਤੀਆਂ ਸਨ।

ਵੇਖਣ ਨੂੰ ਤੇ ਅਸੀਂ ਦੋਵੇਂ ਧਿਰਾਂ ਆਪੋ-ਆਪਣੇ ਕੰਮ ਲੱਗੀਆਂ ਹੋਈਆਂ ਸਾਂ। ਮੈਂ ਸੈਰ ਵਿੱਚ ਤੇ ਉਹ ਉਡੀਕ ਵਿੱਚ। ਪਰ ਮੇਰੀ ਸੈਰ ਦਾ ਭਾਵ ਉਹਨਾਂ ਦੀ ਉਡੀਕ ਦਾ ਅੰਤ ਵੇਖਣਾ ਸੀ ਅਤੇ ਉਹ ਸ਼ਾਇਦ ਮੇਰੀ ਸੈਰ ਦਾ ਅੰਤ ਉਡੀਕ ਰਹੀਆਂ ਸਨ। ਅਜੀਬ ਨਾਟਕ ਹੋ ਰਿਹਾ ਸੀ।

ਹੁਣ ਮੈਂ ਦੂਜੀ ਵਾਰ ਉਹਨਾਂ ਵੱਲ ਨੂੰ ਟੁਰਿਆ ਆ ਰਿਹਾ ਸਾਂ। ਕੁਝ ਨੇੜੇ ਆ ਕੇ ਮੈਨੂੰ ਪਤਾ ਲੱਗਾ ਕਿ ਉਹ ਗੱਲਾਂ ਕਰ ਰਹੀਆਂ ਨੇ। ਜਦੋਂ ਮੈਂ ਹੋਰ ਨੇੜੇ ਆਇਆ ਤਾਂ ਉਹ ਗੱਲਾਂ ਕਰਨੋਂ ਵੀ ਹਟ ਗਈਆਂ।

ਥੋੜ੍ਹੀ ਦੂਰ ਜਾ ਕੇ ਜਦ ਪੱਕੀ ਸੜਕ ਦਾ ਮੋੜ ਮੁੜਿਆ, ਅੱਗੋਂ ਮੇਰੀ ਪਤਨੀ ਆ ਰਹੀ ਸੀ।

“ਕਾਕੇ ਨੇ ਬੜਾ ਚਿਰ ਲਾ ਦਿੱਤਾ ਸੌਂਦਿਆਂ। ਏਸ ਲਈ ਮੈਨੂੰ ਦੇਰ ਲੱਗੀ ਏ, ਆਓ ਇੱਕ ਚੱਕਰ ਹੋਰ ਲਾ ਆਈਏ ਪਾਰਕ ਦਾ,” ਉਸ ਮੰਗ ਕੀਤੀ।

ਅਸੀਂ ਫਿਰ ਪਿਛਾਂਹ ਟੁਰ ਪਏ।

“ਜਦੋਂ ਅਸੀਂ ਉਹ ਮੋੜ ਮੁੜੇ ਤਾਂ ਪਾਰਕ ਵਿੱਚ ਦੋ ਸਾਈਕਲਾਂ ਪਰ੍ਹਾਂ ਨੂੰ ਜਾ ਰਹੀਆਂ ਸਨ, “ ਉਡੀਕ-ਉਡੀਕ ਕੇ ਉਹ ਕੁੜੀਆਂ ਆਪੇ ਹੀ ਟੁਰ ਚੱਲੀਆਂ ਨੇ,” ਮੈਂ ਸੋਚਿਆ।

ਅਜੇ ਅਸੀਂ ਬਾਹਰ ਸੜਕ ’ਤੇ ਹੀ ਸਾਂ ਕਿ ਉਹ ਸਾਈਕਲ ਪਿਛਾਂਹ ਨੂੰ ਘੁੰਮ ਪਏ। ਪਾਰਕ ਦੇ ਇਸ ਸਿਰੇ ਦੇ ਨੇੜੇ ਆ ਕੇ ਉਹ ਦੋਵੇਂ ਸਾਈਕਲ ਫਿਰ ਮੁੜ ਗਏ। ਇਹ ਕੁੜੀਆਂ ਤੇ ਖ਼ਬਰੇ ਸਾਈਕਲ ਚਲਾਉਣ ਦੀ ਜਾਚ ਸਿੱਖ ਰਹੀਆਂ ਸਨ। ਮੇਰੀ ਪਤਨੀ ਵੀ ਮੇਰੇ ਵਾਂਗ ਸਾਈਕਲਾਂ ਵੱਲ ਹੀ ਦੇਖ ਰਹੀ ਸੀ। ਕਹਿਣ ਲੱਗੀ, “ਪਤਾ ਨਹੀਂ, ਇਹ ਕਿਹੜੀਆਂ ਨੇ, ਸਾਈਕਲ ਸਿੱਖਦੀਆਂ?” ਮਾਡਨ ਟਾਊਨ ਦੀਆਂ ਢੇਰ ਸਾਰੀਆਂ ਕੁੜੀਆਂ ਨੂੰ ਉਹ ਜਾਣਦੀ ਸੀ।

ਜਦੋਂ ਅਸੀਂ ਪਾਰਕ ਵਿੱਚ ਵੜੇ ਤਾਂ ਕੁੜੀਆਂ ਸਾਈਕਲਾਂ ਤੋਂ ਉੱਤਰ ਗਈਆਂ ਤੇ ਪਹਿਲਾਂ ਵਾਂਗ ਉਸੇ ਦਰਖ਼ਤ ਦੀ ਛਾਂਵੇਂ ਖਲੋ ਗਈਆਂ।

ਮੇਰੀ ਪਤਨੀ ਉਹਨਾਂ ਕੁੜੀਆਂ ਨੂੰ ਪਛਾਣਨਾ ਚਾਹੁੰਦੀ ਸੀ। ਅਸੀਂ ਟਹਿਲਦੇ-ਟਹਿਲਦੇ ਉਹਨਾਂ ਦੇ ਨੇੜੇ ਹੁੰਦੇ ਗਏ। ਜ਼ਨਾਨੀ ਨਾਲ਼ ਹੋਣ ਕਰਕੇ ਮੈਨੂੰ ਉਹਨਾਂ ਦੇ ਨੇੜੇ ਜਾਂਦਿਆਂ ਕੋਈ ਡਰ ਨਹੀਂ ਸੀ।

“ਤੁਸੀਂ, ਉੱਤਰ ਕਿਉਂ ਗਈਆਂ ਓ? ਇਹ ਤਾਂ ਸਰੋਜ ਤੇ ਵੀਨਾ ਨੇ।” ਉਸ ਨੇ ਉਹਨਾਂ ਵੱਲ ਹੱਥ ਕਰ ਕੇ ਮੈਨੂੰ ਦੱਸਿਆ ਤੇ ਫਿਰ ਉਹਨਾਂ ਨੂੰ ਕਿਹਾ, “ਚਲਾਓ, ਚਲਾਓ। ਜ਼ਰਾ ਅਸੀਂ ਵੀ ਵੇਖੀਏ!”

“ਥੱਕ ਗਈਆਂ ਵਾਂ, ਜ਼ਰਾ ਸਾਹ ਲੈ ਕੇ ਚਲਾਵਾਂਗੀਆਂ,” ਜਿਹੜੀ ਉਹਨਾਂ ਵਿੱਚੋਂ ਸਰੋਜ ਸੀ, ਉਸ ਨੇ ਬਹਾਨਾ ਬਣਾਇਆ। ਇਹ ਆਪਣੇ-ਆਪ ਨੂੰ ਮੇਰੀ ਪਤਨੀ ਦੇ ਬਹੁਤਾ ਨੇੜੇ ਸਮਝਦੀ ਜਾਪਦੀ ਸੀ।

“ਕਦੋਂ ਕੁ ਦੀਆਂ ਚਲਾਂਦੀਆਂ ਪਈਆਂ ਓ?” ਮੇਰੀ ਪਤਨੀ ਨੇ ਉਹਨਾਂ ਦੇ ਥੱਕ ਜਾਣ ’ਤੇ ਪੁੱਛਿਆ।

“ਨਹੀਂ ਭੈਣ ਜੀ, ਅਜੇ ਤਾਂ ਅਸਾਂ ਦੋ-ਤਿੰਨ ਚੱਕਰ ਹੀ ਲਾਏ ਨੇ, ਉਂਞ ਸਾਨੂੰ ਸੰਗ ਆਉਂਦੀ ਏ,” ਵੀਨਾ ਨੇ ਕਿਹਾ। ਸ਼ਾਇਦ ਉਸ ਨੇ ਬੁੱਝ ਲਿਆ ਸੀ ਕਿ ਮੈਂ ਹੀ ਉੱਥੋਂ ਸੈਰ ਕਰਦਾ ਗਿਆ ਸਾਂ ਤੇ ਇਸ ਲਈ ਠੀਕ-ਠੀਕ ਦੱਸ ਦਿੱਤਾ।

“ਸੰਗ ਕਰਕੇ ਈ ਏਸ ਵੇਲ਼ੇ ਆਉਂਦੀਆਂ ਓ?”

“ਹੋਰ ਕੀ ਕਰੀਏ? ਪਾਰਕ ਵਿਹਲੀ ਈ ਇਸ ਵੇਲ਼ੇ ਹੁੰਦੀ ਏ,” ਤਿੱਖੇ ਜਵਾਬ ਦੇਣ ਲਈ ਗੱਲ ਫਿਰ ਸਰੋਜ ਨੇ ਫੜ ਲਈ ਸੀ।

“ਤੇ ਏਨਾ ਤੁਹਾਨੂੰ ਕੀ ਚਾਅ ਚੜ੍ਹਿਆ ਏ, ਸਾਈਕਲਾਂ ਦਾ, ਅੱਧੀ ਰਾਤੀਂ ਲੁਕ-ਲੁਕ ਕੇ ਸਿੱਖਦੀਆਂ ਫਿਰਦੀਆਂ ਓ?”

“ਨਹੀਂ, ਚਾਅ ਕਾਹਦਾ ਏ? ਬੱਸ, ਲੋੜ ਏ।”

“ਲੋੜ ਕੀ? ਹੁਣ ਸਾਈਕਲਾਂ ’ਤੇ ਪੜ੍ਹਾਉਣ ਜਾਇਆ ਕਰੋਗੀਆਂ?”

“ਹਾਂ, ਵੇਖੋ ਨਾ ਭੈਣ ਜੀ,” ਵੀਨਾ ਫਿਰ ਸਮਝਾਉਣ ਲੱਗੀ, “ਪਹਿਲਾਂ ਘਰੋਂ ਟੁਰ ਕੇ ਅੱਡੇ ’ਤੇ ਜਾਓ। ਫਿਰ ਬੱਸ ਤੋਂ ਉੱਤਰ ਕੇ ਟੁਰ ਕੇ ਪਿੰਡ ਅੱਪੜੋ। ਸੜਕ ਤੋਂ ਮੀਲ-ਮੀਲ ਦੂਰ ਪਿੰਡ ਨੇ, ਜਿੱਥੇ ਅਸੀਂ ਪੜ੍ਹਾਨੀਆਂ ਵਾਂ। ਇਹਦਾ ਤੇ ਕੋਈ ਦੋ ਪੈਰ ਘੱਟ ਹੋਵੇਗਾ, ਪਰ ਮੇਰਾ ਤੇ ਪੂਰਾ ਮੀਲ ਏ। ਸਾਰਾ ਪੈਂਡਾ ਉਜਾੜ-ਬੀਆਬਾਨ। ਦੱਸੋ ਭੈਣ ਜੀ, ਭਲਾ ਸਾਡਾ ਉੱਥੇ ਕੌਣ ਏ? ਸੱਚੀਂ, ਐਨਾ ਡਰ ਆਉਂਦਾ ਏ, ਪਤਾ ਨਹੀਂ ਪਿੰਡ ਅੱਪੜ ਕਿਵੇਂ ਜਾਨੀਆਂ ਵਾਂ?”

“ਹਾਂ, ਡਰ ਤੇ ਬਹੁਤ ਹੀ ਆਉਂਦਾ ਹੋਣਾ ਏ!” ਮੇਰੀ ਪਤਨੀ ਨੇ ਪਿੰਡ ਦੀਆਂ ਜੂਹਾਂ ਵਿੱਚ ਜਵਾਨ ਕੁੜੀਆਂ ਇਕੱਲੀਆਂ ਫਿਰਦੀਆਂ ਦਾ ਨਕਸ਼ਾ ਅੱਖਾਂ ਅੱਗੇ ਲਿਆ ਕੇ ਕਿਹਾ।

"ਭੈਣ ਜੀ, ਡੰਡੀ ਦੇ ਨਾਲ਼ ਕਦੀ ਕਪਾਹ, ਕਦੀ ਮਕਈ, ਕਦੀ ਕਮਾਦ ਤੇ ਕਦੀ ਬਾਜਰਾ। ਜਿੰਨਾ ਚਿਰ ਪੈਲ਼ੀ ਮੁੱਕ ਨਾ ਜਾਏ, ਉਤਲਾ ਸਾਹ ਉਤਾਂਹ ਤੇ ਹੇਠਲਾ ਹੇਠਾਂ ਈ ਰਹਿੰਦਾ ਏ। ਹੁਣ ਕਈ ਹੋਰ ਕੁੜੀਆਂ ਨੇ ਸਾਈਕਲ ਲੈ ਲਏ ਹਨ। ਆਂਹਦੀਆਂ ਨੇ, ਸਾਈਕਲ 'ਤੇ ਡਰ ਘੱਟ ਆਉਂਦਾ ਏ, ਨਾਲ਼ੇ ਟੁਰਨ ਤੋਂ ਬਚ ਜਾਈਦਾ ਏ। ਬੱਸ, ਸਾਈਕਲ ਚਲਾਂਦੇ-ਚਲਾਂਦੇ ਝੱਟ ਬੰਦੇ ਕੋਲ਼ੋਂ ਲੰਘ ਜਾਓ।"

"ਪਈ, ਬੜਾ ਔਖਾ ਕੰਮ ਏ, ਸਾਈਕਲ ਨਾਲ਼ ਵੀ। ਤੁਸੀਂ ਤੇ ਸ਼ੇਰਨੀਆਂ ਓ! ਖ਼ੌਰੇ ਕਿੱਡਾ ਕੁ ਦਿਲ ਏ ਤੁਹਾਡਾ। ਲਿਆ ਖਾਂ! ਭਲਾ ਵੇਖਾਂ !" ਤੇ ਦਿਲ ਵੇਖਣ ਦੇ ਬਹਾਨੇ ਮੇਰੀ ਵਹੁਟੀ ਨੇ ਸਰੋਜ ਨੂੰ ਉਸ ਦੀ ਬਹਾਦਰੀ ਦੀ ਸ਼ਲਾਘਾ ਵਿੱਚ ਆਪਣੀ ਜੱਫੀ ਵਿੱਚ ਘੁੱਟ ਲਿਆ। ਸ਼ਲਾਘਾ ਦੇ ਨਾਲ਼ ਇਹ ਵਿਦਾਇਗੀ ਵੀ ਸੀ।

ਜਦੋਂ ਉਹਨਾਂ ਤੋਂ ਵੱਖ ਹੋ ਕੇ ਅਸੀਂ ਸੜਕ 'ਤੇ ਆਏ ਤਾਂ ਮੇਰੀ ਪਤਨੀ ਨੇ ਕਿਹਾ, " ਇਹ ਦੋਵੇਂ ਮਾਸਟਰਾਣੀਆਂ ਨੇ। ਏਥੇ ਸ਼ਹਿਰ ਵਿੱਚ ਕਿਸੇ ਸਕੂਲੇ ਜਗ੍ਹਾ ਨਹੀਂ ਮਿਲ਼ੀ। ਪਿੰਡਾਂ ਵਿੱਚ ਨੌਕਰੀਆਂ ਮਿਲ਼ ਜਾਂਦੀਆਂ ਨੇ। ਹੁਣ ਇਹ ਉੱਥੇ ਪੜ੍ਹਾਉਣ ਜਾਂਦੀਆਂ ਨੇ। ਬੜੀਆਂ ਬਹਾਦਰ ਨੇ, ਇਹ ਕੁੜੀਆਂ। ਮੈਨੂੰ ਤੇ ਸ਼ਹਿਰੋਂ ਬਾਹਰ ਪੱਕੀ ਸੜਕ 'ਤੇ ਵੀ ਡਰ ਲੱਗੇ, " ਉਸ ਨੇ ਫਿਰ ਸ਼ਲਾਘਾ ਕੀਤੀ।

ਉਸ ਦੀ ਸ਼ਲਾਘਾ ਸਾਮ੍ਹਣੇ ਮੇਰੀ ਸ਼ਰਮਿੰਦਗੀ ਹੋਰ ਵਧ ਗਈ। ਆਪਣੇ-ਆਪ ਨੂੰ ਹੌਲ਼ਾ ਕਰਨ ਲਈ ਮੈਂ ਕਿਹਾ:

"ਅੱਗੇ ਜਦੋਂ ਮੈਂ ਆਇਆ ਤਾਂ ਇਹ ਇਸੇ ਤਰ੍ਹਾਂ ਦਰਖ਼ਤ ਹੇਠ ਲੁਕ ਕੇ ਖਲੋਤੀਆਂ ਸਨ। ਮੈਂ ਤਾਂ ਕੁਝ ਹੋਰ ਹੀ ਸਮਝਿਆ, ਚੰਗਾ ਹੋਇਆ ਅਸੀਂ ਫਿਰ ਆ ਗਏ।"

"ਕੰਮ ਕਰਨ ਵਾਲ਼ੀਆਂ ਕੁੜੀਆਂ 'ਤੇ ਬੜੀਆਂ ਤੁਹਮਤਾਂ ਲੱਗਦੀਆਂ ਨੇ, " ਮੇਰੀ ਪਤਨੀ ਨੇ ਖਿਝ ਕੇ ਕਿਹਾ। "ਹਰ ਇੱਕ ਨੂੰ ਭੁਲੇਖਾ ਪੈ ਜਾਂਦਾ ਹੈ, ਮੈਂ ਤੁਹਾਨੂੰ ਇੱਕ ਬੜੀ ਸੁਆਦਲੀ ਗੱਲ ਦੱਸਨੀ ਆਂ।"

"ਇੱਕ ਵਾਰੀ ਮੈਂ ਤੇ ਮੇਰੀ ਭੈਣ ਫ਼ਿਰੋਜ਼ਪੁਰ ਆਪਣੇ ਘਰ ਅੱਗੇ ਸਵੇਰੇ ਘੁਸ-ਮੁਸੇ ਜਿਹੇ ਵਿੱਚ ਫਿਰ ਰਹੀਆਂ ਸਾਂ। ਸਾਮ੍ਹਣਿਓਂ ਕਾਹਲ਼ੀ-ਕਾਹਲ਼ੀ ਟੁਰਦੀ ਇੱਕ ਕੁੜੀ ਆਈ। ਕਦੀ ਉਹ ਦੋ ਕੁ ਪੈਰ ਭੱਜ ਵੀ ਲੈਂਦੀ ਤੇ ਫੇਰ ਕਾਹਲ਼ੀ-ਕਾਹਲ਼ੀ ਟੁਰਨ ਲੱਗ ਪੈਂਦੀ।

ਜਦੋਂ ਸਾਡੇ ਨੇੜੇ ਆਈ ਦਾ ਮੂੰਹ ਦਿਸਿਆ ਤਾਂ ਘਬਰਾਈ ਹੋਈ ਵੀ ਡਾਢੀ ਜਾਪੀ। ਅਸੀਂ ਬੜੀਆਂ ਹੈਰਾਨ ਹੋਈਆਂ। ਸੈਰ ਕਰਨ ਵਾਲ਼ੀਆਂ ਕੁੜੀਆਂ ਤੇ ਇਸ ਤਰ੍ਹਾਂ ਨਹੀਂ ਭੱਜਦੀਆਂ। ਨਾ ਹੀ ਉੱਧਰ ਸਟੇਸ਼ਨ ਜਾਂ ਮੋਟਰਾਂ ਦਾ ਕੋਈ ਅੱਡਾ ਸੀ।

"ਭਲਾ, ਕਿੱਥੇ ਜਾਂਦੀ ਹੈ ?" ਇਹ ਜਾਣਨ ਲਈ ਅਸੀਂ ਵੀ ਉਹਦੇ ਪਿੱਛੇ ਤੁਰ ਪਈਆਂ। ਉਹ ਅੱਗੇ-ਅੱਗੇ ਤੇ ਅਸੀਂ ਮਗਰ-ਮਗਰ।

ਉਹ ਟੈਲੀਫ਼ੂਨ-ਐਕਸਚੇਂਜ ਨੂੰ ਮੁੜ ਪਈ। ਅਸੀਂ ਸਮਝ ਲਿਆ ਕਿ ਟੈਲੀਫ਼ੂਨ-ਉਪਰੇਟਰ ਸੀ ਤੇ ਉਸ ਨੂੰ ਕੇਵਲ ਡਿਊਟੀ ਤੋਂ ਦੇਰ ਹੋ ਗਈ ਸੀ। ਅਸੀਂ ਸੜਕ 'ਤੇ ਖੜ੍ਹੀਆਂ ਉਸ ਵੱਲ ਵੇਖਦੀਆਂ ਰਹੀਆਂ। ਅੰਦਰ ਜਾ ਕੇ ਉਹ ਆਪਣੀ ਕੁਰਸੀ ਉੱਤੇ ਬੈਠ ਗਈ ਅਤੇ ਅਸੀਂ ਸ਼ਰਮਿੰਦੀਆਂ ਹੁੰਦੀਆਂ ਪਿਛਾਂਹ ਮੁੜ ਆਈਆਂ।

## ਪਾਠ-ਅਭਿਆਸ

**1. ਦੱਸੋ :-**

(ੳ) ਲੇਖਕ ਨੇ ਇੱਕਲਿਆਂ ਸੈਰ ਕਰਨ ਜਾਣ ਦਾ ਫ਼ੈਸਲਾ ਕਿਉਂ ਕੀਤਾ ?

(ਅ) ਪਾਠ ਵਿੱਚ ਦਰਸਾਏ ਸੈਰ ਕਰਨ ਵਾਲ਼ੇ ਪਾਰਕ ਦਾ ਵਰਨਣ ਕਰੋ।

(ੲ) ਕੁੜੀਆਂ ਪਾਰਕ ਵਿੱਚ ਰਾਤ ਵੇਲ਼ੇ ਸਾਈਕਲ ਚਲਾਉਣਾ ਕਿਉਂ ਸਿੱਖ ਰਹੀਆਂ ਸਨ ?

(ਸ) ਇਸ ਕਹਾਣੀ ਵਿੱਚ ਲੜਕੀਆਂ ਨੂੰ 'ਸ਼ੇਰਨੀਆਂ' ਕਿਉਂ ਕਿਹਾ ਗਿਆ ਹੈ ?

(ਹ) ਲੇਖਕ ਦੀ ਪਤਨੀ ਨਾਲ ਫ਼ਿਰੋਜ਼ਪੁਰ ਵਿਖੇ ਕਿਹੜੀ ਘਟਨਾ ਵਾਪਰੀ ?

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਚਾਰਾ ਕਰਨਾ | : | ਕੋਸ਼ਸ਼ ਕਰਨੀ |
| ਖੱਪੇ ਛੱਡਣਾ | : | ਕਿਤੇ-ਕਿਤੇ ਖ਼ਾਲੀ ਥਾਂ ਛੱਡਣੀ, ਫ਼ਾਸਲਾ, ਵਿੱਥ |
| ਪਰਛਾਂਵਾਂ | : | ਸਾਇਆ, ਅਕਸ, ਆਕਾਰ, ਛਾਂ |
| ਚਾਅ ਚੜ੍ਹਨਾ | : | ਖ਼ੁਸ਼ੀ ਹੋਣੀ |
| ਤੁਹਮਤ ਲਾਉਣਾ | : | ਦੋਸ਼ ਲਾਉਣਾ, ਇਲਜ਼ਾਮ ਲਾਉਣਾ |
| ਝੂਠੀ -ਮੂਠੀ | : | ਐਵੇਂ ਹੀ, ਬਣਾਉਟੀ ਗੱਲ |
| ਘੁਸ-ਮੁਸਾ | : | ਮੂੰਹ-ਹਨੇਰਾ |
| ਉਜਾੜ-ਬੀਆਬਾਨ | : | ਸੁੰਨੀ ਥਾਂ |
| ਅੱਪੜਨਾ | : | ਪਹੁੰਚਣਾ |
| ਸ਼ਲਾਘਾ | : | ਸਿਫ਼ਤ, ਉਸਤਤ, ਵਡਿਆਈ |
| ਵਿਦਾਇਗੀ | : | ਤੋਰਨਾ, ਵਿਦਾ ਕਰਨਾ |
| ਡਾਢੀ | : | ਬਹੁਤ ਜ਼ਿਆਦਾ |
| ਸ਼ਰਮਿੰਦਗੀ | : | ਸ਼ਰਮ |

**3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ ?**

(ੳ) " ਪਤਾ ਨਹੀਂ ਇਹ ਕਿਹੜੀਆਂ ਨੇ, ਸਾਈਕਲ ਸਿੱਖਦੀਆਂ ?"

(ਅ) "ਨਹੀਂ ਭੈਣ ਜੀ, ਅਜੇ ਤਾਂ ਅਸਾਂ ਦੋ-ਤਿੰਨ ਚੱਕਰ ਲਾਏ ਨੇ, ਉਂਞ ਸਾਨੂੰ ਸੰਗ ਆਉਂਦੀ ਏ।"

(ੲ) "ਪਈ, ਬੜਾ ਔਖਾ ਕੰਮ ਏ, ਸਾਈਕਲ ਨਾਲ਼ ਵੀ। ਤੁਸੀਂ ਤੇ ਸ਼ੇਰਨੀਆਂ ਓ। ਖ਼ੌਰੇ ਕਿੱਡਾ ਕੁ ਦਿਲ ਏ ਤੁਹਾਡਾ। ਲਿਆ ਖਾਂ! ਭਲਾ ਵੇਖਾਂ! "

**ਵਿਆਕਰਨ :** ਹਰ ਮਨੁੱਖ ਚਾਹੁੰਦਾ ਹੈ ਕਿ ਉਹ ਬੋਲਣ ਜਾਂ ਲਿਖਣ ਵੇਲ਼ੇ ਆਪਣੀ ਗੱਲ ਥੋੜ੍ਹੇ ਤੋਂ ਥੋੜ੍ਹੇ ਸ਼ਬਦਾਂ ਵਿੱਚ ਸਪਸ਼ਟ ਤੌਰ 'ਤੇ ਕਹਿ ਸਕੇ। ਇਸ ਲਈ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

**ਉਦਾਹਰਨਾਂ :**

| | | |
|---|---|---|
| ਉਹ ਥਾਂ ਜਿੱਥੇ ਕੋਈ ਨਾ ਵੱਸਦਾ ਹੋਵੇ | – | ਉਜਾੜ |
| ਬਹੁਤੀਆਂ ਕੌਮਾਂ ਨਾਲ਼ ਸੰਬੰਧ ਰੱਖਣ ਵਾਲ਼ਾ | – | ਕੌਮਾਂਤਰੀ |
| ਆਪਣੇ ਜੀਵਨ ਦਾ ਲਿਖਿਆ ਹਾਲ | – | ਸ੍ਵੈਜੀਵਨੀ |
| ਕਿਸੇ ਲੇਖਕ ਜਾਂ ਕਲਾਕਾਰ ਦੀ ਉੱਤਮ ਰਚਨਾ | – | ਸ਼ਾਹਕਾਰ |
| ਜਿਹੜੀ ਗੱਲ ਬਹੁਤ ਵਧਾ–ਚੜ੍ਹਾ ਕੇ ਆਖੀ ਜਾਵੇ | – | ਅੱਤਕਥਨੀ |
| ਬਿਨਾਂ ਸ੍ਵਾਰਥ ਤੋਂ ਦੂਜਿਆਂ ਦੀ ਭਲਾਈ ਲਈ ਕੀਤਾ ਕੰਮ | – | ਪਰਉਪਕਾਰ |

**ਅਧਿਆਪਕ ਵਿਦਿਆਰਥੀਆਂ ਨੂੰ 26 ਜਨਵਰੀ, ਗਣਤੰਤਰ-ਦਿਵਸ ਮੌਕੇ ਰਾਸ਼ਟਰਪਤੀ ਵੱਲੋਂ ਸਨਮਾਨਿਤ ਕੀਤੇ ਜਾਣ ਵਾਲ਼ੇ ਬਹਾਦਰ ਬੱਚਿਆਂ ਸੰਬੰਧੀ ਜਾਣਕਾਰੀ ਦੇਣ।**

## ਪਾਠ-11

# ਬਾਬਾ ਬੰਦਾ ਸਿੰਘ ਬਹਾਦਰ




ਪੰਜਾਬੀ ਦਾ ਇੱਕ ਮੁਹਾਵਰਾ ਹੈ, 'ਇੱਟ ਨਾਲ਼ ਇੱਟ ਖੜਕਾਉਣਾ'। ਆਮ ਤੌਰ 'ਤੇ ਬੰਦਾ ਬਹਾਦਰ ਦੀ ਸੂਬਾ ਸਰਹਿੰਦ ਉੱਤੇ ਜਿੱਤ ਨੂੰ ਦੱਸਣ ਲਈ ਇਹ ਮੁਹਾਵਰਾ ਵਰਤਿਆ ਜਾਂਦਾ ਹੈ। 'ਬੰਦਾ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ', ਆਖ ਕੇ ਜਾਣੋ ਸਾਰੀ ਗੱਲ ਆਖ ਦਿੱਤੀ ਜਾਂਦੀ ਹੈ। ਅਸੀਂ ਜਾਣਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ ਸਰਹਿੰਦ ਵਿਖੇ ਨੀਂਹਾਂ ਵਿੱਚ ਚਿਣਵਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨੇ ਇਹ ਜ਼ੁਲਮ ਢਾਹਿਆ ਸੀ। ਬੰਦਾ ਬਹਾਦਰ ਨੇ ਇਸ ਜ਼ਾਲਮ ਹਾਕਮ ਨੂੰ ਮਾਰ ਮੁਕਾਇਆ ਸੀ ਤੇ ਉਸ ਦੀਆਂ ਫ਼ੌਜਾਂ ਨੂੰ ਕਰਾਰੀ ਹਾਰ ਦਿੱਤੀ ਸੀ। ਬੰਦਾ ਬਹਾਦਰ ਦੇ ਕਾਰਨਾਮਿਆਂ ਵਿੱਚੋਂ ਇਹ ਸਭ ਤੋਂ ਵੱਡਾ ਸੀ।

ਕੌਣ ਸੀ ਬੰਦਾ ਬਹਾਦਰ? ਉਸ ਦਾ ਅਸਲ ਨਾਂ ਕੀ ਸੀ? ਬੰਦਾ ਬਹਾਦਰ ਅਠ੍ਹਾਰਵੀਂ ਸਦੀ ਦੇ ਸਭ ਤੋਂ ਮਹਾਨ ਵਿਅਕਤੀਆਂ ਵਿੱਚੋਂ ਇੱਕ ਸੀ। ਉਹ ਇੱਕ ਅਦੁੱਤੀ ਪ੍ਰਤਿਭਾ ਵਾਲ਼ਾ ਸੂਰਬੀਰ ਸੀ। ਉਸ ਦੇ ਜਨਮ ਤੋਂ ਲੈ ਕੇ ਉਸ ਦੀ ਸ਼ਹੀਦੀ ਤੱਕ ਉਸ ਦੇ ਜੀਵਨ ਵਿੱਚ ਕਈ ਤਬਦੀਲੀਆਂ ਆਈਆਂ। ਇਹਨਾਂ ਤਬਦੀਲੀਆਂ ਦੇ ਨਾਲ਼-ਨਾਲ਼ ਉਸ ਦੇ ਨਾਂ ਵੀ ਬਦਲਦੇ ਰਹੇ। ਉਸ ਦਾ ਜਨਮ 27 ਅਕਤੂਬਰ, 1670 ਈਸਵੀ ਵਿੱਚ ਪੁਣਛ ਜ਼ਿਲ੍ਹੇ ਦੇ ਰਾਜੌਰੀ ਨਾਂ ਦੇ ਪਿੰਡ ਵਿੱਚ ਹੋਇਆ। ਇਹ ਥਾਂ ਜੰਮੂ ਤੇ ਪੁਣਛ ਦੇ ਵਿਚਕਾਰ ਜਿਹੇ ਹੈ। ਬੰਦਾ ਬਹਾਦਰ ਦਾ ਬਚਪਨ ਦਾ ਨਾਂ ਲਛਮਣ ਦੇਵ ਸੀ। ਉਸ ਦਾ ਪਿਤਾ ਰਾਮਦੇਵ ਇੱਕ ਗ਼ਰੀਬ ਕਿਰਸਾਣ ਸੀ। ਲਛਮਣ ਦੇਵ ਨੂੰ ਪੜ੍ਹਾਉਣ ਦਾ ਕੋਈ ਸਾਧਨ ਨਹੀਂ ਸੀ। ਇਸ ਲਈ ਉਹ ਆਪਣੇ ਪਿਤਾ ਨਾਲ਼ ਖੇਤੀ ਦੇ ਕੰਮ ਵਿੱਚ ਹੱਥ ਵਟਾਉਂਦਾ ਸੀ। ਜਦ ਵੀ ਵਿਹਲ ਮਿਲ਼ਦੀ, ਉਹ ਤੀਰ-

ਕਮਾਨ ਚੁੱਕਦਾ ਅਤੇ ਸ਼ਿਕਾਰ ਖੇਡਣ ਚਲਾ ਜਾਂਦਾ। ਉਹ ਇੱਕ ਚੰਗਾ ਨਿਸ਼ਾਨੇਬਾਜ਼ ਸੀ। ਉਸ ਨੂੰ ਤਲਵਾਰ, ਤੀਰ-ਕਮਾਨ ਆਦਿ ਸ਼ਸਤਰ ਚਲਾਉਣ ਦਾ ਚੰਗਾ ਅਭਿਆਸ ਸੀ। ਉਹ ਬਚਪਨ ਤੋਂ ਹੀ ਦਲੇਰ ਸੀ। ਲਛਮਣ ਦੇਵ ਮਧਰੇ ਕੱਦ ਦਾ ਫੁਰਤੀਲਾ ਨੌਜਵਾਨ ਸੀ। ਉਸ ਦਾ ਰੰਗ ਕਣਕਵੰਨਾ, ਨੈਣ-ਨਕਸ਼ ਸੋਹਣੇ ਅਤੇ ਅੱਖਾਂ ਚਮਕੀਲੀਆਂ ਸਨ।

ਪੰਦਰ੍ਹਾਂ ਕੁ ਸਾਲਾਂ ਦੀ ਉਮਰ ਵਿੱਚ ਉਸ ਦੇ ਜੀਵਨ ਵਿੱਚ ਇੱਕ ਅਜਿਹੀ ਘਟਨਾ ਵਾਪਰੀ, ਜਿਸ ਨੇ ਉਹਦਾ ਜੀਵਨ ਹੀ ਬਦਲ ਕੇ ਰੱਖ ਦਿੱਤਾ। ਉਹ ਇੱਕ ਨਦੀ ਦੇ ਕਿਨਾਰੇ ਸ਼ਿਕਾਰ ਖੇਡ ਰਿਹਾ ਸੀ ਕਿ ਸਾਮ੍ਹਣਿਓਂ ਇੱਕ ਹਰਨੀ ਲੰਘੀ। ਲਛਮਣ ਦੇਵ ਨੇ ਝੱਟ ਇੱਕ ਸ਼ੂਕਦਾ ਤੀਰ ਛੱਡਿਆ। ਹਰਨੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਕੇ ਉਸ ਦੀਆਂ ਅੱਖਾਂ ਸਾਮ੍ਹਣੇ ਤੜਫ-ਤੜਫ ਕੇ ਮਰ ਗਈ। ਨਾਲ਼ ਹੀ ਉਸ ਦੇ ਛਲਣੀ ਹੋਏ ਪੇਟ ਵਿੱਚੋਂ ਦੋ ਬੱਚੇ ਨਿਕਲ਼ੇ। ਉਹ ਵੀ ਉਸ ਦੀਆਂ ਅੱਖਾਂ ਸਾਮ੍ਹਣੇ ਦਮ ਤੋੜ ਗਏ। ਇਸ ਘਟਨਾ ਦਾ ਲਛਮਣ ਦੇਵ ਦੇ ਮਨ ਉੱਤੇ ਡੂੰਘਾ ਅਸਰ ਪਿਆ। ਉਸ ਨੇ ਤੀਰ-ਕਮਾਨ ਨਦੀ ਵਿੱਚ ਵਗਾਹ ਮਾਰੇ ਤੇ ਫ਼ੈਸਲਾ ਕੀਤਾ ਕਿ ਉਹ ਅੱਗੇ ਤੋਂ ਕਿਸੇ ਜੀਵ ਨੂੰ ਨਹੀਂ ਮਾਰੇਗਾ।

ਇਸ ਘਟਨਾ ਤੋਂ ਪਿੱਛੋਂ ਲਛਮਣ ਦੇਵ ਉਦਾਸ ਰਹਿਣ ਲੱਗ ਪਿਆ। ਉਸ ਦਾ ਕੋਈ ਕੰਮ-ਧੰਦਾ ਕਰਨ ਨੂੰ ਜੀਅ ਨਾ ਕਰਦਾ। ਫਿਰ ਉਹ ਇੱਕ ਬਰਾਗੀ ਸਾਧੂ ਬਣ ਗਿਆ ਤੇ ਆਪਣਾ ਨਾਂ ਮਾਧੋ ਦਾਸ ਰੱਖ ਲਿਆ। ਤਦ ਉਹ ਘੁੰਮਦਾ-ਘੁਮਾਉਂਦਾ ਦੱਖਣੀ ਭਾਰਤ ਦੀ ਪ੍ਰਸਿੱਧ ਨਦੀ ਗੋਦਾਵਰੀ ਦੇ ਕਿਨਾਰੇ ਪੁੱਜ ਗਿਆ। ਇਹ ਥਾਂ ਉਸ ਨੂੰ ਚੰਗੀ ਲੱਗੀ ਅਤੇ ਉਹ ਕੁਟੀਆ ਬਣਾ ਕੇ ਉੱਥੇ ਹੀ ਰਹਿਣ ਲੱਗ ਪਿਆ। ਹੌਲ਼ੀ-ਹੌਲ਼ੀ ਉਸ ਦੀ ਪ੍ਰਸਿੱਧੀ ਹੋ ਗਈ।

ਇੱਥੇ ਹੀ ਸੰਨ 1707 ਈਸਵੀ ਵਿੱਚ ਉਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਿਲ਼ੇ। ਮਾਧੋ ਦਾਸ ਗੁਰੂ ਜੀ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੂੰ ਗੁਰੂ ਜੀ ਤੋਂ ਉਹਨਾਂ ਦੇ ਪਿਤਾ, ਮਾਤਾ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ। ਉਸ ਦਾ ਖ਼ੂਨ ਖੌਲ ਉੱਠਿਆ। ਉਹ ਤਾਂ ਇੱਕ ਹਿਰਨੀ ਤੇ ਉਸ ਦੇ ਬੱਚਿਆਂ ਦੇ ਮਰਨ 'ਤੇ ਵਿਆਕੁਲ ਹੋ ਉੱਠਿਆ ਸੀ। ਇਹ ਸਾਕੇ ਸੁਣ ਕੇ ਉਸ ਦਾ ਰੋਹ ਜਾਗ ਪਿਆ। ਉਸ ਨੇ ਗੁਰੂ ਜੀ ਨੂੰ ਕਿਹਾ ਕਿ ਉਹ ਉਹਨਾਂ ਦਾ ਹੀ ਬੰਦਾ ਹੈ ਇਸ ਲਈ ਉਹ ਗੁਰੂ ਜੀ ਦੀ ਆਗਿਆ ਅਨੁਸਾਰ ਹਰ ਕੁਰਬਾਨੀ ਕਰਨ ਲਈ ਹਮੇਸ਼ਾਂ ਤਿਆਰ ਰਹੇਗਾ।

ਉਸ ਦੀ ਇਹ ਗੱਲ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਉਸ ਨੂੰ ਅੰਮ੍ਰਿਤ ਛਕਾ ਕੇ ਉਸ ਦਾ ਨਾਂ ਬੰਦਾ ਸਿੰਘ ਰੱਖ ਦਿੱਤਾ। ਗੁਰੂ ਜੀ ਨੇ ਉਸ ਨੂੰ ਆਪਣੇ ਭੱਥੇ ਵਿੱਚੋਂ ਪੰਜ ਤੀਰ ਕੱਢ ਕੇ ਦਿੱਤੇ ਅਤੇ ਜ਼ਾਲਮ ਹਾਕਮਾਂ ਨੂੰ ਸਬਕ ਸਿਖਾਉਣ ਲਈ ਪੰਜਾਬ ਵੱਲ ਭੇਜਿਆ। ਗੁਰੂ ਜੀ ਨੇ ਉਸ ਰਾਹੀਂ ਪੰਜਾਬ ਰਹਿੰਦੇ ਆਪਣੇ ਸਿੱਖਾਂ ਦੇ ਨਾਂ ਹੁਕਮਨਾਮੇ ਵੀ ਭੇਜੇ। ਜਦ ਬੰਦਾ ਸਿੰਘ ਨੇ ਪੰਜਾਬ ਵੱਲ ਕੂਚ ਕੀਤਾ ਤਦ ਗੁਰੂ ਜੀ ਦੇ ਪੰਜ ਸਿੰਘ ਵੀ ਉਸ ਦੇ ਨਾਲ਼ ਸਨ। ਪੰਜਾਬ ਵਿੱਚ ਗੁਰੂ ਜੀ ਦੇ ਸ਼ਰਧਾਲੂਆਂ ਨੂੰ ਗੁਰੂ ਜੀ ਦੀ ਆਗਿਆ ਨਾਲ਼ ਆਏ ਬੰਦਾ ਸਿੰਘ ਬਾਰੇ ਜਿਉਂ-ਜਿਉਂ ਸੂਚਨਾ ਮਿਲ਼ੀ, ਉਹ ਉਸ ਨਾਲ਼ ਜਥੇਬੰਦ ਹੁੰਦੇ ਗਏ। ਉਹਨਾਂ ਤੋਂ ਬਿਨਾਂ, ਹਾਕਮਾਂ ਦੇ ਜ਼ੁਲਮਾਂ ਦੇ ਸਤਾਏ ਹੋਰ ਬਹੁਤ ਸਾਰੇ ਲੋਕ ਵੀ ਬੰਦਾ ਸਿੰਘ ਨਾਲ਼ ਆ ਰਲ਼ੇ। ਛੇਤੀ ਹੀ ਬੰਦਾ ਸਿੰਘ ਕੋਲ਼ ਇੱਕ ਤਕੜੀ ਫ਼ੌਜ ਬਣ ਗਈ। ਇਸ ਵਿੱਚ ਹਜ਼ਾਰਾਂ ਘੋੜ-ਸਵਾਰ ਤੇ ਪੈਦਲ ਲੜਨ ਵਾਲ਼ੇ ਸਨ।

ਬੰਦਾ ਸਿੰਘ ਨੇ ਰਾਹ ਵਿੱਚ ਆਉਂਦੇ ਸਮਾਣਾ, ਕੈਥਲ, ਘੁੜਾਮ, ਸ਼ਾਹਬਾਦ, ਮੁਸਤਫ਼ਾਬਾਦ, ਕਪੂਰੀ, ਸਢਾਉਰਾ ਆਦਿ ਦੇ ਅੱਤਿਆਚਾਰੀ ਹਾਕਮਾਂ ਉੱਤੇ ਧਾਵੇ ਕੀਤੇ ਅਤੇ ਫ਼ਤਿਹ ਪ੍ਰਾਪਤ ਕੀਤੀ। ਲੰਮੇ ਸਮੇਂ ਦੇ ਜਬਰ ਤੋਂ ਤੰਗ ਆਏ ਲੋਕਾਂ ਨੇ ਸੁੱਖ ਦਾ ਸਾਹ ਲਿਆ। ਇਸੇ ਕਾਰਨ ਉਹ ਲੋਕਾਂ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ਼ ਪ੍ਰਸਿੱਧ ਹੋ ਗਿਆ। ਸੰਖੇਪ ਵਿੱਚ ਲੋਕ ਉਸ ਨੂੰ ਬੰਦਾ ਬਹਾਦਰ ਆਖਦੇ ਸਨ।

ਬੰਦਾ ਬਹਾਦਰ ਦੀ ਸਭ ਤੋਂ ਵੱਡੀ ਜਿੱਤ ਸਰਹਿੰਦ ਦੀ ਸੀ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਬੰਦੇ ਬਹਾਦਰ ਦੀ ਚੜ੍ਹਤ ਦਾ ਪਤਾ ਲੱਗ ਗਿਆ ਸੀ। ਇਸ ਲਈ ਉਹ ਵੀ ਪੂਰੀ ਤਿਆਰੀ ਵਿੱਚ ਸੀ। ਬੰਦਾ ਬਹਾਦਰ ਵੀ ਜਿਵੇਂ ਆਪਣਾ ਸਾਰਾ ਗ਼ੁੱਸਾ ਇਸ ਅੱਤਿਆਚਾਰੀ ਉੱਤੇ ਕੱਢਣਾ ਚਾਹੁੰਦਾ ਸੀ। ਸਰਹਿੰਦ ਤੋਂ 15-16 ਕਿਲੋਮੀਟਰ ਦੀ ਦੂਰੀ ਉੱਤੇ ਚੱਪੜਚਿੜੀ ਦੇ ਸਥਾਨ ਉੱਤੇ ਦੋਂਹਾਂ ਫ਼ੌਜਾਂ ਵਿਚਕਾਰ ਘਮਸਾਣ ਦਾ ਯੁੱਧ ਹੋਇਆ। ਬੰਦਾ ਬਹਾਦਰ ਨੇ ਆਪਣੀ ਫ਼ੌਜ ਦੀ ਅਗਵਾਈ ਆਪ ਕੀਤੀ। 12 ਮਈ, 1710 ਈ. ਨੂੰ ਹੋਏ ਇਸ ਯੁੱਧ ਵਿੱਚ ਵਜ਼ੀਰ ਖ਼ਾਨ ਮਾਰਿਆ ਗਿਆ। ਆਪਣੇ ਸਮੇਂ ਦੇ ਇਸ ਪ੍ਰਸਿੱਧ ਸ਼ਹਿਰ ਅਤੇ ਸੂਬੇ ਦੀ ਰਾਜਧਾਨੀ ਸਰਹਿੰਦ ਉੱਤੇ ਬੰਦਾ ਬਹਾਦਰ ਦੀਆਂ ਫ਼ੌਜਾਂ ਦਾ ਕਬਜ਼ਾ ਹੋ ਗਿਆ। ਅੱਤਿਆਚਾਰੀ ਹਾਕਮਾਂ ਨੂੰ ਚੁਣ-ਚੁਣ ਕੇ ਉਹਨਾਂ ਦੇ ਕੀਤੇ ਦੀ ਸਜ਼ਾ ਦਿੱਤੀ ਗਈ। ਮੁਗ਼ਲ ਰਾਜ ਦੇ ਇਸ ਗੜ੍ਹ ਨੂੰ ਤੋੜਨਾ ਹੀ 'ਇੱਟ ਨਾਲ਼ ਇੱਟ ਖੜਕਾਉਣਾ' ਸੀ।

ਉਸ ਵੇਲ਼ੇ ਉੱਤਰੀ ਭਾਰਤ ਵਿੱਚ ਸਰਹਿੰਦ ਸਭ ਤੋਂ ਵੱਡਾ ਸੂਬਾ ਸੀ। ਇਸ ਤਾਕਤਵਰ ਰਾਜਧਾਨੀ ਦੀਆਂ ਬੰਦਾ ਬਹਾਦਰ ਨੇ ਜੜ੍ਹਾਂ ਹਿਲਾ ਦਿੱਤੀਆਂ। ਵਜ਼ੀਰ ਖ਼ਾਨ ਦੇ ਮਹਿਲ ਅਤੇ ਕਿਲ੍ਹੇ ਢਹਿ-ਢੇਰੀ ਕਰ ਦਿੱਤੇ ਗਏ। ਅੱਜ ਵੀ ਇਸ ਸ਼ਹਿਰ ਦੇ ਆਲ਼ੇ-ਦੁਆਲ਼ੇ ਦੂਰ-ਦੂਰ ਤੀਕ ਟੁੱਟੇ ਇੱਟਾਂ-ਰੋੜੇ ਖਿੰਡੇ ਮਿਲ਼ਦੇ ਹਨ।

ਜ਼ਾਲਮ ਹਾਕਮਾਂ ਨੂੰ ਉਹਨਾਂ ਦੀਆਂ ਵਧੀਕੀਆਂ ਦੀ ਸਜ਼ਾ ਦੇਣ ਨਾਲ਼ ਬੰਦਾ ਬਹਾਦਰ ਪੰਜਾਬੀਆਂ ਵਿੱਚ ਬਹੁਤ ਹਰਮਨ-ਪਿਆਰਾ ਹੋ ਗਿਆ। ਉਸ ਦੇ ਇਨਸਾਫ਼-ਪਸੰਦ ਅਤੇ ਗ਼ਰੀਬਾਂ ਦੇ ਹਮਦਰਦ ਹੋਣ ਕਾਰਨ ਉਹ ਹਰ ਆਮ ਮਨੁੱਖ ਲਈ ਆਸ ਦੀ ਕਿਰਨ ਬਣ ਗਿਆ ਸੀ। ਉਸ ਨੇ ਇਲਾਕਿਆਂ ਦੀ ਜਿੱਤ ਨਾਲ਼ੋਂ ਵੱਧ ਸਧਾਰਨ ਲੋਕਾਂ ਦੇ ਦਿਲ ਜਿੱਤ ਲਏ। ਬੰਦਾ ਬਹਾਦਰ ਨੇ 1708 ਈ. ਤੋਂ 1716 ਈ. ਤੱਕ ਅੱਠ ਸਾਲ ਪੰਜਾਬ ਵਿੱਚ ਮੁਗ਼ਲਾਂ ਦੇ ਪੈਰ ਨਾ ਲੱਗਣ ਦਿੱਤੇ। ਉਸ ਨੇ ਜਿੱਤੇ ਹੋਏ ਇਲਾਕਿਆਂ ਵਿੱਚ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉੱਤੇ ਸਿੱਕੇ ਵੀ ਜਾਰੀ ਕੀਤੇ।

ਮੁਗ਼ਲ ਹਕੂਮਤ ਲਈ ਇਹ ਸਹਿਣ ਕਰਨਾ ਸੌਖਾ ਨਹੀਂ ਸੀ। ਬਾਦਸ਼ਾਹ ਫ਼ਰੁੱਖਸੀਅਰ ਦੇ ਸਮੇਂ ਬੰਦਾ ਬਹਾਦਰ ਦੇ ਵਿਰੁੱਧ ਵਿਸ਼ੇਸ਼ ਮੁਹਿੰਮ ਚਲਾਈ ਗਈ। ਬੰਦਾ ਬਹਾਦਰ ਕਾਫ਼ੀ ਸਮਾਂ ਮੁਗ਼ਲ ਫ਼ੌਜਾਂ ਦਾ ਮੁਕਾਬਲਾ ਕਰਦਾ ਰਿਹਾ। ਅੰਤ ਗੁਰਦਾਸ ਨੰਗਲ਼ ਦੀ ਲੜਾਈ ਵਿੱਚ ਉਸ ਨੂੰ ਉਸ ਦੇ ਦੋ ਸੌ ਸਾਥੀਆਂ ਸਮੇਤ ਗਰਿਫ਼ਤਾਰ ਕਰ ਲਿਆ ਗਿਆ। ਉਹਨਾਂ ਨੂੰ ਪਹਿਲਾਂ ਲਾਹੌਰ ਤੇ ਫਿਰ ਦਿੱਲੀ ਲਿਜਾਇਆ ਗਿਆ। ਉਹਨਾਂ ਨੂੰ ਅਨੇਕਾਂ ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਉਸ ਦੇ ਸਾਥੀ ਕਤਲ ਕਰ ਦਿੱਤੇ ਗਏ। ਬੰਦਾ ਬਹਾਦਰ ਨੂੰ 9 ਜੂਨ, 1716 ਈ. ਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ ਗਿਆ।

ਕਿਹਾ ਜਾਂਦਾ ਹੈ ਕਿ ਜਿੰਨੀ ਬੇਰਹਿਮੀ ਨਾਲ਼ ਦਿੱਲੀ ਦੇ ਹਾਕਮਾਂ ਵੱਲੋਂ ਬੰਦਾ ਬਹਾਦਰ ਨੂੰ ਤਸੀਹੇ ਦਿੱਤੇ ਗਏ, ਉਸ ਤੋਂ ਵੀ ਵਧੇਰੇ ਸਬਰ ਨਾਲ਼ ਉਸ ਨੇ ਇਹ ਜ਼ੁਲਮ ਸਹਿਆ। ਉਹ ਡੋਲਿਆ ਨਹੀਂ, ਘਬਰਾਇਆ ਨਹੀਂ। ਅੰਤ ਸਮੇਂ ਤੱਕ ਉਸ ਦੇ ਚਿਹਰੇ 'ਤੇ ਜਲਾਲ ਅਤੇ ਸ਼ਾਂਤੀ ਸੀ। ਉਸ ਨੇ ਬੜੀ ਬਹਾਦਰੀ ਨਾਲ਼ ਮੌਤ ਨੂੰ ਕਬੂਲ ਕੀਤਾ।

ਅੱਜ ਅਸੀਂ ਉਸ ਸਮੇਂ ਦੇ ਜ਼ਾਲਮ ਹਾਕਮਾਂ ਨੂੰ ਉਹਨਾਂ ਦੇ ਕੀਤੇ ਦੀ ਸਜ਼ਾ ਦੇਣ ਵਾਲ਼ੇ ਉਸ ਮਹਾਨ ਯੋਧੇ ਅਤੇ ਸੂਰਬੀਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਵਜੋਂ ਯਾਦ ਕਰਦੇ ਹਾਂ। ਫ਼ਤਿਹਗੜ੍ਹ ਸਾਹਿਬ ਵਿਖੇ ਇਸ ਵੀਰ ਪੁਰਖ ਦੀ ਯਾਦ ਵਿੱਚ 'ਬਾਬਾ ਬੰਦਾ ਸਿੰਘ ਬਹਾਦਰ ਗੇਟ' ਬਣਿਆ ਹੋਇਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੁਆਰਾ 'ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ' ਚਲਾਇਆ ਜਾ ਰਿਹਾ ਹੈ। ਇਹਨਾਂ ਤੋਂ ਬਿਨਾਂ ਹੋਰ ਵੀ ਅਨੇਕਾਂ ਯਾਦਗਾਰਾਂ ਹਨ। ਸੰਨ 2010 ਈਸਵੀ ਵਿੱਚ ਚੱਪੜਚਿੜੀ ਵਿਖੇ ਉਸ ਯੁੱਧ ਦੀ ਜਿੱਤ ਦਾ ਤਿੰਨ ਸੌ ਸਾਲਾ ਦਿਵਸ ਮਨਾਇਆ ਜਾਣਾ ਬਾਬਾ ਬੰਦਾ ਸਿੰਘ ਬਹਾਦਰ ਪ੍ਰਤਿ ਵੱਡੇ ਸਤਿਕਾਰ ਨੂੰ ਪ੍ਰਗਟ ਕਰਦਾ ਹੈ।

ਹੁਣ ਚੱਪੜਚਿੜੀ ਦੇ ਸਥਾਨ ਉੱਤੇ 328 ਫ਼ੁੱਟ ਉੱਚਾ 'ਫ਼ਤਿਹ-ਬੁਰਜ' ਸਸ਼ੋਭਿਤ ਹੈ। ਇਹ ਦਿੱਲੀ ਦੇ ਕੁਤਬ-ਮਿਨਾਰ ਤੋਂ ਵੀ ਉੱਚਾ ਹੈ। ਇਸ ਨੂੰ ਵੇਖਣ ਲਈ ਦੇਸ-ਪਰਦੇਸ ਤੋਂ ਲੋਕੀਂ ਆਉਂਦੇ ਹਨ। ਇਹ 'ਫ਼ਤਿਹ ਬੁਰਜ' ਬੰਦਾ ਸਿੰਘ ਬਹਾਦਰ ਦੇ ਉੱਚੇ ਹੌਸਲੇ , ਵੀਰਤਾ ਅਤੇ ਸਿਆਣਪ ਦੀ ਯਾਦ ਦਿਵਾਉਂਦਾ ਹੈ। ਇਹ ਬੁਰਜ ਜ਼ੁਲਮ ਉੱਤੇ ਸਚਾਈ ਦੀ ਜਿੱਤ ਦਾ ਪ੍ਰਤੀਕ ਹੈ।

## ਪਾਠ-ਅਭਿਆਸ

1. **ਦੱਸੋ :-**

(ੳ) ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ਼ 'ਇੱਟ ਨਾਲ਼ ਇੱਟ ਖੜਕਾਉਣ ਵਾਲ਼ਾ' ਮੁਹਾਵਰਾ ਹਮੇਸ਼ਾਂ ਲਈ ਕਿਉਂ ਜੁੜ ਗਿਆ ?

(ਅ) ਬਾਬਾ ਬੰਦਾ ਸਿੰਘ ਬਹਾਦਰ ਦੇ ਬਚਪਨ ਬਾਰੇ ਦੱਸੋ।

(ੲ) ਉਹ ਕਿਹੜੀ ਘਟਨਾ ਸੀ, ਜਿਸ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨੂੰ ਬਦਲ ਦਿੱਤਾ ਸੀ ?

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਅਨੁਸਾਰ ਕੁਰਬਾਨੀ ਦੇਣ ਲਈ ਬਾਬਾ ਬੰਦਾ ਸਿੰਘ ਬਹਾਦਰ ਦੇ ਤਿਆਰ ਹੋਣ ਦਾ ਕੀ ਕਾਰਨ ਸੀ ?

(ਹ) ਬਾਬਾ ਬੰਦਾ ਸਿੰਘ ਲੋਕਾਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਨਾਲ਼ ਕਿਉਂ ਪ੍ਰਸਿੱਧ ਹੋਇਆ ?

(ਕ) ਪੰਜਾਬੀਆਂ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਦੇ ਹਰਮਨ-ਪਿਆਰਾ ਹੋਣ ਦਾ ਕੀ ਕਾਰਨ ਸੀ ?

(ਖ) ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਵੇਂ ਸ਼ਹੀਦ ਕੀਤਾ ਗਿਆ ?

(ਗ) ਬਾਬਾ ਬੰਦਾ ਸਿੰਘ ਬਹਾਦਰ ਨਾਲ਼ ਸੰਬੰਧਿਤ ਯਾਦਗਾਰਾਂ ਬਾਰੇ ਦੱਸੋ।

2. **ਹੇਠ ਲਿਖੇ ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ:**

ਇੱਟ ਨਾਲ਼ ਇੱਟ ਖੜਕਾਉਣਾ, ਕਰਾਰੀ ਹਾਰ ਦੇਣਾ, ਖ਼ੂਨ ਖੌਲਣਾ, ਸਬਕ ਸਿਖਾਉਣਾ, ਸੁੱਖ ਦਾ ਸਾਹ ਲੈਣਾ, ਤਸੀਹੇ ਦੇਣਾ।

3 **ਪੜ੍ਹੋ, ਸਮਝੋ ਤੇ ਲਿਖੋ :**

ਛੋਟਾ : ਛੋਟੀ

ਵੱਡਾ :

ਪਿਤਾ :

ਹਰਨੀ :

ਸਿੰਘ :

## ਵਿਆਕਰਨ

ਕਾਲ ਤੋਂ ਭਾਵ ਹੈ, ਸਮਾਂ। ਸਮੇਂ ਅਨੁਸਾਰ ਬਦਲ ਕੇ ਕਿਰਿਆ ਜਿਹੜੇ ਰੂਪ ਧਾਰਨ ਕਰਦੀ ਹੈ, ਉਸ ਨੂੰ ਕਿਰਿਆ ਦਾ ਕਾਲ ਕਿਹਾ ਜਾਂਦਾ ਹੈ।

**ਜਿਵੇਂ :-**

(ੳ) ਵਿਦਿਆਰਥੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਬਾਰੇ ਪੜ੍ਹਦੇ ਹਨ।

(ਅ) ਵਿਦਿਆਰਥੀਆਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਬਾਰੇ ਪੜ੍ਹਿਆ।

(ੲ) ਵਿਦਿਆਰਥੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਬਾਰੇ ਪੜ੍ਹਨਗੇ।

ਉਪਰੋਕਤ ਵਾਕਾਂ ਵਿੱਚ 'ਪੜ੍ਹਦੇ ਹਨ', 'ਪੜ੍ਹਿਆ', 'ਪੜ੍ਹਨਗੇ' ਸ਼ਬਦ ਕੰਮ ਹੋਣ ਦੇ ਸਮੇਂ ਦਾ ਬੋਧ ਕਰਾਉਂਦੇ ਹਨ।

ਕਾਲ ਦੀਆਂ ਤਿੰਨ ਕਿਸਮਾਂ ਹਨ:

ਕਾਲ

1. ਭੂਤਕਾਲ    2. ਵਰਤਮਾਨ ਕਾਲ    3. ਭਵਿਖਤ ਕਾਲ

### 1. ਭੂਤਕਾਲ:

ਵਾਕ ਵਿੱਚ ਜਿਹੜੀ ਕਿਰਿਆ ਬੀਤ ਚੁੱਕੇ ਸਮੇਂ ਦਾ ਗਿਆਨ ਕਰਾਉਂਦੀ ਹੈ, ਉਸ ਨੂੰ ਭੂਤ-ਕਾਲ ਕਿਹਾ ਜਾਂਦਾ ਹੈ।

**ਉਦਾਹਰਨ:**

(ੳ) ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਦੀ ਇੱਟ ਨਾਲ਼ ਇੱਟ ਖੜਕਾ ਦਿੱਤੀ।

### 2. ਵਰਤਮਾਨ ਕਾਲ :

ਵਾਕ ਵਿੱਚ ਜਿਹੜੀ ਕਿਰਿਆ ਮੌਜੂਦਾ ਸਮੇਂ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਵਰਤਮਾਨ ਕਾਲ ਆਖਦੇ ਹਨ।

**ਉਦਾਹਰਣ:**

ਬਾਬਾ ਬੰਦਾ ਸਿੰਘ ਬਹਾਦਰ ਨੂੰ ਅੱਜ ਵੀ ਦੁਨੀਆ ਸਤਿਕਾਰ ਨਾਲ਼ ਯਾਦ ਕਰਦੀ ਹੈ।

### 3. ਭਵਿਖਤ ਕਾਲ:

ਵਾਕ ਵਿੱਚ ਜਿਹੜੀ ਕਿਰਿਆ ਆਉਣ ਵਾਲ਼ੇ ਸਮੇਂ ਅਰਥਾਤ ਭਵਿਖ ਦਾ ਗਿਆਨ ਕਰਵਾਉਂਦੀ ਹੈ, ਉਸ ਨੂੰ ਭਵਿਖਤ ਕਾਲ ਆਖਦੇ ਹਨ।

**ਉਦਾਹਰਨ:**

ਵਿਦਿਆਰਥੀ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਤੇ ਜਿੱਤਾਂ ਬਾਰੇ ਲੇਖ ਲਿਖਣਗੇ।

**ਅਧਿਆਪਕ ਵਿਦਿਆਰਥੀਆਂ ਨੂੰ ਚੱਪੜਚਿੜੀ ਵਿਖੇ ਬਣਾਈ ਗਈ ਬੰਦਾ ਬਹਾਦਰ ਦੀ ਯਾਦਗਾਰ ਫ਼ਤਿਹ-ਬੁਰਜ ਬਾਰੇ ਦੱਸਣ।**

## ਪਾਠ-12

# ਸ਼ਾਬਾਸ਼ ! ਸੁਮਨ !

ਗਰਮੀਆਂ ਵਿੱਚ ਪਹਾੜਾਂ ਦਾ ਮੌਸਮ ਬੜਾ ਸੁਹਾਵਣਾ ਹੁੰਦਾ ਹੈ। ਪਹਾੜਾਂ ਦੀਆਂ ਠੰਢੀਆਂ ਹਵਾਵਾਂ ਤਨ-ਮਨ ਨੂੰ ਠਾਰਦੀਆਂ ਹਨ। ਜਦੋਂ ਤੇਜ਼ ਹਵਾ ਚੱਲਦੀ ਹੈ ਤਾਂ ਰੁੱਖ ਇਸ ਤਰਾਂ ਜ਼ੋਰ-ਜ਼ੋਰ ਨਾਲ਼ ਝੂਮਦੇ ਹਨ, ਜਿਵੇਂ ਕਿਸੇ ਚੁਟਕਲੇ ਨੂੰ ਸੁਣ ਕੇ ਬੰਦਾ ਹੱਸ-ਹੱਸ ਕੇ ਦੂਹਰਾ -ਤੀਹਰਾ ਹੋ ਜਾਂਦਾ ਹੈ। ਪਹਾੜ ਹਰ ਕੋਈ ਦੇਖਣਾ ਚਾਹੁੰਦਾ ਹੈ ਅਤੇ ਇਹ ਹਰ ਕਿਸੇ ਨੂੰ ਚੰਗੇ ਲੱਗਦੇ ਹਨ।

ਪਹਾੜਾਂ 'ਤੇ ਬਹੁਤ ਸਾਰੇ ਸੈਲਾਨੀ ਆਉਂਦੇ ਹਨ। ਗਰਮੀਆਂ ਵਿੱਚ ਤਾਂ ਸੈਲਾਨੀਆਂ ਦੀ ਭਰਮਾਰ ਹੁੰਦੀ ਹੈ। ਕਰਨ ਵੀ ਆਪਣੇ ਮਾਤਾ-ਪਿਤਾ ਅਤੇ ਦੀਦੀ ਨਾਲ਼ ਸ਼ਿਮਲੇ ਘੁੰਮਣ ਗਿਆ। ਪਹਾੜ 'ਤੇ ਖੜ੍ਹ ਕੇ ਚਾਰੇ ਪਾਸੇ ਨਜ਼ਰ ਘੁਮਾ-ਘੁਮਾ ਕੇ ਦ੍ਰਿਸ਼ ਦੇਖ ਰਿਹਾ ਸੀ। ਉੱਚੇ-ਲੰਮੇ ਅਤੇ ਚੌੜੇ ਪਹਾੜਾਂ ਦਾ ਲਹਿਰੀਆ ਦੇਖ ਕੇ ਕਰਨ ਬਹੁਤ ਖ਼ੁਸ਼ ਹੋ ਰਿਹਾ ਸੀ।

"ਆਹਾ! ਕਿੰਨੇ ਸੋਹਣੇ ਬਿਰਖ ਅਤੇ ਬਿਰਖਾਂ 'ਤੇ ਤਰ੍ਹਾਂ-ਤਰ੍ਹਾਂ ਦੇ ਪੰਛੀ ਹਨ।" ਕਰਨ ਦੂਰਬੀਨ ਰਾਹੀਂ ਨਜ਼ਾਰਿਆਂ ਨੂੰ ਦੇਖ, ਆਪਮੁਹਾਰੇ ਆਪਣੀ ਭੈਣ ਨੂੰ ਦੱਸ ਰਿਹਾ ਸੀ।

"ਅੱਛਾ ! ਲਿਆ, ਮੈਂ ਵੀ ਦੇਖਾਂ !" ਕਰਨ ਦੀ ਭੈਣ ਸੁਮਨ ਨੇ ਉਤਸੁਕਤਾ ਨਾਲ਼ ਉਸ ਨੂੰ ਕਿਹਾ।

" ਹਾਂ ਕੰਨੂ, ਕਿੰਨਾ ਸੋਹਣਾ ਅਕਾਸ਼ ! ਇੱਕ-ਦੂਜੇ ਪਿੱਛੇ ਭੱਜਦੇ ਚਿੱਟੇ-ਕਾਲ਼ੇ ਬੱਦਲ਼ ! ਬਿਰਖ ਅਤੇ ਪੰਛੀ ਤਾਂ ਮੈਨੂੰ ਦਿਸੇ ਹੀ ਨਹੀਂ !" ਸੁਮਨ ਦੂਰਬੀਨ ਨੂੰ ਅਕਾਸ਼ ਵੱਲ ਕਰਕੇ ਦੇਖ ਰਹੀ ਸੀ।

" ਉਹ-ਹੋ ! ਬਿਰਖ ਅਕਾਸ਼ 'ਤੇ ਨਹੀਂ ਧਰਤੀ 'ਤੇ ਹੁੰਦੇ ਨੇ। ਦੂਰਬੀਨ ਨੂੰ ਨ਼ੀਵੀਂ ਕਰ ਕੇ ਦੇਖ," ਕਰਨ ਨੇ ਸੁਮਨ ਨੂੰ ਦੂਰਬੀਨ ਲਾ ਕੇ ਦਿਖਾਈ।

"ਹਾਂ, ਤੂੰ ਠੀਕ ਆਖਦਾ ਏਂ, ਦਰਖ਼ਤਾਂ ਦੇ ਝੁੰਡਾਂ 'ਚੋਂ ਝਾਕਦੀਆਂ ਸੁਨਹਿਰੀ ਕਿਰਨਾਂ ! ਬਿਰਖਾਂ 'ਤੇ ਪੰਛੀ ਇਉਂ ਉੱਡ ਰਹੇ ਨੇ, ਜਿਵੇਂ ਕੋਈ ਖੇਡ ਖੇਡ ਰਹੇ ਹੋਣ," ਸੁਮਨ ਦੂਰਬੀਨ ਰਾਹੀਂ ਦੂਰ ਇੱਕ ਦ੍ਰਿਸ਼ ਵੱਲ ਵੇਖ ਕੇ ਖ਼ੁਸ਼ ਹੋ ਰਹੀ ਸੀ।

ਕਰਨ ! ਸੁਮਨ ! ਆਓ ਚੱਲੀਏ" ਪਿਤਾ ਜੀ ਦੀ ਅਵਾਜ਼ ਸੁਣ ਕੇ ਦੋਵੇਂ ਭੈਣ-ਭਰਾ ਆਪਣੇ ਮਾਤਾ-ਪਿਤਾ ਕੋਲ਼ ਆ ਗਏ ਅਤੇ ਉਹਨਾਂ ਨਾਲ਼ ਪਹਾੜ ਤੋਂ ਹੇਠਾਂ ਉੱਤਰਨ ਲੱਗੇ। ਤੁਰਦਾ-ਤੁਰਦਾ ਕਰਨ ਰੁਕਿਆ। ਕੁਝ ਲੋਕ ਕਬੂਤਰਾਂ ਨੂੰ ਦਾਣਾ ਪਾ ਰਹੇ ਸਨ ਅਤੇ ਕਬੂਤਰ ਆਪਣੀ ਮਸਤੀ ਵਿੱਚ ਗੁਟਕ-ਗੁਟਕ ਕੇ ਦਾਣਾ ਚੁਗ ਰਹੇ ਸਨ। ਇਹ ਨਜ਼ਾਰਾ ਕਰਨ ਨੂੰ ਬਹੁਤ ਚੰਗਾ ਲੱਗਿਆ। ਥੋੜ੍ਹਾ ਅੱਗੇ ਗਏ ਤਾਂ ਉਹਨਾਂ ਨੇ ਪਿੰਜਰੇ 'ਚ ਪਏ ਤੋਤੇ ਨੂੰ ਦੇਖਿਆ ਜੋ ਕਦੇ ਅਕਾਸ਼ ਵੱਲ ਉੱਡਦੇ ਪਰਿੰਦਿਆਂ ਵੱਲ ਵੇਖਦਾ ਤੇ ਕਦੇ ਲੋਕਾਂ ਨੂੰ ਅਜ਼ਾਦ ਘੁੰਮਦਿਆਂ ਦੇਖਦਾ। ਸੁਮਨ ਨੂੰ ਪਿੰਜਰੇ ਵਿੱਚ ਬੰਦ ਤੋਤੇ ਨੂੰ ਦੇਖ ਕੇ ਬਹੁਤ ਦੁੱਖ ਹੋਇਆ। ਉਸ ਨੂੰ ਲੱਗਿਆ, ਜਿਵੇਂ ਤੋਤਾ ਪਿੰਜਰੇ 'ਚੋਂ ਬਾਹਰ ਆਉਣਾ ਲੋਚਦਾ ਹੋਵੇ। ਬੱਚਿਆਂ ਅਤੇ ਵੱਡਿਆਂ ਨੇ ਉਸ ਦੇ ਆਲ਼ੇ-ਦੁਆਲ਼ੇ ਝੁਰਮਟ ਪਾਇਆ ਹੋਇਆ ਸੀ।

"ਗੰਗਾ ਰਾਮ ! ਚੂਰੀ ਖਾਣੀ ਐ?" ਭੀੜ 'ਚੋਂ ਇੱਕ ਬੰਦਾ ਬੋਲਿਆ। "ਖਾਣੀ ਐ," ਤੋਤਾ ਪਿੰਜਰੇ ਵਿੱਚ ਘੁੰਮਦਿਆਂ ਬੋਲਿਆ।

"ਤੋਤਿਆ ! ਮਨ-ਮੋਤਿਆ ! ਹਰੀ ਮਿਰਚ ਖਾਣੀ ਐ?" ਆਦਮੀ ਦੀ ਰੀਸ ਨਾਲ਼ ਇੱਕ ਬੱਚਾ ਬੋਲਿਆ।

"ਖਾਣੀ ਐਂ, " ਤੋਤਾ ਬੱਚੇ ਵੱਲੋਂ ਸੁੱਟੀ ਹਰੀ ਮਿਰਚ ਨੂੰ ਖਾਣ ਲੱਗ ਪਿਆ।

ਭੀੜ ਵਿੱਚੋਂ ਕੋਈ ਉਸ ਨੂੰ ਖਿੱਲਾਂ ਪਾਉਂਦਾ, ਕੋਈ ਸੇਬ ਦੀ ਫਾੜੀ ਸੁੱਟਦਾ। ਤੋਤਾ ਇਹਨਾਂ ਚੀਜ਼ਾਂ ਤੋਂ ਮੂੰਹ ਪਰੇ ਕਰ ਕੇ ਅਕਾਸ਼ ਵਿੱਚ ਉੱਡਦੇ ਪੰਛੀਆਂ ਵੱਲ ਵੇਖ ਰਿਹਾ ਸੀ। ਪਿੰਜਰੇ ਦੇ ਕੋਲ਼ ਬੈਠਾ ਤੋਤੇ ਦਾ ਮਾਲਕ ਬੋਲਦੇ ਤੋਤੇ ਨੂੰ ਦੇਖ ਕੇ ਅਤੇ ਸੁਣ ਕੇ ਖ਼ੁਸ਼ ਹੋ ਰਿਹਾ ਸੀ। ਤੋਤੇ ਨੂੰ ਬੋਲਦਿਆਂ ਦੇਖ ਕੇ ਲੋਕ ਵੀ ਉਸ ਨੂੰ ਪੈਸੇ ਦੇ ਰਹੇ ਸਨ।

"ਹਾਏ ! ਮੈਂ ਮਰ ਗਈ ! " ਭੀੜ ਵਿੱਚੋਂ ਕਿਸੇ ਔਰਤ ਦੇ ਚੀਕਣ ਦੀ ਅਵਾਜ਼ ਆਈ। ਇੱਕ ਬਾਂਦਰ ਉਸ ਦੇ ਹੱਥੋਂ ਕੇਲਿਆਂ ਵਾਲ਼ਾ ਲਿਫ਼ਾਫ਼ਾ ਖੋਹ ਕੇ ਲੈ ਗਿਆ ਅਤੇ ਦੂਰ ਬੈਠ ਕੇ ਉਹਨਾਂ ਨੂੰ ਛਿੱਲ-ਛਿੱਲ ਕੇ ਖਾਣ ਲੱਗਾ। ਉਸ ਦੇ ਦੁਆਲ਼ੇ ਹੋਰ ਕਿੰਨੇ ਹੀ ਨਿੱਕੇ-ਵੱਡੇ ਬਾਂਦਰਾਂ ਦਾ ਇਕੱਠ ਹੋ ਗਿਆ। ਸਾਰੇ ਮਿਲ਼ ਕੇ ਕੇਲੇ ਖਾਣ ਲੱਗੇ। ਬਾਂਦਰ ਕਦੇ ਦੁੜੰਗੇ ਲਾਉਂਦੇ, ਕਦੇ ਇੱਕ ਤੋਂ ਦੂਜੇ ਦਰਖ਼ਤ 'ਤੇ ਛਾਲ਼ਾਂ ਲਾਉਂਦੇ, ਕਦੇ ਭੱਜਦੇ ਅਤੇ ਕਦੇ ਆਪਸ ਵਿੱਚ ਲੜ ਪੈਂਦੇ ਸਨ। ਲੋਕ ਉਹਨਾਂ ਵੱਲ ਵੇਖ ਕੇ ਖ਼ੁਸ਼ ਹੋ ਰਹੇ ਸਨ। ਪਿੰਜਰੇ ਵਿਚਲਾ ਤੋਤਾ ਵੀ ਉਹਨਾਂ ਵੱਲ ਵੇਖ ਕੇ ਖੰਭ ਮਾਰ ਕੇ ਖ਼ੁਸ਼ੀ ਦਾ ਪ੍ਰਗਟਾਵਾ ਕਰ ਰਿਹਾ ਸੀ।

"ਸੁਮਨ ! ਚੱਲੋ ਪੁੱਤਰ, ਤੁਸੀਂ ਤਾਂ ਇੱਥੇ ਹੀ ਰੁਕ ਗਏ !" ਮਾਤਾ ਜੀ ਨੇ ਸੁਮਨ ਦੇ ਨੇੜੇ ਆਉਂਦਿਆਂ ਕਿਹਾ। ਸੁਮਨ ਦਾ ਜਾਣ ਨੂੰ ਦਿਲ ਨਹੀਂ ਸੀ ਕਰ ਰਿਹਾ। ਉਹ ਮੁੜ-ਮੁੜ ਤੋਤੇ ਵੱਲ ਵੇਖ ਰਹੀ ਸੀ।

ਰਾਤ ਨੂੰ ਰੋਟੀ ਖਾਣ ਤੋਂ ਬਾਅਦ ਉਹ ਸਾਰੇ ਜਣੇ ਕਮਰੇ ਦੀ ਛੱਤ 'ਤੇ ਜਾ ਚੜ੍ਹੇ ਅਤੇ ਕੁਦਰਤ ਦਾ ਨਜ਼ਾਰਾ ਮਾਣਨ ਲੱਗੇ।

"ਪਿਤਾ ਜੀ ! ਦੇਖੋ, ਦੋ ਰੱਬ, " ਕਰਨ ਨੇ ਛੱਤ ਤੋਂ ਹੇਠਾਂ ਝਾਕਦਿਆਂ ਕਿਹਾ।

"ਦੋ ਰੱਬ ! ਕਿੱਥੇ ਨੇ ਬਈ? " ਪਿਤਾ ਨੇ ਕਰਨ ਵੱਲ ਵੇਖਦਿਆਂ ਪੁੱਛਿਆ।

"ਇੱਕ ਉੱਪਰ ਅਤੇ ਇੱਕ ਹੇਠਾਂ, " ਕਰਨ ਨੇ ਪਿਤਾ ਨੂੰ ਉਤਸੁਕਤਾ ਨਾਲ਼ ਦਿਖਾਇਆ।

"ਹਾਂ, ਬਈ, ਸੱਚ-ਮੁੱਚ ਦੋ ਰੱਬ ਹਨ, " ਪਿਤਾ ਨੇ ਕਰਨ ਦੀ ਹਾਂ ਵਿੱਚ ਹਾਂ ਮਿਲ਼ਾਈ।

"ਮਾਤਾ ਜੀ ! ਸੱਚ-ਮੁੱਚ ਦੋ ਰੱਬ ਹਨ? " ਸੁਮਨ ਨੇ ਆਪਣੀ ਮਾਂ ਨੂੰ ਪੁੱਛਿਆ।

"ਨਹੀਂ ਬੱਚੇ !ਆਪਾਂ ਬਹੁਤ ਉੱਚੀ ਜਗ੍ਹਾ 'ਤੇ ਖੜ੍ਹੇ ਹਾਂ। ਹੇਠਾਂ ਤਾਂ ਸ਼ਹਿਰ ਵੱਸਦਾ ਹੈ, ਰਾਤ ਨੂੰ ਜਦੋਂ ਸ਼ਹਿਰ ਵਿੱਚ ਰੋਸ਼ਨੀ ਹੁੰਦੀ ਹੈ, ਉਹ ਇਸ ਤਰ੍ਹਾਂ ਜਗਮਗ ਕਰਦਾ ਹੋ, ਜਿਵੇਂ ਉਹ ਰੋਸ਼ਨੀ ਨਹੀਂ ਨਿੱਕੇ-ਨਿੱਕੇ ਤਾਰੇ ਹੋਣ। " ਮਾਤਾ ਜੀ ਨੇ ਕਰਨ ਅਤੇ ਸੁਮਨ ਨੂੰ ਸਮਝਾਇਆ।

"ਮਾਤਾ ਜੀ ,ਮੈਨੂੰ ਤਾਂ ਨੀਂਦ ਆ ਰਹੀ ਹੈ, " ਕਰਨ ਨੇ ਉਬਾਸੀਆਂ ਲੈਂਦਿਆ ਕਿਹਾ।

"ਹਾਂ ਬਈ, ਚੱਲੋ ਸੌਂ ਜਾਈਏ, ਸਵੇਰੇ ਵਾਪਸ ਵੀ ਜਾਣਾ ਹੈ ਅਤੇ ਫੇਰ ਤੁਸੀਂ ਆਪਣੇ ਮਨ- ਪਸੰਦ ਖਿਡੌਣੇ ਵੀ ਤਾਂ ਖ਼ਰੀਦਣੇ ਹਨ। " ਸੁਮਨ ਅਜੇ ਤੱਕ ਵੀ ਪਿੰਜਰੇ ਵਿਚਲੇ ਤੋਤੇ ਬਾਰੇ ਸੋਚ ਰਹੀ ਸੀ।

ਅਗਲੇ ਦਿਨ ਉਹ ਖਿਡੌਣਿਆਂ ਵਾਲੀ ਦੁਕਾਨ 'ਤੇ ਪਹੁੰਚੇ। "ਇਹ ਘੋੜਾ, ਹਾਥੀ ਅਤੇ ਸ਼ੇਰ ਹੈ, ਆਹ ਵਰਦੀ ਵਾਲ਼ਾ ਫ਼ੌਜੀ, ਅਹਿ ਟੋਪੀ ਵਾਲ਼ਾ ਨੇਤਾ, ਆਹ ਰਿਹਾ ਚਾਬੀ ਵਾਲ਼ਾ ਬਾਂਦਰ, ਅਹੁ ਸੀ ਮਿੱਠੂ ਰਾਮ ਤੋਤਾ ਅਤੇ ਆਹ ਹੈ ਹਲ਼ ਚੁੱਕੀ ਜਾਂਦਾ ਕਿਰਸਾਣ, ਦੱਸੋ ਬੇਟਾ ਕਿਹੜਾ ਖਿਡੌਣਾ ਦੇਵਾਂ? " ਖਿਡੌਣੇ ਵਾਲ਼ਾ ਖਿਡੌਣੇ ਦਿਖਾ ਰਿਹਾ ਸੀ।

"ਮੈਂ ਆਹ ਲੈਣਾ ......... ਨਹੀਂ, ਆਹ ........ ਨਹੀਂ-ਨਹੀਂ ....... ਆਹ," ਕਰਨ ਨੂੰ ਸਾਰੇ ਖਿਡੌਣੇ ਪਸੰਦ ਸਨ ਪਰ ਉਹ ਸਾਰੇ ਤਾਂ ਨਹੀਂ ਲੈ ਸਕਦਾ ਸੀ। ਇਸੇ ਲਈ ਉਹ ਫ਼ੈਸਲਾ ਨਹੀਂ ਸੀ ਕਰ ਪਾ ਰਿਹਾ।

"ਲਓ ਬੇਟਾ, ਜਿਹੜਾ ਖਿਡੌਣਾ ਲੈਣਾ ਹੈ ! " ਖਿਡੌਣਿਆਂ 'ਚ ਉਲ਼ਝਿਆ ਦੇਖ ਉਸ ਦੀ ਮਾਤਾ ਨੇ ਕਰਨ ਨੂੰ ਕਿਹਾ।

"ਚੱਲ ਬੇਟੇ, ਤੂੰ ਦੱਸ, ਕਿਹੜਾ ਲੈਣੈ? " ਕੋਲ਼ ਖੜ੍ਹੀ ਸੁਮਨ ਨੂੰ ਪਿਤਾ ਜੀ ਨੇ ਪੁੱਛਿਆ।

"ਨਹੀਂ, ਪਿਤਾ ਜੀ, ਮੈਂ ਖਿਡੌਣਾ ਨਹੀਂ ਲੈਣਾ, " ਸੁਮਨ ਦੁਆਰਾ ਖਿਡੌਣੇ ਨਾ ਲੈਣ ਵਾਲ਼ੀ ਗੱਲ ਸੁਣ ਕੇ ਪਿਤਾ ਜੀ ਨੂੰ ਬਹੁਤ ਹੈਰਾਨੀ ਹੋਈ ਕਿਉਂਕਿ ਖਿਡੌਣੇ ਉਸ ਨੂੰ ਬੇਹੱਦ ਪਸੰਦ ਸਨ।

"ਕਿਉਂ ਬੱਚੇ ! ਲੈ ਲਓ, ਜੋ ਦਿਲ ਕਰਦੈ, " ਪਿਤਾ ਜੀ ਨੇ ਸੁਮਨ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ।

"ਮੈਂ ਤਾਂ......... " ਸੁਮਨ ਦਿਲ ਦੀ ਗੱਲ ਦੱਸਣ ਹੀ ਲੱਗੀ ਸੀ ਕਿ ਪਿਤਾ ਜੀ ਨੇ ਖਿਝਦਿਆਂ ਕਿਹਾ, "ਛੇਤੀ ਕਰੋ ਬਈ, ਬਹੁਤ ਟਾਈਮ ਹੋ ਗਿਆ। "

ਕਰਨ ਨੇ ਖਿਡੌਣੇ ਲੈ ਲਏ ਅਤੇ ਅਣਮੰਨੇ ਜਿਹੇ ਮਨ ਨਾਲ਼ ਸੁਮਨ ਨੇ ਵੀ ਇੱਕ ਖਿਡੌਣਾ ਲੈ ਲਿਆ।

"ਮਾਤਾ ਜੀ, ਅਸੀਂ ਹੇਠਾਂ ਉੱਡਣ-ਖਟੋਲੇ ਰਾਹੀਂ ਨਹੀਂ ਜਾਣਾ, ਮੈਂ ਤਾਂ ਤੁਰ ਕੇ ਜਾਣਾ ਚਾਹੁੰਦਾ ਹਾਂ," ਸੁਮਨ ਨੇ ਮਾਤਾ ਜੀ ਦੀ ਉਂਗਲ਼ ਫੜਦਿਆਂ ਕਿਹਾ।

"ਪਰ ਤੁਸੀਂ ਥੱਕ ਜਾਓਗੇ, ਬੇਟਾ।" ਪਿਤਾ ਜੀ ਨੇ ਸੁਮਨ ਵੱਲ ਪਿਆਰ ਨਾਲ਼ ਦੇਖਦਿਆਂ ਕਿਹਾ।

"ਅਸੀਂ ਨਹੀਂ ਥੱਕਾਂਗੇ, ਭੱਜੇ ਜਾਵਾਂਗੇ।"

ਕਰਨ ਨੇ ਭੱਜ ਕੇ ਦਿਖਾਇਆ ਅਤੇ ਸੁਮਨ ਨੇ ਵੀ ਖ਼ੁਸ਼ੀ ਨਾਲ਼ ਹਾਮੀ ਭਰ ਦਿੱਤੀ।

ਸੁਮਨ ਤੇ ਕਰਨ ਆਪਣੇ ਮਾਤਾ-ਪਿਤਾ ਨਾਲ਼ ਕੁਦਰਤ ਦੇ ਨਜ਼ਾਰੇ ਮਾਣਦਿਆਂ ਪਹਾੜੋਂ ਹੇਠਾਂ ਉੱਤਰ ਰਹੇ ਸਨ ਕਿ ਅਚਨਚੇਤ ਸੁਮਨ ਰੁਕ ਗਈ ਅਤੇ ਪਿੰਜਰੇ ਵਾਲ਼ੇ ਤੋਤੇ ਵੱਲ ਫਿਰ ਦੇਖਣ ਲੱਗ ਪਈ।

"ਕੀ ਹੋਇਆ, ਰੁਕ ਕਿਉਂ ਗਈ, ਸੁਮਨ?" ਮਾਤਾ ਜੀ ਨੇ ਸੁਮਨ ਨੂੰ ਪੁੱਛਿਆ।

"ਮਾਤਾ ਜੀ , ਮੈ ਤੋਤਾ ਲੈਣਾ ਹੈ। " ਸੁਮਨ ਨੇ ਪਿੰਜਰੇ ਵਾਲ਼ੇ ਤੋਤੇ ਵੱਲ ਇਸ਼ਾਰਾ ਕਰਦਿਆਂ ਕਿਹਾ।

"ਪਰ ਬੱਚੇ , ਸ਼ਾਇਦ ਉਹ ਨਾ ਦੇਵੇ, " ਮਾਤਾ ਜੀ ਨੇ ਹੈਰਾਨ ਹੁੰਦਿਆਂ ਸੁਮਨ ਨੂੰ ਕਿਹਾ।

"ਬੱਸ, ਮੈਂ ਤਾਂ ਲੈਣਾ ਹੈ।" ਸੁਮਨ ਜ਼ਮੀਨ 'ਤੇ ਪੈਰ ਮਾਰ ਕੇ ਜ਼ਿਦ ਕਰਨ ਲੱਗੀ।

"ਭਾਈ ਸਾਹਿਬ ! ਇਹ ਤੋਤਾ ਕਿੰਨੇ ਦਾ ਹੈ?" ਪਿਤਾ ਜੀ ਨੇ ਝਕਦਿਆਂ ਹੋਇਆਂ ਪੁੱਛਿਆ।

ਸੁਮਨ ਤੋਤੇ ਵੱਲ ਪਿਆਰ ਨਾਲ਼ ਦੇਖ ਰਹੀ ਸੀ ਅਤੇ ਤੋਤਾ ਵੀ ਖੰਭ ਮਾਰ -ਮਾਰ ਕੇ ਉਸ ਦਾ ਸੁਆਗਤ ਕਰ ਰਿਹਾ ਸੀ।

" ਪੰਜ ਸੌ ਦਾ .........ਗੱਲਾਂ ਵੀ ਕਰਦੈ .........., " ਤੋਤੇ ਵਾਲ਼ੇ ਨੇ ਕਿਹਾ।

" ਪੰਜ ਸੌ ਦਾ ! " ਪਿਤਾ ਜੀ ਨੇ ਬੱਚਿਆਂ ਦੇ ਮਾਤਾ ਜੀ ਵੱਲ ਦੇਖਿਆ ਅਤੇ ਮਾਤਾ ਜੀ ਨੇ ਲੈ ਲੈਣ ਦਾ ਸੰਕੇਤ ਕੀਤਾ।

ਹੁਣ ਪਿੰਜਰਾ ਅਤੇ ਤੋਤਾ ਸੁਮਨ ਦੇ ਹੱਥ ਵਿੱਚ ਸਨ। ਉਹ ਹੌਲ਼ੀ-ਹੌਲ਼ੀ ਤੁਰ ਰਹੀ ਸੀ। ਮਾਤਾ-ਪਿਤਾ ਅਤੇ ਕਰਨ ਅੱਗੇ-ਅੱਗੇ ਤੁਰ ਰਹੇ ਸਨ। ਇੱਕ ਛੋਟੀ ਜਿਹੀ ਪਹਾੜੀ ਆਈ। ਸੁਮਨ ਨੇ ਉਸ 'ਤੇ ਚੜ੍ਹ ਕੇ ਪਿੰਜਰੇ ਦਾ ਮੂੰਹ ਖੋਲ੍ਹ ਦਿੱਤਾ। ਤੋਤਾ ਫੁਰਰ ਕਰ ਕੇ ਬਾਹਰ ਆਇਆ ਅਤੇ ਸੁਮਨ ਦੇ ਮੋਢਿਆਂ 'ਤੇ ਬੈਠ ਗਿਆ। ਫਿਰ ਉਸ ਦੇ ਹੱਥਾਂ 'ਤੇ ਦੋ-ਤਿੰਨ ਠੂੰਗਾਂ ਪਿਆਰ ਨਾਲ਼ ਮਾਰੀਆਂ, ਜਿਵੇਂ ਉਹ ਆਪਣੀ ਅਜ਼ਾਦੀ ਲਈ ਸੁਮਨ ਦਾ ਧੰਨਵਾਦ ਕਰ ਰਿਹਾ ਹੋਵੇ। ਫਿਰ ਉਹ ਅਕਾਸ਼ ਵੱਲ ਉੱਡੇ ਜਾਂਦੇ ਤੋਤਿਆਂ ਦੀ ਡਾਰ ਨਾਲ਼ ਰਲ਼ ਗਿਆ। ਪਿੰਜਰਾ ਸੁਮਨ ਨੇ ਡੂੰਘੀ ਖੱਡ ਵਿੱਚ ਸੁੱਟ ਦਿੱਤਾ।



"ਬਾਏ-ਬਾਏ ! ਗੰਗਾ ਰਾਮ !" ਸੁਮਨ ਦੂਰ ਉੱਡੇ ਜਾ ਰਹੇ ਤੋਤੇ ਵੱਲ ਵੇਖ ਕੇ ਹੱਥ ਹਿਲਾ ਰਹੀ ਸੀ।

ਸੁਮਨ ਦੀ ਅਵਾਜ਼ ਸਣ ਕੇ ਉਸ ਦੇ ਮਾਤਾ-ਪਿਤਾ ਅਤੇ ਕਰਨ ਤਿੰਨੇ ਵਾਪਸ ਮੁੜ ਆਏ। ਕੋਲ਼ ਆ ਕੇ ਪਿਤਾ ਜੀ ਨੇ ਉਸ ਦਾ ਮੱਥਾ ਚੁੰਮਦਿਆਂ ਕਿਹਾ-'ਸ਼ਾਬਾਸ਼ ! ਸੁਮਨ !'

## ਪਾਠ-ਅਭਿਆਸ

**1. ਦੱਸੋ:**

(ੳ) ਗਰਮੀਆਂ ਦੇ ਮੌਸਮ ਵਿੱਚ ਪਹਾੜਾਂ ਉੱਤੇ ਸੈਲਾਨੀਆਂ ਦੀ ਭਰਮਾਰ ਕਿਉਂ ਹੁੰਦੀ ਹੈ ?

(ਅ) ਕਰਨ ਅਤੇ ਸੁਮਨ ਨੇ ਦੂਰਬੀਨ ਨਾਲ਼ ਕੀ ਕੁਝ ਦੇਖਿਆ ?

(ੲ) ਪਹਾੜ ਤੋਂ ਹੇਠਾਂ ਉੱਤਰਦਿਆਂ ਕਰਨ ਅਤੇ ਸੁਮਨ ਨੇ ਕੀ ਦੇਖਿਆ ?

(ਸ) ਤੋਤੇ ਨੂੰ ਪਿੰਜਰੇ ਵਿੱਚ ਬੰਦ ਦੇਖ ਕੇ ਸੁਮਨ ਕੀ ਮਹਿਸੂਸ ਕਰ ਰਹੀ ਸੀ ?

(ਹ) ਖਿਡੌਣਿਆਂ ਵਾਲ਼ਾ ਬੱਚਿਆਂ ਨੂੰ ਕਿਹੜੇ-ਕਿਹੜੇ ਖਿਡੌਣੇ ਦਿਖਾ ਰਿਹਾ ਸੀ ?

(ਕ) ਸੁਮਨ ਖਿਡੌਣੇ ਕਿਉਂ ਨਹੀਂ ਸੀ ਖ਼ਰੀਦਣਾ ਚਾਹੁੰਦੀ ?

(ਖ) ਸੁਮਨ ਤੋਤੇ ਨੂੰ ਹੀ ਕਿਉਂ ਖ਼ਰੀਦਣਾ ਚਾਹੁੰਦੀ ਸੀ ?

(ਗ) ਸੁਮਨ ਦੇ ਪਿਤਾ ਜੀ ਨੇ 'ਸ਼ਾਬਾਸ਼ ! ਸੁਮਨ !' ਕਿਉਂ ਕਿਹਾ ?

2 **ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਸੁਹਾਵਣਾ | : | ਸੋਹਣਾ ਲੱਗਣ ਵਾਲ਼ਾ |
| ਸੈਲਾਨੀ | : | ਸੈਰ-ਸਪਾਟਾ ਕਰਨ ਵਾਲ਼ਾ ਜਾਂ ਦੇਸ-ਵਿਦੇਸ਼ ਘੁੰਮਣ ਵਾਲ਼ਾ |
| ਨਜ਼ਾਰੇ | : | ਦ੍ਰਿਸ਼ |
| ਉਤਸੁਕਤਾ | : | ਜਾਣਨ ਦੀ ਇੱਛਾ |
| ਪਰਿੰਦੇ | : | ਪੰਛੀ, ਜਾਨਵਰ |
| ਦੂਰਬੀਨ | : | ਦੂਰ ਦੀਆਂ ਚੀਜ਼ਾਂ ਨੂੰ ਦੇਖਣ ਵਾਲ਼ਾ ਯੰਤਰ |
| ਭਰਮਾਰ | : | ਬਹੁਤਾਤ, ਬਹੁਤ ਜ਼ਿਆਦਾ |
| ਸੁਨਹਿਰੀ | : | ਸੋਨੇ-ਰੰਗੀਆਂ |
| ਲੋਚਦਾ | : | ਚਾਹੁੰਦਾ |
| ਸੰਕੇਤ | : | ਇਸ਼ਾਰਾ |
| ਦੁੜੰਗੇ | : | ਟਪੂਸੀਆਂ ਜਾਂ ਛਾਲ਼ਾਂ ਮਾਰਨੀਆਂ |

3. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਅਜੀਬ, ਆਪਮੁਹਾਰੇ, ਮਸਤੀ, ਝੁਰਮਟ, ਅਚਨਚੇਤ, ਡਾਰ, ਅਕਾਸ਼, ਖੱਡ

4. **ਹੇਠ ਲਿਖੇ ਸ਼ਬਦ ਕਿਸਨੇ, ਕਿਸ ਨੂੰ ਕਹੇ :**

(ੳ) " ਆਹਾ ! ਕਿੰਨੇ ਸੋਹਣੇ ਬਿਰਖ, ਬਿਰਖਾਂ 'ਤੇ ਤਰ੍ਹਾਂ-ਤਰ੍ਹਾਂ ਦੇ ਪੰਛੀ। "

(ਅ) " ਬੁੱਧੂ ! ਬਿਰਖ ਅਕਾਸ਼ ' ਤੇ ਨਹੀਂ ਧਰਤੀ 'ਤੇ ਹੁੰਦੇ ਹਨ। "

(ੲ) " ਗੰਗਾ ਰਾਮ ! ਚੂਰੀ ਖਾਣੀ ਐ ? "

(ਸ) " ਮੰਮੀ ਜੀ ! ਸੱਚ-ਮੁੱਚ ਦੋ ਰੱਬ ਹਨ ? "

(ਹ) " ਨਹੀਂ ਮੰਮੀ, ਮੈਂ ਖਿਡੌਣਾ ਨਹੀਂ ਲੈਣਾ। "

5. **ਹੇਠ ਲਿਖੇ ਪੈਰੇ ਵਿੱਚੋਂ ਕਿਰਿਆ-ਸ਼ਬਦ ਚੁਣ ਕੇ ਲਿਖੋ ਤੇ ਵਾਕਾਂ ਦਾ ਕਾਲ ਵੀ ਲਿਖੋ ।**

ਗਰਮੀਆਂ ਵਿੱਚ ਪਹਾੜਾਂ ਦਾ ਮੌਸਮ ਬੜਾ ਸੁਹਾਵਣਾ ਹੁੰਦਾ ਹੈ। ਪਹਾੜਾਂ ਦੀਆਂ ਠੰਢੀਆਂ ਹਵਾਵਾਂ ਤਨ-ਮਨ ਨੂੰ ਠਾਰਦੀਆਂ ਹਨ। ਜਦੋਂ ਤੇਜ਼ ਹਵਾ ਚੱਲਦੀ ਹੈ ਤਾਂ ਰੁੱਖ ਇਸ ਤਰਾਂ ਜ਼ੋਰ-ਜ਼ੋਰ ਨਾਲ਼ ਝੂਮਦੇ ਹਨ, ਜਿਵੇਂ ਕਿਸੇ ਚੁਟਕਲੇ ਨੂੰ ਸੁਣ ਕੇ ਬੰਦਾ ਹੱਸ-ਹੱਸ ਕੇ ਦੂਹਰਾ -ਤੀਹਰਾ ਹੋ ਜਾਂਦਾ ਹੈ। ਪਹਾੜ ਹਰ ਕੋਈ ਦੇਖਣਾ ਚਾਹੁੰਦਾ ਹੈ ਅਤੇ ਇਹ ਹਰ ਕਿਸੇ ਨੂੰ ਚੰਗੇ ਲੱਗਦੇ ਹਨ। ਉੱਚੇ-ਲੰਮੇ ਅਤੇ ਚੌੜੇ ਪਹਾੜਾਂ ਦਾ ਲਹਿਰੀਆ ਦੇਖ ਕੇ ਕਰਨ ਬਹੁਤ ਖ਼ੁਸ਼ ਹੋ ਰਿਹਾ ਸੀ।

**ਵਿਆਕਰਨ :**

ਕਿਰਿਆ ਦੀ ਤੀਜੀ ਪ੍ਰਕਾਰ-ਵੰਡ ਅਨੁਸਾਰ ਕਿਰਿਆ ਦੋ ਕਿਸਮ ਦੀ ਹੁੰਦੀ ਹੈ :

1. **ਇਕਹਿਰੀ ਕਿਰਿਆ :** ਜਿਸ ਵਾਕ ਵਿੱਚ ਕਿਰਿਆ ਇੱਕ ਸ਼ਬਦ ਦੀ ਹੋਵੇ ਉਸ ਨੂੰ ਇਕਹਿਰੀ ਕਿਰਿਆ ਕਿਹਾ ਜਾਂਦਾ ਹੈ, ਜਿਵੇਂ :ਰਾਹ ਵਿੱਚ ਇੱਕ ਛੋਟੀ ਜਿਹੀ ਪਹਾੜੀ ਆਈ।

2. **ਸੰਯੁਕਤ ਕਿਰਿਆ :** ਜਦੋਂ ਕੋਈ ਕਿਰਿਆ ਇੱਕ ਤੋਂ ਵੱਧ ਸ਼ਬਦਾਂ ਦੇ ਸੰਯੋਗ ਤੋਂ ਬਣੇ ਤਾਂ ਉਸ ਨੂੰ ਸੰਯੁਕਤ

ਕਿਰਿਆ ਕਿਹਾ ਜਾਂਦਾ ਹੈ, ਜਿਵੇਂ : ਪਹਾੜਾਂ 'ਤੇ ਬਹੁਤ ਸਾਰੇ ਸੈਲਾਨੀ ਆਉਂਦੇ ਰਹਿੰਦੇ ਹਨ।

### ਕਿਰਿਆ ਦੀ ਚੌਥੀ ਪ੍ਰਕਾਰ -

ਵੰਡ ਅਨੁਸਾਰ ਕਿਰਿਆ ਨੂੰ ਦੋ ਭਾਗਾਂ: ਮੁੱਖ ਕਿਰਿਆ ਤੇ ਸਹਾਇਕ ਕਿਰਿਆ ਵਿੱਚ ਵੰਡਿਆ ਜਾਂਦਾ ਹੈ, ਜਿਵੇਂ : ਪਿੰਜਰਾ ਸੁਮਨ ਨੇ ਡੂੰਘੀ ਖੱਡ ਵਿੱਚ ਸੁੱਟਿਆ (ਮੁੱਖ ਕਿਰਿਆ ) ਸੀ (ਸਹਾਇਕ ਕਿਰਿਆ) ।

### ਹੇਠ ਲਿਖੀਆਂ ਸਤਰਾਂ ਨੂੰ ਸੋਹਣਾ ਕਰਕੇ ਲਿਖੋ:-

ਕੁਦਰਤ ਦਾ ਪਹਿਚਾਣੋ ਭੇਦ,
ਪੰਛੀਆਂ ਤਾਈਂ ਕਰੋ ਨਾ ਕੈਦ।
ਪੰਛੀ ਨੇ ਕੁਦਰਤ ਦੀ ਸ਼ਾਨ,
ਅਜ਼ਾਦੀ ਇਹਨਾਂ ਦੀ ਪਹਿਚਾਣ।

## ਪਾਠ-13

# ਸਾਉਣ



ਸਾਉਣ ਮਾਹ ਝੜੀਆਂ, ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ, ਟਹਿਕੀਆਂ ਡਾਲ਼ੀਆਂ ਨੇ।
ਰਾਹ ਰੋਕ ਲਏ ਛੱਪੜਾਂ, ਟੋਭਿਆਂ ਨੇ,
ਨਦੀਆਂ-ਨਾਲ਼ਿਆਂ ਜੂਹਾਂ ਹੰਘਾਲ਼ੀਆਂ ਨੇ।
ਧਾਈਂ ਉੱਸਰੇ, ਨਿੱਸਰੀ ਚਰ੍ਹੀ, ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲ਼ੀਆਂ ਨੇ।
ਜੰਮੂ ਰਸੇ, ਅਨਾਰ ਵਿੱਚ ਆਈ ਸ਼ੀਰੀਂ,
ਚੜ੍ਹੀਆਂ ਸਬਜ਼ੀਆਂ ਨੂੰ ਗਿੱਠ-ਗਿੱਠ ਲਾਲੀਆਂ ਨੇ।
ਤਿੜਾਂ ਤਿੜਕੀਆਂ, ਪੱਠਿਆਂ ਲਹਿਰ ਲਾਈ,
ਡੰਗਰ ਛੱਡ ਦਿੱਤੇ ਖੁੱਲ੍ਹੇ ਪਾਲ਼ੀਆਂ ਨੇ।
ਵੱਟਾਂ ਬੱਧੀਆਂ, ਜੋਤਰੇ ਖੋਲ੍ਹ ਦਿੱਤੇ,
ਛਾਂਵੇਂ ਮੰਜੀਆਂ ਡਾਹੀਆਂ ਹਾਲ਼ੀਆਂ ਨੇ।
ਪੇਕੀਂ ਬੈਠੀਆਂ ਤਾਈਂ ਦਿਹਾਰ ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ।
ਵੰਗਾਂ, ਚੂੜੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ, ਮਹਿੰਦੀਆਂ ਲਾਈਆਂ ਨੇ।

ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ , ਵਹੁਟੀਆਂ ਨੇ ਪੀਂਘਾਂ ਪਾਈਆਂ ਨੇ,
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲ਼ੀਆਂ ਵੇਖ ਕੇ ਛਾਈਆਂ ਨੇ।
ਸੌਂਚੀ ਖੇਡਦੇ ਗੱਭਰੂ ਪਿੜਾਂ ਅੰਦਰ,
ਛਿੰਝਾਂ ਪਾਉਂਦੇ ਤੇ ਛਾਲ਼ਾਂ ਲਾਉਂਦੇ ਨੇ।
ਲੋਕੀਂ ਖ਼ੁਸ਼ੀ ਅੰਦਰ ਖੀਵੇ ਹੋਏ 'ਚਾਤ੍ਰਿਕ',
ਸਾਉਣ ਮਾਹ ਦੇ ਸੋਹਲੇ ਗਾਉਂਦੇ ਨੇ।

## ਪਾਠ-ਅਭਿਆਸ

**1. ਦੱਸੋ :**

(ੳ) ਸਾਉਣ ਦੇ ਮਹੀਨੇ ਖੇਤਾਂ ਵਿੱਚ ਕਿਹੜੀਆਂ-ਕਿਹੜੀਆਂ ਫ਼ਸਲਾਂ ਹੁੰਦੀਆਂ ਹਨ ?

(ਅ) ਸਾਉਣ ਦੇ ਮਹੀਨੇ ਕੁੜੀਆਂ ਕੀ ਕਰਦੀਆਂ ਹਨ ?

(ੲ) ਸਾਉਣ ਦੇ ਮਹੀਨੇ ਘਰਾਂ ਵਿੱਚ ਕਿਹੜੇ-ਕਿਹੜੇ ਪਕਵਾਨ ਤਿਆਰ ਕੀਤੇ ਜਾਂਦੇ ਹਨ ?

(ਸ) ਗੱਭਰੂ ਸਾਉਣ ਮਹੀਨੇ ਦੀ ਰੁੱਤ ਦਾ ਅਨੰਦ ਕਿਵੇਂ ਮਾਣਦੇ ਹਨ ?

(ਹ) ਸਾਉਣ ਮਹੀਨੇ 'ਚ ਆਲ਼ੇ-ਦੁਆਲ਼ੇ ਵਿੱਚ ਕੀ ਪਰਿਵਰਤਨ ਆਉਂਦਾ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਦੇ ਭਾਵ-ਅਰਥ ਲਿਖੋ :**

(ੳ) ਸਾਉਣ ਮਾਹ ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ ਟਹਿਕੀਆਂ ਡਾਲ਼ੀਆਂ ਨੇ ।

(ਅ) ਜੰਮੂ ਰਸੇ, ਅਨਾਰ ਵਿੱਚ ਆਈ ਸ਼ੀਰੀਂ,
ਚੜ੍ਹੀਆਂ ਸਬਜ਼ੀਆਂ ਨੂੰ ਗਿੱਠ-ਗਿੱਠ ਲਾਲੀਆਂ ਨੇ।

**3. ਔਖੇ ਸ਼ਬਦਾਂ ਦੇ ਅਰਥ ਦੱਸੋ:**

| | | |
|---|---|---|
| ਮਾਹ | : | ਮਹੀਨਾ |
| ਪੁੰਗਰੀ | : | ਫੁੱਟਦੀ, ਉੱਗਦੀ |
| ਜੂਹ | : | ਘਰਾਂ ਦੇ ਨੇੜੇ ਖ਼ਾਲੀ ਥਾਂ, ਹੱਦ, ਸੀਮਾ |
| ਹੰਘਾਲ਼ੀਆ | : | ਪਾਣੀ ਫੇਰ ਕੇ ਕੱਢਣਾ |
| ਧਾਈਂ | : | ਜੀਰੀ, ਝੋਨਾ |

| | | |
|---|---|---|
| ਸ਼ੀਰੀਂ | : | ਮਿਠਾਸ |
| ਤਿੜ੍ਹਾਂ | : | ਖੱਬਲ਼ ਜਾਂ ਘਾਹ ਦਾ ਲੰਮਾ ਤੀਲ੍ਹਾ, ਕੱਖ |
| ਪਾਲ਼ੀ | : | ਪਸ਼ੂ ਚਾਰਨ ਵਾਲ਼ੇ |
| ਜੋਤਰੇ | : | ਜੋੜੇ ਹੋਏ ਪਸ਼ੂ |
| ਬੱਧੀਆਂ | : | ਬੰਨ੍ਹੀਆਂ |
| ਦਿਹਾਰ | : | ਤਿਉਹਾਰ, ਵਿਆਹੀ ਕੁੜੀ ਲਈ ਦਿਨ-ਦਿਹਾਰ 'ਤੇ ਭੇਜੀ ਗਈ ਵਸਤੂ |
| ਡੰਝ ਲਾਹੀ | : | ਇੱਛਾ ਪੂਰੀ ਕਰਨਾ, ਭੁੱਖ ਲਾਹੁਣੀ |
| ਸੌਂਚੀ | : | ਕਬੱਡੀ ਦੀ ਖੇਡ ਦੀ ਇੱਕ ਕਿਸਮ |
| ਛਿੰਝ ਪਾਉਣਾ | : | ਕੁਸ਼ਤੀ, ਅਖਾੜਾ |
| ਖੀਵੇ | : | ਖ਼ੁਸ਼ ਹੋਣਾ |
| ਪਿੜ | : | ਅਖਾੜਾ, ਉਹ ਥਾਂ ਜਿੱਥੇ ਕੁਸ਼ਤੀਆਂ ਜਾਂ ਖੇਡਾਂ ਹੁੰਦੀਆਂ ਹਨ। |
| ਸੋਹਲੇ | : | ਗੀਤ, ਗੁਣ-ਗਾਣ |

4. **ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ:**

(ੳ) ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ,

______________________________

______________________________

(ਅ) ਸੌਂਚੀ ਖੇਡਦੇ ਗੱਭਰੂ ਪਿੜਾਂ ਅੰਦਰ,

______________________________

______________________________

5. **ਪੜ੍ਹੋ ਤੇ ਸਮਝੋ :**

| | | |
|---|---|---|
| ਸਾਉਣ | : | ਸੌਂਚੀ |
| ਪਾਲ਼ੀ | : | ਵਰਖਾ |
| ਕੁੜੀਆਂ, ਵਹੁਟੀਆਂ | : | ਪਸ਼ੂ ਚਾਰਨ ਵਾਲ਼ੇ |
| ਗੱਭਰੂ | : | ਪੀਂਘਾਂ |

6. **ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋ :**

ਗਿੱਠ-ਗਿੱਠ ਲਾਲੀ ਚੜ੍ਹਨਾ, ਖ਼ੁਸ਼ੀ 'ਚ ਖੀਵੇ ਹੋਣਾ, ਸੋਹਲੇ ਗਾਉਣਾ।

## ਵਿਆਕਰਨ:

**ਹੇਠ ਲਿਖੀਆਂ ਸਤਰਾਂ ਵਿੱਚੋਂ ਨਾਂਵ-ਸ਼ਬਦ ਚੁਣੋ।**

ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ , ਵਹੁਟੀਆਂ ਨੇ ਪੀਂਘਾਂ ਪਾਈਆਂ ਨੇ,
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲ਼ੀਆਂ ਵੇਖ ਕੇ ਛਾਈਆਂ ਨੇ।

## ਅਧਿਆਪਕਾਂ ਲਈ :

**ਹੇਠ ਲਿਖੀਆਂ ਰੁੱਤਾਂ ਬਾਰੇ ਚਾਰ-ਚਾਰ ਸਤਰਾਂ ਲਿਖੋ :**

ਗਰਮੀ, ਸਰਦੀ, ਪਤਝੜ, ਬਸੰਤ

ਪਾਠ-14

# ਕਰਤਾਰ ਸਿੰਘ ਸਰਾਭਾ



ਲੁਧਿਆਣੇ ਸ਼ਹਿਰ ਤੋਂ 25 ਕਿਲੋਮੀਟਰ ਦੀ ਵਿੱਥ ਉੱਤੇ ਲੁਧਿਆਣਾ-ਰਾਏਕੋਟ ਸੜਕ ਉੱਤੇ ਸਥਿਤ ਪਿੰਡ ਸਰਾਭਾ ਹੈ। ਇਸ ਪਿੰਡ ਵਿੱਚ ਸਰਦਾਰ ਮੰਗਲ ਸਿੰਘ ਦੇ ਘਰ ਸੰਨ 1896 ਈ. ਵਿੱਚ ਬਾਲਕ ਕਰਤਾਰ ਸਿੰਘ ਪੈਦਾ ਹੋਇਆ । ਛੋਟੀ ਉਮਰ ਵਿੱਚ ਹੀ ਇਸ ਦੇ ਪਿਤਾ ਦਾ ਦਿਹਾਂਤ ਹੋ ਗਿਆ ਤੇ ਕਰਤਾਰ ਸਿੰਘ ਦਾ ਪਾਲਣ-ਪੋਸਣ ਇਸ ਦੇ ਦਾਦੇ ਸਰਦਾਰ ਬਦਨ ਸਿੰਘ ਦੇ ਜ਼ੁੰਮੇ ਪੈ ਗਿਆ।

ਮੁਢਲੀ ਵਿੱਦਿਆ ਕਰਤਾਰ ਸਿੰਘ ਨੇ ਸਰਾਭਾ ਪਿੰਡ ਵਿੱਚ ਹੀ ਪ੍ਰਾਪਤ ਕੀਤੀ। ਮਾਲਵਾ ਖ਼ਾਲਸਾ ਹਾਈ ਸਕੂਲ, ਲੁਧਿਆਣਾ ਤੋਂ ਅੱਠਵੀਂ ਤੇ 1910 ਈ: ਵਿੱਚ ਮਿਸ਼ਨ ਹਾਈ ਸਕੂਲ ਤੋਂ ਦਸਵੀਂ ਜਮਾਤ ਪਾਸ ਕੀਤੀ। ਦਸਵੀਂ ਪਾਸ ਕਰਕੇ ਕਰਤਾਰ ਸਿੰਘ ਆਪਣੇ ਚਾਚੇ ਵੀਰ ਸਿੰਘ ਕੋਲ਼ ਓਡੀਸ਼ਾ , ਕਟਕ ਸ਼ਹਿਰ ਵਿੱਚ, ਜਿੱਥੇ ਉਹ ਡਾਕਟਰ ਸਨ, ਚਲਾ ਗਿਆ। ਉਹ ਮਸਾਂ ਇੱਕ ਸਾਲ ਹੀ ਆਪਣੇ ਚਾਚੇ ਪਾਸ ਠਹਿਰਿਆ। ਇਸ ਤੋਂ ਬਾਅਦ ਉਹ ਆਪਣੇ ਦਾਦੇ ਬਦਨ ਸਿੰਘ ਨੂੰ ਕਹਿ ਕੇ ਉਚੇਰੀ ਪੜ੍ਹਾਈ ਲਈ ਅਮਰੀਕਾ ਚਲਾ ਗਿਆ ਜਿੱਥੇ ਉਸ ਨੂੰ ਬਰਕਲੇ ਯੂਨੀਵਰਸਿਟੀ, ਸਾਨਫ਼ਰਾਂਸਿਸਕੋ ਵਿੱਚ ਦਾਖ਼ਲਾ ਮਿਲ਼ ਗਿਆ। ਇਹ 1912 ਈ. ਦੇ ਜਨਵਰੀ ਮਹੀਨੇ ਦੀ ਗੱਲ ਹੈ।

ਠੀਕ ਇਸ ਸਮੇਂ ਅਮਰੀਕਾ ਤੇ ਕਨੇਡਾ ਵਿੱਚ ਜਿੱਥੇ ਚੋਖੀ ਗਿਣਤੀ ਵਿੱਚ ਹਿੰਦੁਸਤਾਨੀ ਤੇ ਵਿਸ਼ੇਸ਼ ਕਰਕੇ ਸਿੱਖ ਪਹੁੰਚ ਚੁੱਕੇ ਸਨ, ਗ਼ਦਰ ਲਹਿਰ ਦਾ ਮੁੱਢ ਬੱਝ ਰਿਹਾ ਸੀ। ਇਹਨਾਂ ਦੇਸਾਂ ਵਿੱਚ ਮਜ਼ਦੂਰੀ ਕਰ ਰਹੇ ਭਾਰਤੀਆਂ ਨੂੰ

ਦੋ ਵੱਡੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪੈ ਰਿਹਾ ਸੀ। ਇੱਕ ਇਹ ਕਿ ਅਮਰੀਕਾ ਤੇ ਕਨੇਡਾ ਦੀਆਂ ਸਰਕਾਰਾਂ ਇਹਨਾਂ ਨੂੰ ਆਪਣੇ ਨਾਗਰਿਕ ਨਹੀਂ ਬਣਾਉਣਾ ਚਾਹੁੰਦੀਆਂ ਸਨ ਤੇ ਦੂਜਾ, ਉੱਥੋਂ ਦੇ ਮਜ਼ਦੂਰ ਇਹਨਾਂ ਨੂੰ ਪਸੰਦ ਨਹੀਂ ਕਰਦੇ ਸਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇਹ ਲੋਕ ਉੱਥੋਂ ਦੀਆਂ ਮਜ਼ਦੂਰ-ਜਥੇਬੰਦੀਆਂ ਵਿੱਚ ਨਾ ਹੋਣ ਕਰਕੇ ਤੇ ਆਪਣੀ ਗ਼ਰੀਬੀ ਕਰਕੇ, ਉਹਨਾਂ ਦੀਆਂ ਹੜਤਾਲਾਂ ਸਮੇਂ ਘੱਟ ਮਜ਼ਦੂਰੀ ਲੈ ਕੇ ਉਹਨਾਂ ਦੀ ਥਾਂ ਕੰਮ ਉੱਤੇ ਲੱਗ ਜਾਂਦੇ ਸਨ।

ਦੂਜੀ ਔਕੜ ਤਾਂ ਇਹ ਲੋਕ ਸਹਿਣ ਕਰ ਲੈਂਦੇ ਜੇ ਉੱਥੋਂ ਦੀਆਂ ਸਰਕਾਰਾਂ ਇਹਨਾਂ ਨੂੰ ਉੱਥੋਂ ਦੇ ਨਾਗਰਿਕ ਬਣਾਉਣਾ ਮੰਨ ਲੈਂਦੀਆਂ। ਇਸ ਲਈ ਉੱਥੇ ਵੱਸਦੇ ਹਿੰਦੁਸਤਾਨੀਆਂ ਨੇ 'ਗ਼ਦਰ' ਨਾਂ ਦੀ ਇੱਕ ਪਾਰਟੀ ਬਣਾਈ ਜਿਸ ਦੇ ਪਹਿਲੇ ਪ੍ਰਧਾਨ ਪ੍ਰਸਿੱਧ ਦੇਸ-ਭਗਤ ਸੋਹਣ ਸਿੰਘ ਭਕਨਾ ਤੇ ਸਕੱਤਰ ਲਾਲਾ ਹਰਦਿਆਲ ਸਨ। ਕਰਤਾਰ ਸਿੰਘ 18 ਕੁ ਸਾਲਾਂ ਦੀ ਛੋਟੀ ਉਮਰ ਦਾ ਹੋਣ ਕਰਕੇ ਇਸ ਦੀ ਕਾਰਜ-ਕਾਰਨੀ ਦਾ ਇੱਕ ਮੈਂਬਰ ਹੀ ਸੀ। ਇਸ ਸਭਾ ਦਾ ਕੇਂਦਰ ਸਾਨਫ਼ਰਾਂਸਿਸਕੋ ਬਣਾਇਆ ਗਿਆ ਤੇ ਇਸ ਨੇ ਆਪਣੇ ਆਸ਼ੇ ਦਾ ਪ੍ਰਚਾਰ ਕਰਨ ਲਈ (ਉਰਦੂ ਤੇ ਪੰਜਾਬੀ ਵਿੱਚ) 'ਗ਼ਦਰ' ਨਾਂ ਹੇਠ ਹਫ਼ਤਾਵਾਰ ਅਖ਼ਬਾਰ ਕੱਢਿਆ। ਇਸ ਪਰਚੇ ਦੀ ਦਿਨੋ-ਦਿਨ ਵਧਦੀ ਮੰਗ ਨੂੰ ਮੁੱਖ ਰੱਖ ਕੇ ਇਸ ਦੇ ਸੰਖੇਪ ਹਿੰਦੀ ਤੇ ਗੁਜਰਾਤੀ ਵਿੱਚ ਵੀ ਪ੍ਰਕਾਸ਼ਿਤ ਕੀਤੇ ਜਾਣ ਲੱਗੇ। ਇਸ ਅਖ਼ਬਾਰ ਨੂੰ ਲਿਖਣ ਤੇ ਪ੍ਰਕਾਸ਼ਿਤ ਕਰਨ ਵਾਲ਼ੀ ਕਮੇਟੀ ਦੇ ਮੁਖੀ ਲਾਲਾ ਹਰਦਿਆਲ, ਕਰਤਾਰ ਸਿੰਘ ਸਰਾਭਾ ਤੇ ਸ੍ਰੀ ਰਘੁਬਰ ਦਿਆਲ ਗੁਪਤਾ ਸਨ। ਇਹ ਅਖ਼ਬਾਰ ਛੇਤੀ ਹੀ ਅਮਰੀਕਾ , ਕਨੇਡਾ ਤੋਂ ਛੁੱਟ ਹੋਰ ਟਾਪੂਆਂ ਵਿੱਚ ਵੀ ਬਹੁਤ ਪ੍ਰਚਲਿਤ ਹੋ ਗਿਆ। ਕਰਤਾਰ ਸਿੰਘ ਇਸ ਅਖ਼ਬਾਰ ਦੀ ਜਿੰਦ-ਜਾਨ ਸੀ। ਇਸ ਨੂੰ ਚਲਾਉਣ ਵਿੱਚ ਸਾਰਾ ਸਮਾਂ ਤੇ ਸ਼ਕਤੀ ਦੇਣ ਲਈ ਉਸ ਨੇ ਯੂਨੀਵਰਸਿਟੀ ਦੀ ਪੜ੍ਹਾਈ ਵਿਚਾਲ਼ੇ ਹੀ ਛੱਡ ਦਿੱਤੀ ਤੇ ਇਸ ਲਈ ਧਨ ਇੱਕਠਾ ਕਰਨ ਦਾ ਬੀੜਾ ਵੀ ਉਠਾਇਆ।

ਇਸ ਸਭਾ ਦਾ ਉਦੇਸ਼ ਹਿੰਦੁਸਤਾਨ ਵਿੱਚ ਅੰਗਰੇਜ਼ ਰਾਜ ਦੇ ਵਿਰੁੱਧ ਹਥਿਆਰਬੰਦ ਵਿਦਰੋਹ ਕਰਕੇ ਇਸ ਦੀ ਸਫ਼ ਵਲੇਟਣਾ ਸੀ। ਇਸ ਮੰਤਵ ਲਈ ਅਖ਼ਬਾਰ ਚਲਾਉਣ ਤੇ ਹਥਿਆਰ ਇਕੱਤਰ ਕਰਨ ਹਿਤ ਬਹੁਤ ਸਾਰੇ ਹਿੰਦੁਸਤਾਨੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੇ ਅਮਰੀਕਾ ਤੇ ਕਨੇਡਾ ਵਿੱਚ ਆਪਣੀਆਂ ਜਾਇਦਾਦਾਂ ਦਾਅ ਉੱਤੇ ਲਾ ਦਿੱਤੀਆਂ।

ਉਸ ਸਮੇਂ ਅੰਗਰੇਜ਼ਾਂ ਤੇ ਜਰਮਨਾਂ ਵਿਚਕਾਰ ਵੈਰ-ਵਿਰੋਧ ਬਹੁਤ ਵਧ ਗਿਆ ਸੀ ਤੇ ਕਿਸੇ ਵੀ ਵਕਤ ਯੁੱਧ ਛਿੜ ਪੈਣ ਦਾ ਖ਼ਤਰਾ ਸੀ। ਗ਼ਦਰ ਲਹਿਰ ਦੇ ਆਗੂਆਂ ਨੇ 'ਵੈਰੀ ਦਾ ਵੈਰੀ-ਮਿੱਤਰ ' ਦੇ ਨਿਯਮ ਅਨੁਸਾਰ ਅਮਰੀਕਾ ਵਿੱਚ ਜਰਮਨ-ਰਾਜਦੂਤ ਤੱਕ ਪਹੁੰਚ ਕੀਤੀ ਜਿੱਥੋਂ ਇਹਨਾਂ ਨੂੰ ਆਪਣੇ ਬੰਦੇ ਹਿੰਦੁਸਤਾਨ ਭੇਜ ਕੇ ਉੱਥੇ ਅੰਗਰੇਜ਼ੀ ਰਾਜ ਵਿਰੁੱਧ ਵਿਦਰੋਹ ਕਰਵਾਉਣ ਦੀ ਮੁਹਿੰਮ ਵਿੱਚ ਹਥਿਆਰਾਂ ਤੇ ਧਨ ਦੀ ਸਹਾਇਤਾ ਦਾ ਭਰੋਸਾ ਦਿੱਤਾ ਗਿਆ। ਗ਼ਦਰ ਪਾਰਟੀ ਨੇ ਬਹੁਤੇ ਨੌਜਵਾਨਾਂ ਨੂੰ ਹਥਿਆਰ ਚਲਾਉਣ ਤੇ ਹੋਰ ਸੈਨਿਕ-ਸਿੱਖਿਆ ਲੈਣ ਦੀ ਪ੍ਰੇਰਨਾ ਵੀ ਦਿੱਤੀ। ਕਰਤਾਰ ਸਿੰਘ ਸਰਾਭਾ ਨੇ ਇਸ ਪ੍ਰੇਰਨਾ ਨਾਲ਼ ਨਿਊਯਾਰਕ ਦੀ ਇੱਕ ਹਵਾਈ ਜਹਾਜ਼ਾਂ ਦੀ ਕੰਪਨੀ ਵਿੱਚ ਦਾਖ਼ਲਾ ਲੈ ਕੇ ਜਹਾਜ਼ ਉਡਾਉਣ ਤੇ ਮੁਰੰਮਤ ਕਰਨ ਦਾ ਕੰਮ ਸਿੱਖ ਲਿਆ।

25 ਜੁਲਾਈ , 1914 ਈਸਵੀ ਨੂੰ ਜਦੋਂ ਪਹਿਲਾ ਵਿਸ਼ਵ -ਯੁੱਧ ਛਿੜ ਪਿਆ ਜਿਸ ਵਿੱਚ ਬਰਤਾਨੀਆ, ਫ਼੍ਰਾਂਸ ਤੇ ਰੂਸ; ਜਰਮਨੀ, ਆਸਟਰੀਆ ਤੇ ਹੰਗਰੀ ਵਿਰੁੱਧ ਕੁੱਦ ਪਏ ਸਨ ਤਾਂ ਅਮਰੀਕਾ ਤੇ ਕਨੇਡਾ ਦੇ ਹਿੰਦੁਸਤਾਨੀਆਂ ਨੂੰ ਚਾਅ ਚੜ੍ਹ ਗਿਆ। ਭਾਵੇਂ ਇਹ ਯੁੱਧ ਉਹਨਾਂ ਦੇ ਅਨੁਮਾਨਿਤ ਸਮੇਂ ਤੋਂ ਪਹਿਲਾਂ ਛਿੜ ਗਿਆ ਸੀ ਪਰ 26 ਜੁਲਾਈ, 1914 ਈਸਵੀ ਨੂੰ ਅਮਰੀਕਾ ਦੇ ਆਕਸਫ਼ੋਰਡ ਨਗਰ ਵਿੱਚ ਗ਼ਦਰ ਪਾਰਟੀ ਦੇ ਪ੍ਰਚਾਰਕਾਂ ਨੇ ਆਮ ਐਲਾਨ ਕਰ ਦਿੱਤਾ ਕਿ ਯੂਰਪ ਵਿੱਚ ਜੰਗ ਛਿੜ ਗਈ ਹੈ। ਸਾਡੇ ਲਈ ਦੇਸ ਪਰਤ ਕੇ ਭਾਰਤੀ ਫ਼ੌਜਾਂ ਨੂੰ ਅੰਗਰੇਜ਼ਾਂ ਨਾਲ਼ੋਂ

ਤੋੜ ਕੇ ਨਾਲ਼ ਅਤੇ ਲੈਣ ਬਗ਼ਾਵਤ ਕਰਨ ਦਾ ਸੁਨਹਿਰੀ ਮੌਕਾ ਪੈਦਾ ਹੋ ਗਿਆ ਹੈ। ਇਸ ਲਈ 5 ਅਗਸਤ, 1914 ਈਸਵੀ ਨੂੰ ਗ਼ਦਰ ਅਖਬਾਰ ਵਿੱਚ ਹਿੰਦੁਸਤਾਨੀਆਂ ਵੱਲੋਂ ਅੰਗਰੇਜ਼ੀ ਰਾਜ ਵਿਰੁੱਧ ਜੰਗ ਦਾ ਐਲਾਨ ਕਰ ਦਿੱਤਾ ਗਿਆ।

ਕਰਤਾਰ ਸਿੰਘ ਹਿੰਦੁਸਤਾਨ ਪਰਤ ਕੇ ਇੱਥੇ ਗ਼ਦਰ ਕਰਵਾ ਦੇਣ ਲਈ ਏਨਾ ਉਤਾਵਲਾ ਸੀ ਕਿ ਐਲਾਨ ਹੁੰਦੇ ਹੀ ਹੋਰ ਇਕੱਤਰਤਾਵਾਂ ਤੇ ਫ਼ੈਸਲਿਆਂ ਦੀ ਉਡੀਕ ਕੀਤੇ ਬਿਨਾਂ ਹੀ ਉਹ ਰਘੁਬਰ ਦਿਆਲ ਗੁਪਤਾ ਨੂੰ ਨਾਲ਼ ਲੈ ਕੇ ਜਪਾਨ ਦੇ 'ਨਿਪਨਮਾਰੂ' ਜਹਾਜ਼ ਵਿੱਚ ਚੜ੍ਹ ਕੇ ਹਿੰਦੁਸਤਾਨ ਨੂੰ ਚੱਲ ਪਿਆ। ਇਹ ਸਮੁੰਦਰੀ ਜਹਾਜ਼ 15 ਸਤੰਬਰ, 1914 ਈ: ਨੂੰ ਕੋਲਕਾਤਾ (ਕਲਕੱਤੇ) ਦੀ ਬੰਦਰਗਾਹ 'ਤੇ ਆ ਲੱਗਾ। ਉਹਨੀਂ ਦਿਨੀਂ ਅੰਗਰੇਜ਼ੀ ਸਰਕਾਰ ਦੀ ਪੁਲਿਸ ਅਮਰੀਕਾ ਤੋਂ ਆਏ ਹਿੰਦੁਸਤਾਨੀਆਂ ਨੂੰ 'ਡਿਫ਼ੈਂਸ ਆਫ਼ ਇੰਡੀਆ ਐਕਟ' ਦੇ ਅਧੀਨ ਫੜ ਲੈਂਦੀ ਸੀ ਪਰ ਕਰਤਾਰ ਸਿੰਘ ਕਿਸੇ ਤਰ੍ਹਾਂ ਪੁਲਿਸ ਤੋਂ ਬਚ ਕੇ ਪੰਜਾਬ ਪਹੁੰਚ ਗਿਆ।

ਇਸ ਜਹਾਜ਼ ਵਿੱਚ ਆਉਣ ਵਾਲ਼ੇ ਬਹੁਤੇ ਭਾਰਤੀ ਪੰਜਾਬ ਆ ਕੇ ਗ਼ਦਰ ਲਹਿਰ ਨਾਲ਼ ਜੁੜ ਗਏ ਜਿਸ ਦੀ ਅਗਵਾਈ ਕਰਤਾਰ ਸਿੰਘ ਸਰਾਭਾ, ਭਾਈ ਰਣਧੀਰ ਸਿੰਘ ਨਾਰੰਗਵਾਲ, ਭਾਈ ਹਰਨਾਮ ਸਿੰਘ ਟੁੰਡੀਲਾਟ, ਬੀਬੀ ਗੁਲਾਬ ਕੌਰ, ਭਾਈ ਪਿਆਰਾ ਸਿੰਘ ਲੰਗੇਰੀ ਤੇ ਨਿਧਾਨ ਸਿੰਘ ਚੁੱਘਾ ਕਰ ਰਹੇ ਸਨ।

ਪੰਜਾਬ ਵਿੱਚ ਗ਼ਦਰ ਪਾਰਟੀ ਦੇ ਪ੍ਰੋਗ੍ਰਾਮ ਦਾ ਮੁੱਖ ਮਕਸਦ ਪੰਜਾਬ ਤੇ ਨੇੜੇ ਦੇ ਸੂਬਿਆਂ ਦੀਆਂ ਛਾਉਣੀਆਂ ਵਿੱਚ ਫ਼ੌਜੀਆਂ ਨਾਲ਼ ਸੰਪਰਕ ਕਰਕੇ ਇਹਨਾਂ ਨੂੰ ਵਿਦਰੋਹ ਵਿੱਚ ਸ਼ਾਮਲ ਕਰਨਾ ਸੀ। ਕਾਰਕੁੰਨਾਂ ਨੂੰ ਹਿਦਾਇਤਾਂ ਦਿੱਤੀਆਂ ਗਈਆਂ ਕਿ ਉਹ ਛਾਉਣੀਆਂ ਵਿੱਚ ਜਾ ਕੇ ਆਪਣੀ ਜਾਣ -ਪਛਾਣ ਦੇ ਸਿਪਾਹੀਆਂ ਨੂੰ ਮਿਲ਼ਨ ਤੇ ਸਿਪਾਹੀ ਅੱਗੋਂ ਆਪਣੀਆਂ ਪਲਟਣਾਂ ਨੂੰ ਗ਼ਦਰ ਕਰਨ ਲਈ ਤਿਆਰ ਕਰਨ। ਕੁਝ ਕਾਰਕੁੰਨ ਤਾਂ ਆਪ ਜਾ ਕੇ ਫ਼ੌਜਾਂ ਵਿੱਚ ਭਰਤੀ ਵੀ ਹੋ ਗਏ। ਲਾਹੌਰ ਅਤੇ ਫ਼ਿਰੋਜ਼ਪੁਰ ਦੀਆਂ ਛਾਉਣੀਆਂ ਵਿੱਚ ਕੁਝ ਪਲਟਣਾਂ ਗ਼ਦਰ ਕਰਨ ਲਈ ਤਿਆਰ ਵੀ ਹੋ ਗਈਆਂ।

ਕਰਤਾਰ ਸਿੰਘ ਦੇ ਉੱਦਮ ਨਾਲ਼ ਗ਼ਦਰ ਪਾਰਟੀ ਦਾ ਸੰਬੰਧ ਬੰਗਾਲ ਦੇ ਇਨਕਲਾਬੀਆਂ ਨਾਲ਼ ਜੋੜਿਆ ਗਿਆ ਤੇ ਪ੍ਰਸਿੱਧ ਇਨਕਲਾਬੀ, ਰਾਸ ਬਿਹਾਰੀ ਬੋਸ ਤਾਂ (ਜਿਸ ਨੇ 1911 ਈਸਵੀ ਵਿੱਚ ਵਾਇਸਰਾਏ ਲਾਰਡ ਹਾਰਡਿੰਗ ਉੱਤੇ ਬੰਬ ਸੁੱਟਿਆ ਸੀ) ਲਾਹੌਰ, ਪਾਰਟੀ ਦੇ ਮੁੱਖ ਕੇਂਦਰ ਵਿੱਚ ਵੀ ਆ ਗਿਆ।

ਇਸ ਤਰ੍ਹਾਂ ਤਿਆਰੀਆਂ ਕਰਕੇ 21 ਫਰਵਰੀ, 1915 ਈਸਵੀ ਦਾ ਦਿਨ ਮੀਆਂ ਮੀਰ ਤੇ ਫ਼ਿਰੋਜ਼ਪੁਰ ਛਾਉਣੀਆਂ ਦੇ ਮੈਗਜ਼ੀਨਾਂ ਉੱਤੇ ਹਮਲਾ ਕਰਨ ਲਈ ਮਿਥਿਆ ਗਿਆ ਪਰ ਇਸ ਵੇਲ਼ੇ ਤੱਕ ਇਸ ਦੇ ਕੇਂਦਰ ਵਿੱਚ ਇੱਕ ਮੁਖ਼ਬਰ ਕਿਰਪਾਲ ਸਿੰਘ ਵੀ ਵੜ ਗਿਆ ਸੀ ਜੋ ਕੇਂਦਰ ਦੇ ਕੰਮ ਤੇ ਸਲਾਹਾਂ ਦੀਆਂ ਖ਼ਬਰਾਂ ਖ਼ੁਫ਼ੀਆ ਪੁਲਿਸ ਨੂੰ ਪੁਚਾਉਂਦਾ ਸੀ। ਉਸ ਨੇ ਇਸ ਤਾਰੀਖ਼ ਦੀ ਸੂਹ ਖ਼ੁਫ਼ੀਆ ਪੁਲਿਸ ਨੂੰ ਦੇ ਦਿੱਤੀ। ਉੱਧਰ ਪਾਰਟੀ ਦੇ ਕੇਂਦਰ ਨੂੰ ਵੀ ਇਸ ਸੂਹ ਦਾ ਪਤਾ ਲੱਗ ਗਿਆ ਤੇ ਇਹ ਤਾਰੀਖ਼ ਅੱਗੇ ਪਾ ਦਿੱਤੀ ਗਈ।

ਨਵੀਂ ਮਿਥੀ ਤਾਰੀਖ਼ ਨੂੰ ਰਾਤ ਦੇ ਨੌਂ ਵਜੇ ਕਰਤਾਰ ਸਿੰਘ ਸਰਾਭਾ ਦੀ ਕਮਾਨ ਹੇਠ ਕੁਝ ਗ਼ਦਰੀ ਤੇ ਭਾਈ ਰਣਧੀਰ ਸਿੰਘ ਦੇ ਜਥੇ ਦੇ ਪੰਜਾਹ - ਸੱਠ ਆਦਮੀ ਫ਼ਿਰੋਜ਼ਪੁਰ ਛਾਉਣੀ ਤੋਂ ਗੱਡੀ ਤੋਂ ਉੱਤਰ ਕੇ ਢੋਲਕੀ ਤੇ ਹਾਰਮੋਨੀਅਮ ਲੈ ਕੇ ਡਿੱਪੂ ਵੱਲ ਨੂੰ ਤੁਰ ਪਏ । ਉਹਨਾਂ ਨੇ ਕਿਰਪਾਲ ਸਿੰਘ ਸਿਪਾਹੀ ਨੂੰ (ਜਿਸ ਨੂੰ ਕਿ ਪਹਿਲਾਂ ਫ਼ੌਜ ਵਿੱਚੋਂ ਕੱਢ ਦਿੱਤਾ ਗਿਆ ਸੀ) ਬਾਰਕਾਂ ਵਿੱਚ ਭੇਜਿਆ, ਜਿੱਥੇ ਉਸ ਨੂੰ ਗਰਿਫ਼ਤਾਰ ਕਰ ਲਿਆ ਗਿਆ ਤੇ ਛਾਉਣੀ ਵਿੱਚੋਂ ਖ਼ਬਰ ਨਾ ਆਈ । ਗ਼ਦਰੀ ਸੂਰਮੇ ਸਾਰੀ ਰਾਤ ਉਡੀਕ ਕਰਕੇ ਮੁੜ ਗਏ।

ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘੀਆ ਰਾਤ ਨੂੰ ਗੱਡੀ ਚੜ੍ਹ ਕੇ ਲਾਇਲਪੁਰ ਚਲੇ ਗਏ। ਫਿਰ ਪਿਸ਼ਾਵਰ ਤੋਂ ਹੁੰਦੇ ਹੋਏ ਸਰਹੱਦੀ ਸਥਾਨ ਮਿਚਨੀ ਪਹੁੰਚ ਗਏ। ਉੱਥੇ ਜਾ ਕੇ

ਉਹਨਾਂ ਨੂੰ ਪਤਾ ਲੱਗਾ ਕਿ ਲਾਹੌਰ ਤੋਂ ਨੱਸੇ ਕੁਝ ਮੁਸਲਮਾਨ ਵਿਦਿਆਰਥੀਆਂ ਨੂੰ ਕਾਬਲ ਦੀ ਹਕੂਮਤ ਨੇ ਕੈਦ ਕਰ ਲਿਆ ਹੈ। ਇਸ ਖ਼ਬਰ ਨਾਲ਼ ਉਹਨਾਂ ਨੂੰ ਆਸ ਮੁਤਾਬਕ ਸਰਹੱਦ ਤੋਂ ਹੋਣ ਵਾਲ਼ੀ ਸਫਲਤਾ ਦੀ ਕੋਈ ਉਮੀਦ ਨਾ ਰਹੀ। ਕਈ ਗ਼ਦਰੀ ਹੌਸਲਾ ਛੱਡ ਗਏ। ਉਹਨਾਂ ਨੂੰ ਸੁੱਝ ਨਹੀਂ ਸੀ ਰਿਹਾ ਕਿ ਹੁਣ ਉਹ ਕਿਸ ਪਾਸੇ ਵੱਲ ਮੂੰਹ ਕਰਕੇ ਤੁਰਨ। ਜਦੋਂ ਅਚਾਨਕ ਉਹਨਾਂ ਵਿੱਚੋਂ ਇੱਕ ਨੇ ਗ਼ਦਰ ਦੀ ਗੂੰਜ ਦੀ ਇਹ ਕਵਿਤਾ ਪੜ੍ਹੀ ਕਿ 'ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ,' ਤਾਂ ਉਹ ਫਿਰ ਪੰਜਾਬ ਨੂੰ ਮੁੜ ਗਏ। 2 ਮਾਰਚ ਨੂੰ ਉਹ ਸਰਗੋਧੇ ਦੀ ਬਾਰ ਦੇ ਚੱਕ ਨੰ: 5 ਵਿੱਚ ਜਗਤ ਸਿੰਘ ਦੀ ਜਾਣ-ਪਛਾਣ ਵਾਲ਼ੇ ਰਾਜਿੰਦਰ ਸਿੰਘ ਪੈਂਨਸ਼ਨੀਏ ਸਿਪਾਹੀ ਕੋਲ਼ ਆ ਗਏ। ਰਾਜਿੰਦਰ ਸਿੰਘ ਨੇ ਜਗਤ ਸਿੰਘ ਸੁਰਸਿੰਘੀਆ ਨੂੰ ਗ਼ਦਰ ਵਾਸਤੇ ਬੰਦੂਕਾਂ ਦੇਣ ਦਾ ਲਾਰਾ ਲਾਇਆ ਹੋਇਆ ਸੀ। ਕਿਸੇ ਨੇ ਪੁਲਿਸ ਨੂੰ ਜਾ ਕੇ ਖ਼ਬਰ ਦੇ ਦਿੱਤੀ। ਮਕਾਨ ਦੇ ਵਿਹੜੇ ਵਿੱਚ ਬੈਠਾ ਕਰਤਾਰ ਸਿੰਘ ਆਪਣੇ ਪਾਸ ਜੁੜੇ ਲੋਕਾਂ ਨੂੰ 'ਗ਼ਦਰ ਦੀ ਗੂੰਜ' ਪੜ੍ਹ ਕੇ ਸੁਣਾਉਣ ਲੱਗਾ ਹੋਇਆ ਸੀ ਕਿ ਪੁਲਿਸ ਨੇ ਆ ਕੇ ਤਿੰਨਾਂ ਨੂੰ ਗਰਿਫ਼ਤਾਰ ਕਰ ਲਿਆ।

ਇਹਨਾਂ ਉੱਤੇ 'ਡਿਫ਼ੈਂਸ ਆਫ਼ ਇੰਡੀਆ ਐਕਟ' ਅਧੀਨ ਮੁਕੱਦਮਾ ਚਲਾਇਆ ਗਿਆ ਜਿਸ ਦੀ ਸੁਣਵਾਈ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੋਈ। ਇਸ ਮੁਕੱਦਮੇ ਵਿੱਚ ਮੁਲਜ਼ਮਾਂ ਦੀ ਕੁੱਲ ਗਿਣਤੀ ਕਰਤਾਰ ਸਿੰਘ ਸਰਾਭਾ ਸਮੇਤ 82 ਸੀ ਜਿਨ੍ਹਾਂ ਵਿੱਚੋਂ 17 ਨੂੰ ਭਗੌੜੇ ਕਰਾਰ ਦਿੱਤਾ ਗਿਆ। ਇਹ ਮੁਕੱਦਮਾ 26 ਅਪਰੈਲ, 1915 ਈਸਵੀ ਤੋਂ ਸ਼ੁਰੂ ਹੋ ਕੇ 13 ਸਤੰਬਰ, 1915 ਈਸਵੀ ਨੂੰ ਸਮਾਪਤ ਹੋਇਆ। ਇਹਨਾਂ ਵਿੱਚੋਂ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘੀਆ ਸਣੇ 24 ਦੇਸ-ਭਗਤਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਪਰ ਵਾਇਸਰਾਏ ਨੇ 17 ਦੇਸ-ਭਗਤਾਂ ਦੀ ਸਜ਼ਾ ਘਟਾ ਕੇ ਉਮਰ-ਕੈਦ ਕਰ ਦਿੱਤੀ। ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘੀਆ ਤੇ ਪੰਜ ਹੋਰਨਾਂ ਨੂੰ 16 ਨਵੰਬਰ, 1915 ਈਸਵੀ ਦੇ ਦਿਨ ਲਾਹੌਰ ਸੈਂਟਰਲ ਜੇਲ੍ਹ ਵਿੱਚ ਹੀ ਫਾਂਸੀ ਦੇ ਦਿੱਤੀ ਗਈ।

ਕਰਤਾਰ ਸਿੰਘ ਨੇ 13 ਸਤੰਬਰ 1915 ਈਸਵੀ ਨੂੰ ਫਾਂਸੀ ਦੀ ਸਜ਼ਾ ਸੁਣ ਕੇ ਜੱਜਾਂ ਦਾ ਧੰਨਵਾਦ ਕੀਤਾ ਤੇ ਕਿਹਾ, 'ਮੈਂ ਫਿਰ ਪੈਦਾ ਹੋ ਕੇ ਵੀ ਹਿੰਦੁਸਤਾਨ ਦੀ ਅਜ਼ਾਦੀ ਲਈ ਲੜਾਂਗਾ।'

## ਪਾਠ-ਅਭਿਆਸ

**1. ਦੱਸੋ :**

(ੳ) ਕਰਤਾਰ ਸਿੰਘ ਸਰਾਭਾ ਦੇ ਜਨਮ ਅਤੇ ਬਚਪਨ ਬਾਰੇ ਦੱਸੋ।

(ਅ) ਕਰਤਾਰ ਸਿੰਘ ਸਰਾਭਾ ਨੇ ਕਿੱਥੋਂ-ਕਿੱਥੋਂ ਵਿੱਦਿਆ ਹਾਸਲ ਕੀਤੀ ?

(ੲ) ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੂੰ ਕਿਹੜੀਆਂ-ਕਿਹੜੀਆਂ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ ?

(ਸ) ਗ਼ਦਰ ਲਹਿਰ ਦੀ ਨੀਂਹ ਕਦੋਂ ਰੱਖੀ ਗਈ ? ਕਰਤਾਰ ਸਿੰਘ ਸਰਾਭਾ ਦੀ ਜੀਵਨੀ ਦੇ ਆਧਾਰ 'ਤੇ ਦੱਸੋ ਕਿ ਇਸ ਦੇ ਪ੍ਰਚਾਰ ਲਈ ਕੀ-ਕੀ ਯਤਨ ਕੀਤੇ ਗਏ ?

(ਹ) ਮੀਆਂ ਮੀਰ ਤੇ ਫ਼ਿਰੋਜ਼ਪੁਰ ਛਾਉਣੀਆਂ ਦੇ ਮੈਗਜ਼ੀਨਾਂ ਉੱਤੇ ਹਮਲੇ ਲਈ ਗ਼ਦਰ ਪਾਰਟੀ ਵੱਲੋਂ ਕਿਹੜੀ ਤਾਰੀਖ਼ ਮਿਥੀ ਗਈ ਅਤੇ ਇਹ ਤਾਰੀਖ਼ ਅੱਗੇ ਕਿਉਂ ਪਾ ਦਿੱਤੀ ਗਈ ?

(ਕ) ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੀ ਸਜ਼ਾ ਕਿਉਂ ਸੁਣਾਈ ਗਈ ?

(ਖ) ਫਾਂਸੀ ਦੀ ਸਜ਼ਾ ਸੁਣ ਕੇ ਕਰਤਾਰ ਸਿੰਘ ਸਰਾਭਾ ਨੇ ਜੱਜਾਂ ਨੂੰ ਕੀ ਕਿਹਾ ?

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਦਿਹਾਂਤ | : | ਮੌਤ, ਸੁਰਗਵਾਸ |
| ਪਾਲਣ-ਪੋਸਣ | : | ਪਰਵਰਸ਼, ਪਾਲਣਾ ਕਰਨੀ |
| ਵਿਦਰੋਹ | : | ਬਗ਼ਾਵਤ |
| ਪ੍ਰੇਰਨਾ | : | ਕਿਸੇ ਨੂੰ ਕੋਈ ਕੰਮ ਕਰਨ ਲਈ ਕਹਿਣਾ ਜਾਂ ਮਨਾਉਣਾ। |
| ਉਤਾਵਲਾ | : | ਕਾਹਲ਼ਾ, ਫੁਰਤੀਲਾ, ਛੇਤੀ ਕਰਨ ਵਾਲ਼ਾ |
| ਹਕੂਮਤ | : | ਰਾਜ, ਸਲਤਨਤ, ਸ਼ਾਸਨ |
| ਮੁਖ਼ਬਰ | : | ਖ਼ਬਰ ਦੇਣ ਵਾਲ਼ਾ, ਸੂਹੀਆ, ਜਸੂਸ |
| ਸੂਹ | : | ਉੱਘ-ਸੁੱਘ , ਸੁਰਾਗ, ਖੋਜ |
| ਖ਼ੁਫ਼ੀਆ | : | ਗੁੱਝਾ, ਗੁਪਤ |
| ਭਗੌੜਾ | : | ਭੱਜਿਆ ਹੋਇਆ, ਡਰਾਕਲ਼, ਫ਼ਰਾਰ |
| ਸੰਪਰਕ | : | ਮੇਲ਼, ਸੰਪਰਕ, ਵਾਸਤਾ |

## 3. ਹੇਠ ਲਿਖਿਆਂ ਨੂੰ ਵਾਕਾਂ ਵਿੱਚ ਵਰਤੋ:

ਮਜ਼ਦੂਰੀ, ਨਾਗਰਿਕ, ਸ਼ਕਤੀ, ਵਿਦਰੋਹ, ਪਲਟਣ, ਅਜ਼ਾਦੀ

## 4. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ :

| | | |
|---|---|---|
| ਸੜਕ | : | _______________ |
| ਦਾਦਾ | : | _______________ |
| ਚਾਚਾ | : | _______________ |
| ਪੜ੍ਹਾਈ | : | _______________ |
| ਭਾਰਤੀ | : | _______________ |
| ਸਰਕਾਰ | : | _______________ |
| ਨੌਜਵਾਨ | : | _______________ |
| ਫ਼ੌਜੀ | : | _______________ |
| ਸਿਪਾਹੀ | : | _______________ |
| ਸਜ਼ਾ | : | _______________ |

## ਕਿਰਿਆ-ਵਿਸ਼ੇਸ਼ਣ:

ਜਿਹੜਾ ਸ਼ਬਦ ਕਿਰਿਆ ਦੇ ਹੋਣ ਦਾ ਸਮਾਂ, ਸਥਾਨ, ਕਾਰਨ , ਢੰਗ, ਤਰੀਕਾ ਆਦਿ ਦੱਸੇ, ਉਸ ਨੂੰ ਕਿਰਿਆ-ਵਿਸ਼ੇਸ਼ਣ ਕਿਹਾ ਜਾਂਦਾ ਹੈ।

ਕਿਰਿਆ-ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹੁੰਦੇ ਹਨ:

1. ਕਾਲਵਾਚਕ ਕਿਰਿਆ-ਵਿਸ਼ੇਸ਼ਣ
2. ਸਥਾਨਵਾਚਕ ਕਿਰਿਆ-ਵਿਸ਼ੇਸ਼ਣ

3. ਪ੍ਰਕਾਰਵਾਚਕ ਕਿਰਿਆ-ਵਿਸ਼ੇਸ਼ਣ
4. ਕਾਰਨਵਾਚਕ ਕਿਰਿਆ-ਵਿਸ਼ੇਸ਼ਣ
5. ਪਰਿਮਾਣਵਾਚਕ ਕਿਰਿਆ-ਵਿਸ਼ੇਸ਼ਣ
6. ਸੰਖਿਆਵਾਚਕ ਕਿਰਿਆ-ਵਿਸ਼ੇਸ਼ਣ
7. ਨਿਰਨੇਵਾਚਕ ਕਿਰਿਆ-ਵਿਸ਼ੇਸ਼ਣ
8. ਨਿਸ਼ਚੇਵਾਚਕ ਕਿਰਿਆ-ਵਿਸ਼ੇਸ਼ਣ

ਕਰਤਾਰ ਸਿੰਘ 'ਸਰਾਭਾ' ਸਮੇਤ ਹੋਰ ਦੇਸ-ਭਗਤਾਂ ਦੀਆਂ ਤਸਵੀਰਾਂ ਲੈ ਕੇ ਉਹਨਾਂ ਨੂੰ ਆਪਣੀ ਕਾਪੀ ਵਿੱਚ ਚਿਪਕਾਓ।

ਕਰਤਾਰ ਸਿੰਘ ਸਰਾਭਾ ਦੀਆਂ ਸਰਗਰਮੀਆਂ ਬਾਰੇ ਨੋਟ ਲਿਖੋ।

ਪਾਠ-15

# ਜੀਅ ਕਰੇ



ਜੀਅ ਕਰੇ
ਮੈਂ ਬਿਰਖ ਬਣਾਂ,
ਸਭ ਨੂੰ ਹਰਿਆਵਲ ਦੇਵਾਂ।
ਦੇਵਾਂ ਠੰਢੀਆਂ ਛਾਂਵਾਂ।
ਪੰਛੀਆਂ ਦੇ ਆਲ੍ਹਣੇ ਸਜਾਵਾਂ।
ਕੁਦਰਤ ਦਾ ਰਸਭਰਿਆ ਕੋਮਲ
ਸਭ ਨੂੰ ਗੀਤ ਸੁਣਾਵਾਂ।
ਬੇਪਰਵਾਹੇ ਪਾਣੀ ਰੋਕਾਂ,
ਧਰਤੀ ਦੇ ਸੀਨੇ ਵਿੱਚ ਰੁਮਕਾਂ,
ਬੱਦਲ਼ਾਂ ਨੂੰ ਵਾਜਾਂ ਮਾਰ ਬੁਲਾਵਾਂ।
ਕਿਣ-ਮਿਣ ਬਰਸੇ ਮੇਘਲਾ,
ਮੈਂ ਹੋਰ ਹਰਾ ਹੋ ਜਾਵਾਂ।
ਸਭ ਨੂੰ ਦੇਵਾਂ ਠੰਢੀਆਂ ਛਾਂਵਾਂ।
ਜੀਅ ਕਰੇ -------
ਮੈਂ ਨਦੀ ਬਣਾਂ,

ਤੇ ਸਭ ਨੂੰ ਨੀਰ ਪਿਆਵਾਂ।
ਧਰਤੀ, ਪੰਛੀ ਤੇ ਮਾਨਵ ਦੀ,
ਹਰ ਪਲ ਪਿਆਸ ਬੁਝਾਵਾਂ।
ਕਣ-ਕਣ ਨੂੰ ਮਹਿਕਾਵਾਂ।
ਸ਼ਹਿਰ, ਗਰਾਂਅ ਤੱਕ ਜਾਵਾਂ।
ਮੈਂ ਨਦੀ ਬਣਾਂ,
ਕੱਲਰਾਂ, ਬੰਜਰਾਂ ਦੀ ਹਿੱਕ 'ਚੋਂ ਮੈਂ,
ਹਰਿਆਲੀ ਉਪਜਾਵਾਂ।
ਮੈਂ ਨਦੀ ਬਣਾਂ,
ਤੇ ਜਲ ਦਾ ਗੀਤ ਸੁਣਾਵਾਂ।

## ਪਾਠ-ਅਭਿਆਸ

1. **ਦੱਸੋ:**

(ੳ) ਕਵੀ ਦਾ ਕੀ-ਕੀ ਬਣਨ ਨੂੰ ਜੀਅ ਕਰਦਾ ਹੈ ?

(ਅ) ਕਵੀ ਬਿਰਖ ਬਣ ਕੇ ਕੀ ਕਰਨਾ ਲੋਚਦਾ ਹੈ ?

(ੲ) ਕਵੀ ਨਦੀ ਬਣ ਕੇ ਕੀ ਕਰਨਾ ਚਾਹੁੰਦਾ ਹੈ ?

(ਸ) ਨਦੀਆਂ ਦਾ ਪਾਣੀ ਮਨੁੱਖ ਲਈ ਕਿਵੇਂ ਲਾਭਦਾਇਕ ਹੈ ?

2 **ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ:**

(ੳ) ਕਿਣ-ਮਿਣ ਬਰਸੇ ਮੇਘਲਾ,

______________________________

______________________________

(ਅ) ਧਰਤੀ, ਪੰਛੀ ਤੇ ਮਾਨਵ ਦੀ,

______________________________

______________________________

(ੲ) ਕੱਲਰਾਂ, ਬੰਜਰਾਂ ਦੀ ਹਿੱਕ 'ਚੋਂ ਮੈਂ,

______________________________

______________________________

**3. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਬਿਰਖ | : | ਰੁੱਖ, ਦਰਖ਼ਤ |
| ਹਰਿਆਵਲ | : | ਹਰਿਆਲੀ, ਹਰਾ-ਭਰਾ |
| ਕੋਮਲ | : | ਨਾਜ਼ਕ, ਨਰਮ, ਮੁਲਾਇਮ |
| ਮੇਘਲਾ | : | ਬੱਦਲ਼ |
| ਨੀਰ | : | ਪਾਣੀ, ਜਲ |
| ਗਰਾਂਅ | : | ਪਿੰਡ |
| ਮਾਨਵ | : | ਮਨੁੱਖ |
| ਬੰਜਰ | : | ਅਣਉਪਜਾਊ ਧਰਤੀ |

**4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਬਿਰਖ, ਹਰਿਆਵਲ, ਆਲ੍ਹਣੇ, ਕੁਦਰਤ, ਕਿਣ-ਮਿਣ, ਪਿਆਸ, ਮਹਿਕਾਉਣਾ

**5. ਪੜ੍ਹੋ, ਸਮਝੋ ਤੇ ਠੀਕ ਮਿਲਾਣ ਕਰੋ :**

| | |
|---|---|
| ਬਿਰਖ | ਪਾਣੀ |
| ਪੰਛੀ | ਵਰਖਾ |
| ਬੱਦਲ਼ | ਆਲ੍ਹਣਾ |
| ਨਦੀ | ਛਾਂ |

**ਅਧਿਆਪਕ ਲਈ :**

**ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਰੁੱਖ ਲਾਉਣ ਅਤੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਲਈ ਪ੍ਰੇਰਿਤ ਕੀਤਾ ਜਾਵੇ।**

**ਵਿਦਿਆਰਥੀਆਂ ਲਈ:**

**ਇੱਕ ਭੌਂ-ਦ੍ਰਿਸ਼ ਬਣਾਓ ਜਿਸ ਵਿੱਚ ਰੁੱਖ, ਨਦੀ ਅਤੇ ਬੱਦਲ਼ ਦਿਖਾਏ ਗਏ ਹੋਣ। ਇਸ ਵਿੱਚ ਸੋਹਣੇ ਰੰਗ ਵੀ ਭਰੋ।**

## ਪਾਠ-16

# ਤ੍ਰਿਲੋਚਨ ਦਾ ਕੱਦ

ਠਿਗਣੇ, ਮਰੀਅਲ, ਤ੍ਰਿਲੋਚਨ ਮਾਲੀ ਤੋਂ ਅਸੀਂ ਬੜੇ ਅਵਾਜ਼ਾਰ ਸਾਂ। ਉਹ ਘੁਸਾਈਆਂ ਮਾਰਦਾ ਰਹਿੰਦਾ, ਕੰਮ ਵਿੱਚ ਜਿਵੇਂ ਉਹਦਾ ਮਨ ਹੀ ਨਾ ਲੱਗਦਾ ਹੋਏ। ਜਦੋਂ ਆਉਂਦਾ, ਇੱਧਰ ਬੈਠ ਕੇ ਗੱਪ ਮਾਰਦਾ, ਉੱਧਰ ਬੈਠ ਕੇ ਚਾਹ ਪੀਂਦਾ। ਇਤਨੇ ਵਿੱਚ ਉਹਦੀ ਛੁੱਟੀ ਦਾ ਵੇਲ਼ਾ ਹੋ ਜਾਂਦਾ। ਕਈ ਵਾਰ ਅਸੀਂ ਵੇਖਿਆ—ਖੁਰਪੀ ਲੈ ਕੇ ਉਹ ਕਿਆਰੀ ਵਿੱਚ ਅੱਧਾ-ਪੌਣਾ ਘੰਟਾ ਲਾ ਕੇ ਉੱਠਦਾ ਪਰ ਕਿਆਰੀ ਉਂਞ ਦੀ ਉਂਞ ਹੀ ਹੁੰਦੀ।

ਦਿੱਲੀ ਦੇ ਇਸ ਘਰ ਦਾ ਸਾਡਾ ਲਾਅਨ ਕੋਈ ਬਹੁਤਾ ਵੱਡਾ ਨਹੀਂ ਸੀ। ਫੁੱਲ-ਬੂਟਿਆਂ ਲਈ ਕਿਆਰੀਆਂ ਦੀ ਥਾਂ ਵੀ ਮਸਾਂ ਗੁਜ਼ਾਰੇ ਜੋਗੀ ਸੀ। ਇਹ ਸੋਚ ਕੇ ਕਿ ਕੰਮ ਤੇ ਕੋਈ ਜ਼ਿਆਦਾ ਨਹੀਂ, ਅਸੀਂ ਤ੍ਰਿਲੋਚਨ ਨੂੰ ਕੇਵਲ ਦੋ ਘੰਟੇ ਫੁੱਲਾਂ ਵਾਲ਼ੇ ਪੌਦਿਆਂ ਦੀ ਬਿਜਾਈ, ਗੁਡਾਈ ਤੇ ਕਟਾਈ ਆਦਿ ਦੇ ਕੰਮ ਕਰਨ ਲਈ ਨੌਕਰ ਰੱਖਿਆ ਸੀ। ਉਹ ਸ਼ਾਮੀਂ ਦੋ ਘੰਟੇ ਸਾਡੇ ਘਰ ਲਾ ਜਾਂਦਾ। ਦਿਨੇ ਕਿਸੇ ਦਫ਼ਤਰ ਵਿੱਚ ਕੰਮ ਕਰਦਾ ਸੀ। ਅਸੀਂ ਸੋਚਿਆ, ਉਹਦੇ ਵੀ ਚਾਰ ਪੈਸੇ ਵਾਧੂ ਬਣ ਜਾਣਗੇ, ਸਾਡਾ ਵੀ ਕੰਮ ਤੁਰ ਜਾਵੇਗਾ।

ਇੰਝ ਜਾਪਦਾ ਸੀ ਕਿ ਤ੍ਰਿਲੋਚਨ ਦਾ ਤੇ ਕੰਮ ਤੁਰ ਪਿਆ ਪਰ ਸਾਡਾ ਜਿਵੇਂ ਕੰਮ ਹੀ ਰੁਕ ਗਿਆ ਹੋਵੇ। ਮੇਰੀ ਤ੍ਰੀਮਤ ਸੋਚਦੀ, 'ਸ਼ਾਇਦ ਮਾਲੀ ਸਾਰਾ ਦਿਨ ਦਫ਼ਤਰ ਕੰਮ ਕਰ ਕੇ ਥੱਕ ਜਾਂਦਾ ਹੋਣਾ ਏ। ਏਸੇ ਲਈ ਉਸ ਨੇ ਰਸੋਈਏ ਨੂੰ ਹਿਦਾਇਤ ਕੀਤੀ ਕਿ ਤ੍ਰਿਲੋਚਨ ਨੂੰ ਆਉਂਦੇਸਾਰ ਚਾਹ ਦਾ ਪਿਆਲਾ ਦੇ ਦਿੱਤਾ ਜਾਇਆ ਕਰੇ। ਇੰਞ ਉਹ ਤਾਜ਼ਾ-ਦਮ ਹੋ ਜਾਇਆ ਕਰੇਗਾ। ਚਾਹ ਤਾਂ ਭਾਵੇਂ ਉਸ ਪੀਣੀ ਸ਼ੁਰੂ ਕਰ ਦਿੱਤੀ ਪਰ ਉਹਦੇ ਕੰਮ ਵਿੱਚ ਕੋਈ ਫ਼ਰਕ ਨਹੀਂ ਆਇਆ। ਅਸੀਂ ਆਪਣੇ ਘਰ ਵਿੱਚ ਇੱਕ ਫੁੱਲ ਤੱਕ ਖਿੜਿਆ ਵੇਖਣ ਲਈ ਸਹਿਕ ਗਏ। ਸਾਡੇ ਘਰ ਦਾ ਲਾਅਨ ਬਾਰਾਂ ਮਹੀਨੇ ਝੌਂਸਿਆ ਰਹਿੰਦਾ। ਜਦੋਂ ਕਹੋ, "ਤ੍ਰਿਲੋਚਨ ! ਤੂੰ ਕੋਈ ਸਬਜ਼ੀ ਹੀ ਲਾ ਕੇ ਵੇਖ, ਫੁੱਲ ਤਾਂ ਤੇਰੇ ਕੋਲ਼ੋਂ ਕੋਈ ਖਿੜਾਇਆ ਨਹੀਂ ਜਾਂਦਾ" ਤਾਂ ਉਹਦਾ ਇੱਕੋ-ਇੱਕ ਘੜਿਆ-ਘੜਾਇਆ ਜਵਾਬ ਹੁੰਦਾ, "ਸਾਹਿਬ ! ਟੂਟੀ ਵਿੱਚ ਪਾਣੀ ਤਾਂ ਆਉਂਦਾ ਨਹੀਂ। ਕੋਈ ਕਰੇ ਤੇ ਕੀ ਕਰੇ ?"

ਬੇਸ਼ੱਕ ਪਾਣੀ ਦੀ ਕਮੀ ਸੀ। ਗਰਮੀਆਂ ਵਿੱਚ ਉਂਞ ਹੀ ਦਿੱਲੀ ਵਿੱਚ ਪਾਣੀ ਦੀ ਕਿੱਲਤ ਰਹਿੰਦੀ ਸੀ। ਜਿਸ ਬਸਤੀ ਵਿੱਚ ਸਾਡਾ ਘਰ ਸੀ, ਉੱਧਰ ਤਾਂ ਸਰਦੀਆਂ ਵਿੱਚ ਵੀ ਪਾਣੀ ਦੀ ਕਿੱਲਤ ਰਹਿੰਦੀ ਸੀ। ਕਿਤਨੇ-ਕਿਤਨੇ ਘੰਟਿਆਂ ਲਈ ਟੂਟੀਆਂ ਵਿੱਚੋਂ ਪਾਣੀ ਚਲਾ ਜਾਂਦਾ । ਜਦੋਂ ਆਉਂਦਾ ਬੱਸ, ਸੰਙੂੜਾ-ਸੰਙੂੜਾ। ਧਾਰ ਇਤਨੀ ਪਤਲੀ ਹੁੰਦੀ ਕਿ ਮਨ ਕਾਹਲ਼ਾ ਪੈਣ ਲੱਗਦਾ।

ਫੇਰ ਅਸੀਂ ਆਪਣੇ ਘਰ ਵਿੱਚ ਬੂਸਟਰ ਪੰਪ ਲਗਵਾ ਲਿਆ। ਪਾਣੀ ਦੀ ਤਕਲੀਫ਼ ਜਾਂਦੀ ਰਹੀ। ਚੌਵੀ ਘੰਟੇ ਪਾਣੀ ਮਿਲ਼ਨ ਲੱਗ ਪਿਆ। ਜਦੋਂ ਚਾਹੋ ਟੈਂਕੀਆਂ ਪਾਣੀ ਨਾਲ਼ ਭਰ ਜਾਂਦੀਆਂ ਪਰ ਤ੍ਰਿਲੋਚਨ ਦੀ ਕਾਰਗੁਜ਼ਾਰੀ ਵਿੱਚ ਕੋਈ ਫ਼ਰਕ ਨਾ ਪਿਆ।

ਕਦੀ ਕਹਿੰਦਾ, 'ਇਹ ਜ਼ਿਮੀਂ ਹੀ ਕੱਲਰ ਵਾਲ਼ੀ ਏ। ਕਦੀ ਕਹਿੰਦਾ- 'ਜਿਹੜੀ ਖਾਦ ਅਸੀਂ ਮੰਗਵਾਉਂਦੇ ਹਾਂ, ਉਹ ਨਿਰਾ ਕੂੜਾ ਹੁੰਦੀ ਏ। ' ਕਦੀ ਬੀਜਾਂ ਵਿੱਚ ਨੁਕਸ ਛਾਂਟਦਾ ਰਹਿੰਦਾ। ਹਰ ਰੋਜ਼ ਉਹਦੇ ਉੱਤਰ ਸੁਣ-ਸੁਣ ਕੇ ਕਦੀ-ਕਦੀ ਸਾਨੂੰ ਲੱਗਣ ਲੱਗ ਪੈਂਦਾ—ਸ਼ਬਰੇ , ਉਹ ਸੱਚਾ ਹੀ ਹੋਵੇ। ਸ਼ਬਰੇ, ਤ੍ਰਿਲੋਚਨ ਠੀਕ ਸੀ ਤੇ ਅਸੀਂ ਸਾਰੇ ਗ਼ਲਤ।

ਫੇਰ ਅਸੀਂ ਬਗ਼ੀਚੇ ਦੀ ਦੇਖ-ਰੇਖ ਬਾਰੇ ਕੁਝ ਕਿਤਾਬਾਂ ਪੜ੍ਹੀਆਂ ਤੇ ਤ੍ਰੀਮਤ-ਖ਼ਾਵੰਦ ਦੋਵੇਂ ਆਪ ਬਗ਼ੀਚੇ ਵਿੱਚ ਦਿਲਚਸਪੀ ਲੈਣ ਲੱਗ ਪਏ। ਪਾਣੀ ਬਾਰੇ ਮਾਲੀ ਦੀ ਸ਼ਿਕਾਇਤ ਠੀਕ ਸੀ। ਜ਼ਿਮੀਂ ਵੀ ਬੇਸ਼ੱਕ ਸ਼ੋਰੇ ਵਾਲ਼ੀ ਸੀ। ਜਿਹੜੀ ਖਾਦ ਅਸੀਂ ਮੰਗਵਾਈ ਸੀ, ਉਹ ਵੀ ਕੋਈ ਚੰਗੀ ਨਹੀਂ ਸੀ। ਜਦੋਂ ਤੀਕ ਆਪ ਸਮਝ ਨਾ ਹੋਵੇ, ਚੰਗੇ ਬੀਜ ਖ਼ਰੀਦੇ ਨਹੀਂ ਜਾ ਸਕਦੇ।

ਹੁਣ ਜਦੋਂ ਅਸੀਂ ਆਪ ਬਾਗ਼ਬਾਨੀ ਵੱਲ ਧਿਆਨ ਦੇਣਾ ਸ਼ੁਰੂ ਕੀਤਾ ; ਮਜਾਲ ਹੈ, ਲਾਅਨ ਵਿੱਚ ਕੋਈ ਫ਼ਾਲਤੂ ਬੂਟੀ ਸਰੋੜੀ ਕੱਢ ਜਾਵੇ। ਸਬਜ਼ੀ ਦੀਆਂ ਕਿਆਰੀਆਂ ਵਿੱਚ ਸਵੇਰੇ ਵੀ ਪਾਣੀ ਲੱਗਣ ਲੱਗ ਪਿਆ, ਸ਼ਾਮੀਂ ਵੀ। ਨਰਸਰੀਆਂ ਦੇ ਚੱਕਰ ਮਾਰ ਕੇ ਅਸੀਂ ਪੌਦਿਆਂ ਦੀ ਚੰਗੀ ਤੋਂ ਚੰਗੀ ਪਨੀਰੀ ਖ਼ਰੀਦ ਲਿਆਉਂਦੇ। ਅਸੀਂ ਆਪਣੇ ਦੋਸਤਾਂ ਅਤੇ ਵਾਕਫ਼ਕਾਰਾਂ ਤੋਂ ਫੁੱਲਾਂ ਦੇ ਬੂਟੇ ਆਦਿ ਮੰਗਦੇ ਰਹਿੰਦੇ।

ਜਿਉਂ-ਜਿਉਂ ਅਸੀਂ ਬਗ਼ੀਚੇ ਵਿੱਚ ਦਿਲਚਸਪੀ ਲੈਂਦੇ, ਅਸੀਂ ਮਹਿਸੂਸ ਕੀਤਾ ਕਿ ਮਾਲੀ ਦੀ ਵੀ ਦਿਲਚਸਪੀ ਵਧ ਰਹੀ ਸੀ। ਘੱਟੋ-ਘੱਟ ਘੁਸਾਈਆਂ ਮਾਰਨੀਆਂ ਤਾਂ ਉਸ ਛੱਡ ਦਿੱਤੀਆਂ ਸਨ।

ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਸਾਡੇ ਇਸ ਘਰ ਵਿੱਚ ਬਗ਼ੀਚੇ ਲਈ ਥਾਂ ਸੰਕੋਚਵੀਂ ਸੀ। ਮਿੱਟੀ ਵਿੱਚ ਵੀ ਕੋਈ ਖ਼ਰਾਬੀ ਜ਼ਰੂਰ ਸੀ। ਬਗ਼ੀਚੀਆਂ ਦੇ ਇੱਕ ਮਾਹਰ ਸਾਡੇ ਦੋਸਤ ਨੇ ਵੀ ਇਸ ਦੀ ਤਸਦੀਕ ਕੀਤੀ ਸੀ।

ਤੇ ਫੇਰ ਸਾਨੂੰ ਇੱਕ ਸੁਝਾਅ ਮਿਲ਼ਿਆ। ਸਾਡੇ ਘਰ ਦਾ ਕੋਠਾ ਕਾਫ਼ੀ ਮੋਕਲ਼ਾ ਸੀ। ਇਹ ਫ਼ੈਸਲਾ ਹੋਇਆ ਕਿ ਬਗ਼ੀਚਾ ਕੋਠੇ ਉੱਤੇ ਬਣਾਇਆ ਜਾਵੇ। ਇੱਕ ਵਾਰ ਸਾਡੇ ਮਨ ਵਿੱਚ ਇਹ ਗੱਲ ਆ ਗਈ ਫਿਰ ਜਿਵੇਂ ਦਿਨ-ਰਾਤ ਸਾਡੇ ਮਨਾਂ ਉੱਤੇ ਇਹ ਧੁਨ ਸਵਾਰ ਹੋ ਗਈ ਹੋਵੇ।

ਕੋਠੇ ਦੇ ਫ਼ਰਸ਼ ਨੂੰ ਪੁੱਟ ਕੇ ਉਸ ਉੱਤੇ ਲੁੱਕ ਦੀ ਤਹਿ ਵਿਛਾਈ ਗਈ। ਸਾਰੇ ਦੇ ਸਾਰੇ ਕੋਠੇ ਉੱਤੇ, ਜਿਵੇਂ ਕਾਲ਼ੀ ਲੁੱਕ ਦਾ ਨਮਦਾ ਜਮਾ ਦਿੱਤਾ ਗਿਆ। ਫੇਰ ਉਸ 'ਤੇ ਲੁੱਕ ਵਾਲ਼ੇ ਟਾਟ ਵਿਛਾਏ ਗਏ। ਉੱਤੋਂ ਫੇਰ ਲੁੱਕ ਦਾ ਨਮਦਾ। ਫੇਰ ਫ਼ਰਸ਼ ਉੱਤੇ ਸੀਮਿੰਟ ਦਾ ਪਲਸਤਰ। ਫੇਰ ਬਾਹਰੋਂ ਮੰਗਵਾਈ ਮਿੱਟੀ ਦੀ ਤਹਿ ਜਮਾਈ ਗਈ। ਇਸ ਵਿੱਚ ਵਧੀਆ ਤੋਂ ਵਧੀਆ ਖਾਦ ਮਿਲ਼ਾਈ ਗਈ।

ਕੋਠੇ ਉੱਤੇ ਹੀ ਘਾਹ ਦਾ ਲਾਅਨ ਬਣਾਇਆ ਗਿਆ। ਕੋਠੇ ਉੱਤੇ ਹੀ ਸਬਜ਼ੀ ਦੀਆਂ ਕਿਆਰੀਆਂ ਬਣਾਈਆਂ ਗਈਆਂ। ਕੋਠੇ ਉੱਤੇ ਹੀ ਫੁੱਲਾਂ ਦੇ ਬੂਟੇ ਲਾਏ ਗਏ। ਅਸੀਂ ਆਪਣੀ ਪਸੰਦ ਦੇ ਪੌਦਿਆਂ ਦੀਆਂ ਪਨੀਰੀਆਂ ਲਿਆ ਕੇ ਲਾਈਆਂ। ਤ੍ਰਿਲੋਚਨ ਵੀ ਆਪਣੇ ਦੂਜੇ ਮਾਲੀਆਂ ਨਾਲ਼ ਆਪਣੇ ਰਸੂਖ਼ ਕਰਕੇ ਕਿਤੋਂ ਕੋਈ ਫੁੱਲਾਂ ਦੀ ਕਿਸਮ, ਕਿਤੋਂ ਕੋਈ ਅਲੱਭ, ਕੋਈ ਅਨੋਖਾ ਪੌਦਾ ਕੱਢ ਲਿਆਉਂਦਾ। ਅਸੀਂ ਵੀ ਆਪਣਾ ਵੱਧ ਤੋਂ ਵੱਧ ਵਿਹਲਾ ਵਕਤ ਕੋਠੇ ਉਤਲੇ ਬਗ਼ੀਚੇ ਵਿੱਚ ਗੁਜ਼ਾਰਦੇ। ਸਵੇਰੇ-ਸ਼ਾਮ, ਘਾਹ ਅਤੇ ਬਗ਼ੀਚੇ ਨੂੰ ਪਾਣੀ ਲਾਇਆ ਜਾਂਦਾ। ਫੁੱਲਾਂ ਦੇ , ਸਬਜ਼ੀਆਂ ਦੇ ਬੂਟਿਆਂ ਦੀ ਬੱਚਿਆਂ ਵਾਂਗ ਸਾਂਭ-ਸੰਭਾਲ਼ ਕੀਤੀ ਜਾਂਦੀ। ਕਿਸ ਪੌਦੇ ਨੂੰ ਫੁੱਲ ਪੈ ਰਹੇ ਨੇ, ਘਰ ਵਿੱਚ ਬੱਸ ਇਹੀ ਚਰਚਾ ਹੁੰਦੀ ਰਹਿੰਦੀ।

ਸਾਡੇ ਬੱਚਿਆਂ ਨੇ ਕਿਸੇ ਅੰਗਰੇਜ਼ੀ ਰਿਸਾਲੇ ਵਿੱਚ ਪੜ੍ਹਿਆ ਸੀ ਕਿ ਬਨਸਪਤੀ ਵਿੱਚ ਵੀ ਇਨਸਾਨਾਂ ਵਾਂਗ ਜਾਨ ਹੁੰਦੀ ਹੈ, ਇਨਸਾਨਾਂ ਵਾਂਗ ਅਹਿਸਾਸ ਹੁੰਦਾ ਹੈ। ਅਮਰੀਕਾ ਵਿੱਚ ਲੋਕੀਂ ਆਪਣੇ ਘਰਾਂ ਵਿੱਚ ਲਾਏ ਪੌਦਿਆਂ ਨਾਲ਼ ਗੱਲਾਂ ਕਰਦੇ ਨੇ। ਇਸ ਤਰ੍ਹਾਂ ਪੌਦਿਆਂ ਵਿੱਚ ਨਵੀਂ ਮਹਿਕ-ਟਹਿਕ ਆ ਜਾਂਦੀ ਏ। ਪੌਦੇ ਚੰਗਾ ਗਾਣਾ ਸੁਣ ਕੇ ਇਨਸਾਨਾਂ ਵਾਂਗ ਹੀ ਖ਼ੁਸ਼ ਹੁੰਦੇ ਨੇ, ਉਹਨਾਂ ਵਿੱਚ ਰੌਣਕ ਆ ਜਾਂਦੀ ਹੈ। ਫੁੱਲਾਂ ਦੇ ਬੂਟਿਆਂ ਨਾਲ਼ ਜਿਹੜੇ ਫੁੱਲ ਲੱਗਦੇ ਨੇ, ਉਹਨਾਂ ਦੇ ਰੰਗ ਵੰਨ-ਸੁਵੰਨੇ ਹੋ ਜਾਂਦੇ ਨੇ। ਫੁੱਲਾਂ ਦਾ ਖੇੜਾ ਜ਼ਿਆਦਾ ਮੋਹਕ ਹੋ ਜਾਂਦਾ ਹੈ। ਫੁੱਲਾਂ ਦਾ ਆਕਾਰ ਵਡੇਰਾ ਹੋ ਜਾਂਦਾ ਹੈ। ਸਾਡੇ ਦੋਵੇਂ ਬੱਚੇ ਵੀ ਸਵੇਰੇ ਉੱਠਦੇ ਹੀ ਆਪਣੇ ਪੌਦਿਆਂ ਨਾਲ਼ ਵਕਤ ਗੁਜ਼ਾਰਨ ਲੱਗ ਪਏ। ਇੰਞ ਕੋਈ ਪੱਤਾ ਪੀਲ਼ਾ ਪੈ ਗਿਆ ਹੁੰਦਾ ਤਾਂ ਉਸ ਨੂੰ ਤੋੜ ਲਿਆ ਜਾਂਦਾ। ਕਿਸੇ ਪੌਦੇ ਨੂੰ ਖਾਦ ਜਾਂ ਪਾਣੀ ਦੀ ਘਾਟ

ਜਾਪਦੀ , ਝੱਟ ਖਾਦ ਪਾ ਦਿੱਤੀ ਜਾਂਦੀ, ਪਾਣੀ ਲਾ ਦਿੱਤਾ ਜਾਂਦਾ। ਕਿਸੇ ਪੌਦੇ ਨੂੰ ਸਹਾਰੇ ਦੀ ਲੋੜ ਹੁੰਦੀ, ਉਸ ਨਾਲ਼ ਸਰਕੰਡੇ ਦਾ ਕਾਨਾ ਗੱਡ ਕੇ ਸਹਾਰਾ ਬਣਾ ਦਿੱਤਾ ਜਾਂਦਾ। ਕੋਈ ਵੇਲ ਵਾਧੂ ਤੇ ਆਪਮੁਹਾਰੇ ਵਧ ਰਹੀ ਹੁੰਦੀ ਤਾਂ ਉਹਦੀ ਕਾਂਟ-ਛਾਂਟ ਕਰਕੇ ਤੇ ਲੁੜੀਂਦਾ ਸਹਾਰਾ ਦੇ ਕੇ ਵੇਲ ਨੂੰ ਉੱਪਰ ਚੜ੍ਹਨ ਦਾ ਇੰਤਜ਼ਾਮ ਕਰ ਦਿੱਤਾ ਜਾਂਦਾ।

ਸਾਲ-ਛਿਮਾਹੀ ਤੋਂ ਸਾਰੀ ਕਾਲੋਨੀ ਵਿੱਚ ਛੱਤ ਉੱਤੇ ਉਗਾਏ ਸਾਡੇ ਇਸ ਬਗ਼ੀਚੇ ਦੀ ਚਰਚਾ ਸ਼ੁਰੂ ਹੋ ਗਈ। ਕੋਠੇ ਉਤਲੇ ਇਸ ਬਗ਼ੀਚੇ ਨਾਲ਼ ਹੇਠਾਂ ਧਰਤੀ ਦੇ ਬਗ਼ੀਚੇ ਨੇ ਜਿਵੇਂ ਪਾਸਾ ਪਰਤਾ ਲਿਆ ਹੋਵੇ। ਉਹੀ ਲਾਅਨ , ਜਿਹੜਾ ਪਹਿਲੋਂ ਕਾਬੂ ਵਿੱਚ ਨਹੀਂ ਸੀ , ਮੁੜ ਮੌਲ਼ ਪਿਆ। ਉਹੋ ਸਬਜ਼ੀ ਦੀਆਂ, ਫ਼ੁੱਲਾਂ ਦੀਆਂ ਕਿਆਰੀਆਂ, ਜਿਨ੍ਹਾਂ ਵੱਲ ਪਹਿਲੋਂ ਤੱਕਣ ਨੂੰ ਵੀ ਜੀਅ ਨਹੀਂ ਸੀ ਕਰਦਾ, ਹੁਣ ਜਿਵੇਂ ਹੋਰ ਦੀਆਂ ਹੋਰ ਹੋ ਗਈਆਂ - ਹੋਰ ਟਹਿਕਦੀਆਂ-ਮਹਿਕਦੀਆਂ।

ਸਭ ਤੋਂ ਅਨੋਖੀ ਗੱਲ ; ਉਹੀ ਤ੍ਰਿਲੋਚਨ ਮਾਲੀ, ਜਿਸ ਦੀਆਂ ਘੁਸਾਈਆਂ ਤੋਂ ਅਸੀਂ ਵੀ ਅਵਾਜ਼ਾਰ ਸਾਂ ; ਅੱਜ-ਕੱਲ੍ਹ ਜੇ ਕਦੀ ਛੁੱਟੀ ਵੀ ਕਰਦਾ, ਉਸ ਦੀ ਥਾਂ ਉਹ ਆਪਣੇ-ਆਪ ਹੀ ਘੜੀ-ਦੋ ਘੜੀ ਸਵੇਰੇ ਵੀ ਆਉਣ ਲੱਗ ਪਿਆ ਸੀ। ਕਦੀ ਗੋਡੀ ਕਰ ਰਿਹਾ ਹੈ ਤੇ ਕਦੀ ਕਟਾਈ-ਛੰਗਾਈ। ਕਿਤੇ ਬੀਜ ਬੋ ਰਿਹਾ ਹੈ ਤੇ ਕਿਤੇ ਪਨੀਰੀ ਤਿਆਰ ਕਰ ਰਿਹਾ ਹੈ। ਹੁਣ ਤਾਂ ਉਹ ਇੰਵ ਦਿਲ ਲਾ ਕੇ ਕੰਮ ਕਰਦਾ ਕਿ ਕਈ ਵਾਰ ਤਾਂ ਅਸਾਨੂੰ ਇਤਬਾਰ ਤੱਕ ਨਾ ਆਉਂਦਾ ਪਈ ਇਹ ਉਹੀ ਤ੍ਰਿਲੋਚਨ ਮਾਲੀ ਹੈ ਜਿਸ ਉੱਤੇ ਉਹਦੇ ਕੰਮ ਨਾ ਕਰਨ 'ਤੇ ਮੇਰੀ ਤ੍ਰੀਮਤ ਖਪਦੀ ਸੀ, ਹਰ ਰੋਜ਼ ਮੈਂ ਕ੍ਰਿਝਦਾ ਰਹਿੰਦਾ ਸਾਂ।

ਉਸ ਵਰ੍ਹੇ ਅਸਾਡੀ ਛੱਤ ਉਤਲੇ ਇਸ ਬਗ਼ੀਚੇ ਨੂੰ ਕਾਲੋਨੀ ਵਿੱਚ ਸਭ ਤੋਂ ਵਧੀਆ ਬਗ਼ੀਚਾ ਗਿਣਿਆ ਗਿਆ। ਸਿਆਲ਼ ਵਿੱਚ ਜਦੋਂ ਗੁਲਦਾਊਦੀਆਂ ਦਾ ਮੁਕਾਬਲਾ ਹੋਇਆ ਤਾਂ ਸਾਡੇ ਬਗ਼ੀਚੇ ਦੀਆਂ ਗੁਲਦਾਊਦੀਆਂ ਨੂੰ ਇਨਾਮ ਮਿਲ਼ਿਆ। ਬੁੱਕ-ਬੁੱਕ ਜਿਤਨੇ ਚੌੜੇ ਸਾਡੀਆਂ ਗੁਲਦਾਊਦੀਆਂ ਦੇ ਫੁੱਲ ਸਨ ਅਤੇ ਸੁੰਦਰ ਤੋਂ ਸੁੰਦਰ ਰੰਗ। ਗੁਲਾਬ ਦੇ ਫੁੱਲਾਂ ਦੇ ਸਰਬ-ਭਾਰਤੀ ਮੁਕਾਬਲੇ ਵਿੱਚ ਸਾਡੇ ਗੁਲਾਬਾਂ ਨੂੰ ਕਈ ਇਨਾਮਾਂ ਲਈ ਚੁਣਿਆ ਗਿਆ। ਕੋਈ ਰੰਗ ਲਈ, ਕੋਈ ਖ਼ੁਸ਼ਬੋ ਲਈ, ਕੋਈ ਬਣਾਵਟ ਲਈ।



ਇਹਨਾਂ ਇਨਾਮਾਂ ਕਰਕੇ ਹੀ ਤ੍ਰਿਲੋਚਨ ਮਾਲੀ ਦੇ ਧਰਤੀ 'ਤੇ ਜਿਵੇਂ ਪੈਰ ਨਾ ਲੱਗਦੇ ਹੋਣ। ਉਹ ਆਪਣੇ ਦੋਸਤਾਂ ਨੂੰ, ਪ੍ਰਸ਼ੰਸਕਾਂ ਨੂੰ ਲਿਆ-ਲਿਆ ਕੇ ਆਪਣੀ ਕਾਰਗੁਜ਼ਾਰੀ ਵਿਖਾਉਂਦਾ ਰਹਿੰਦਾ। ਇੱਕ-ਇੱਕ ਪੌਦੇ ਦੀ, ਘਾਹ ਦੀ ਇੱਕ-ਇੱਕ ਪੱਤੀ ਦੀ ਉਹਨੂੰ ਗਹਿਰੀ ਜਾਣਕਾਰੀ ਹੁੰਦੀ। ਉਸ ਨੂੰ ਪਤਾ ਹੁੰਦਾ ਕਿ ਅੱਜ-ਕੱਲ੍ਹ ਕਿਸ ਕਿਸਮ ਦੇ ਪੌਦੇ ਦੇ ਸਾਡੇ ਕਿਤਨੇ ਬੂਟੇ ਹਨ। ਘਾਹ ਦੀ ਪਹਿਲੀ ਕਟਾਈ ਕਦੋਂ ਹੋਈ ਸੀ, ਫੇਰ ਕਦੋਂ ਹੋਣੀ ਹੈ ? ਕਦੋਂ ਖਾਦ ਪਾਉਣੀ ਹੈ ? ਕਦੋਂ ਪਾਣੀ ਲਾਉਣਾ ਹੈ ? ਹੁਣ ਤੇ ਸਗੋਂ ਕਾਲੋਨੀ ਦੇ ਲੋਕੀਂ ਸਾਥੋਂ ਫੁੱਲਾਂ ਦੇ, ਸਬਜ਼ੀਆਂ ਦੇ ਬੀਜ ਮੰਗਣ ਆਉਂਦੇ। ਤ੍ਰਿਲੋਚਨ ਮਾਲੀ ਦੀ ਵਾਧੂ ਉਗਾਈ ਫੁੱਲਾਂ ਦੀ ਪਨੀਰੀ ਲੈ ਜਾਂਦੇ। ਰੱਜ-ਰੱਜ ਕੇ ਉਹ ਤ੍ਰਿਲੋਚਨ ਮਾਲੀ ਦੀਆਂ, ਅਸਾਡੀ ਬਗ਼ੀਚੀ ਦੀਆਂ ਸਿਫ਼ਤਾਂ ਕਰਦੇ।

ਇਹਨਾਂ ਹੀ ਦਿਨਾਂ ਵਿੱਚ, ਇੱਕ ਦਿਨ ਤ੍ਰਿਲੋਚਨ ਆਇਆ ਤੇ ਕਹਿਣ ਲੱਗਾ, "ਸਾਹਿਬ! ਜੇ ਤੁਹਾਡੀ ਇਜਾਜ਼ਤ ਹੋਵੇ ਤਾਂ ਮੈਂ ਬਗ਼ੀਚੇ ਦੇ ਵਾਧੂ ਫੁੱਲ ਮੰਡੀ ਵੇਚ ਆਇਆ ਕਰਾਂ ? ਇਸ ਤਰ੍ਹਾਂ ਮੇਰੀ ਤਨਖ਼ਾਹ ਦਾ ਬੋਝ ਤੁਹਾਡੇ 'ਤੇ ਨਹੀਂ ਰਹੇਗਾ।"

ਅਸੀਂ ਹੱਕੇ-ਬੱਕੇ ਉਹਦੇ ਮੂੰਹ ਵੱਲ ਵੇਖਣ ਲੱਗ ਪਏ, ਮੈਂ ਤੇ ਮੇਰੀ ਤ੍ਰੀਮਤ। ਸਾਡੇ ਸਾਮ੍ਹਣੇ ਹਸੂੰ-ਹਸੂੰ ਕਰਦਾ ਤ੍ਰਿਲੋਚਨ ਖਲੋਤਾ ਸੀ। ਇੰਝ ਜਾਪਦਾ ਸੀ, ਜਿਵੇਂ ਕੁਝ ਹੀ ਮਹੀਨਿਆਂ ਵਿੱਚ ਉਹਦਾ ਕੱਦ ਉੱਚਾ ਹੋ ਗਿਆ ਹੋਵੇ।

## ਪਾਠ-ਅਭਿਆਸ

**1. ਦੱਸੋ :**

(ੳ) ਲੇਖਕ ਆਪਣੇ ਮਾਲੀ ਤ੍ਰਿਲੋਚਨ ਤੋਂ ਕਿਉਂ ਦੁਖੀ ਸੀ ?

(ਅ) ਲੇਖਕ ਦੇ ਘਰ ਦਾ ਲਾਅਨ ਹਮੇਸ਼ਾਂ ਝੌਂਸਿਆ ਰਹਿਣ ਦੇ ਕੀ ਕਾਰਨ ਸਨ ?

(ੲ) ਲੇਖਕ ਦਾ ਬਗ਼ੀਚਾ ਕਿਉਂ ਟਹਿਕਣ ਲੱਗ ਪਿਆ ਸੀ ?

(ਸ) ਲੇਖਕ ਨੇ ਛੱਤ ਉੱਤੇ ਬਗ਼ੀਚਾ ਕਿਉਂ ਅਤੇ ਕਿਵੇਂ ਬਣਵਾਇਆ ?

(ਹ) ਲੇਖਕ ਨੇ ਛੱਤ ਉੱਤੇ ਬਣਾਈ ਬਗ਼ੀਚੀ ਵਿੱਚ ਕੀ-ਕੀ ਲਾਇਆ ?

(ਕ) ਲੇਖਕ ਦੇ ਬੱਚਿਆਂ ਨੇ ਅੰਗਰੇਜ਼ੀ ਦੇ ਰਿਸਾਲੇ ਵਿੱਚ ਕੀ ਪੜ੍ਹਿਆ ਸੀ ?

(ਖ) ਤ੍ਰਿਲੋਚਨ ਮਾਲੀ ਹੁਣ ਕਿਉਂ ਖ਼ੁਸ਼ ਸੀ ਤੇ ਉਸ ਨੇ ਲੇਖਕ ਨੂੰ ਕੀ ਸਲਾਹ ਦਿੱਤੀ ?

**2 ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਮਰੀਅਲ | : | ਕਮਜ਼ੋਰ |
| ਅਵਾਜ਼ਾਰ | : | ਦੁਖੀ |
| ਝੌਂਸਿਆ | : | ਝੁਲ਼ਸਿਆ, ਸੁੱਕ-ਸੜ ਜਾਣਾ |
| ਸੰਭੂੜਾ | : | ਥੋੜ੍ਹਾ-ਥੋੜ੍ਹਾ |
| ਤ੍ਰੀਮਤ | : | ਪਤਨੀ |
| ਖ਼ਾਵੰਦ | : | ਪਤੀ |

| | | |
|---|---|---|
| ਸਿਰੋੜੀ | : | ਸਿਰ ਕੱਢਣਾ, ਉੱਗਣਾ, ਪੁੰਗਰ ਪੈਣਾ |
| ਘੁਸਾਈਆਂ | : | ਖਿਸਕ ਜਾਣ ਦਾ ਭਾਵ, ਮਨ ਨਾਲ਼ ਕੰਮ ਨਾ ਕਰਨਾ |
| ਨਮਦਾ | : | ਗਲੀਚਾ, ਉੱਨ ਦਾ ਬਣਿਆ ਹੋਇਆ ਮੋਟਾ ਕੱਪੜਾ |
| ਤਸਦੀਕ | : | ਪੁਸ਼ਟੀ |
| ਮੌਲਣਾ | : | ਵਧਣਾ-ਫੁੱਲਣਾ |
| ਮੋਕਲ਼ਾ | : | ਖੁੱਲ੍ਹਾ |
| ਰਸੂਖ਼ | : | ਮੇਲ਼-ਜੋਲ਼ |
| ਸਰਕੰਡਾ | : | ਸਰਕੜਾ, ਕਾਨਾ ਅਤੇ ਕਾਨੇ ਦੇ ਪੱਤਰ ਆਦਿ |
| ਇਤਬਾਰ | : | ਯਕੀਨ |
| ਕ੍ਰਿਝਦਾ | : | ਖਿਝਦਾ |

**3. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ:**

| | | |
|---|---|---|
| ਠਿਗਣਾ | : | ____________ |
| ਦੋਸਤ | : | ____________ |
| ਦਿਨ | : | ____________ |
| ਸਵੇਰ | : | ____________ |
| ਸਿਆਲ਼ | : | ____________ |
| ਵੱਡਾ | : | ____________ |
| ਮੋਕਲ਼ਾ | : | ____________ |
| ਪਤਲੀ | : | ____________ |

**4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਕਿੱਲਤ, ਬਾਗ਼ਬਾਨੀ, ਮਾਹਰ, ਵੰਨ-ਸੁਵੰਨੇ, ਕਾਰਗੁਜ਼ਾਰੀ, ਤਾਜ਼ਾ-ਦਮ, ਸਿਫ਼ਤਾਂ

**5. ਇਸ ਪਾਠ 'ਚੋਂ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣ ਕੇ ਸੂਚੀ ਤਿਆਰ ਕਰੋ।**

**ਸਮਝੋ ਅਤੇ ਜਾਣੋ :**

1. ਸਰੀਰਿਕ ਦਿੱਖ ਨਾਲ਼ੋਂ ਮਨੁੱਖ ਦੇ ਗੁਣਾਂ ਦਾ ਮਹੱਤਵ ਜ਼ਿਆਦਾ ਹੁੰਦਾ ਹੈ।
2. ਗੁਣਵਾਨ ਮਨੁੱਖ ਦੀ ਹਰ ਥਾਂ ਕਦਰ ਹੁੰਦੀ ਹੈ।
3. ਚੰਗਾ ਚਰਿੱਤਰ ਚੰਗੇ ਗੁਣਾਂ ਦਾ ਸਮੂਹ ਹੁੰਦਾ ਹੈ ਇਸ ਲਈ ਚੰਗੇ ਗੁਣ ਧਾਰਨ ਕਰੋ।

## ਪਾਠ-17

# ਲਾਲਾ ਲਾਜਪਤ ਰਾਏ



ਜਗਰਾਓਂ ਦੇ ਇੱਕ ਮਹੱਲੇ ਵਿੱਚ ਪਾਣੀ ਭਰਦੀ ਹੋਈ ਇੱਕ ਬੁੱਢੀ ਨੂੰ ਦੂਸਰੀ ਬੁੱਢੀ ਆਖਣ ਲੱਗੀ, "ਨੀ ਲੋਹੜਾ ਆ ਗਿਆ, ਰਾਧੇ ਮੁਨਸ਼ੀ ਦੇ ਪੁੱਤ ਨੂੰ ਪੁਲਿਸ ਫੜ ਕੇ ਲੈ ਗਈ।"

ਦੂਜੀ ਬੁੱਢੀ ਨੇ ਠੋਡੀ 'ਤੇ ਚੀਚੀ ਰੱਖਦੇ ਹੋਏ ਨਿਹੋਰੇ ਨਾਲ਼ ਆਖਿਆ, "ਚੰਗਾ ਹੋਇਆ, ਉਸ ਦੇ ਚੱਜ ਈ ਇਹੋ-ਜਿਹੇ ਸਨ। ਸਰਕਾਰ ਨਾਲ਼ ਮੱਥਾ ਲਾਣ ਲੱਗਿਆ ਏ। ਆਖਦਾ ਸੀ,' ਗਰੇਜ ਦਾ ਰਾਜ ਭੈੜਾ ਏ," ਚੰਗੀ ਹੋਈ।

ਮੁਨਸ਼ੀ ਰਾਧਾ ਕ੍ਰਿਸ਼ਨ ਦਾ ਇਹ ਮੁੰਡਾ ਲਾਜਪਤ ਰਾਏ ਸੀ। ਲਾਲਾ ਲਾਜਪਤ ਰਾਏ ਪੰਜਾਬ ਕੇਸਰੀ—ਜਿਨ੍ਹਾਂ ਨੂੰ 1907 ਈ: ਵਿੱਚ ਲਾਹੌਰ ਦੀ ਪੁਲਿਸ ਉਹਨਾਂ ਦੀਆਂ ਸਿਆਸੀ ਤੇ ਬਾਗ਼ੀ ਤਕਰੀਰਾਂ ਕਰਕੇ ਫੜ ਕੇ ਲੈ ਗਈ ਸੀ।

ਲਾਲਾ ਜੀ ਦੇ ਨਾਨਕੇ ਸਿੱਖ-ਧਰਮ ਨੂੰ ਮੰਨਦੇ ਸਨ। ਸੱਭੇ ਦਾੜ੍ਹੀ ਤੇ ਕੇਸ ਰੱਖਦੇ ਸਨ। ਲਾਲਾ ਜੀ ਨੂੰ ਨਿੱਕੇ ਹੁੰਦੇ ਗੁਰਬਾਣੀ ਦਾ ਪਾਠ ਅਤੇ ਸ਼ਬਦਾਂ ਦਾ ਰੱਜਵਾਂ ਰਸ ਨਾਨਕਿਓਂ ਮਿਲ਼ਿਆ।

ਲਾਲਾ ਜੀ ਐੱਫ਼.ਏ. ਤੱਕ ਪੜ੍ਹੇ ਸਨ। ਇਸ ਪਿੱਛੋਂ ਉਹਨਾਂ ਨੇ ਮੁਖ਼ਤਾਰੀ ਪਾਸ ਕਰਕੇ ਵਕਾਲਤ ਸ਼ੁਰੂ ਕਰ ਦਿੱਤੀ। ਪਹਿਲੇ-ਪਹਿਲ ਜਦ ਉਹ ਜਗਰਾਓਂ ਤੋਂ ਇੱਕ ਮੁਕੱਦਮੇ ਦੀ ਪੈਰਵੀ ਕਰਨ ਲੱਗੇ ਤਾਂ ਉਹਨਾਂ ਦੀ ਫ਼ੀਸ ਸਿਰਫ਼ ਪੰਜ ਰੁਪਈਏ ਸੀ। ਆਉਣਾ-ਜਾਣਾ, ਕਿਰਾਇਆ-ਭਾੜਾ ਸਭ ਕੁਝ ਇਹਨਾਂ ਪੰਜਾਂ ਰੁਪਈਆਂ ਵਿੱਚ ਈ ਸ਼ਾਮਲ ਹੁੰਦਾ ਸੀ।

ਉਹ ਹਰ ਮੁਕੱਦਮੇ ਨੂੰ ਬੜੇ ਗਹੁ ਨਾਲ਼ ਪਰਖਦੇ। ਦੋਂਹਾਂ ਧਿਰਾਂ ਦੀਆਂ ਸਭਨਾਂ ਦਲੀਲਾਂ ਨੂੰ ਸੋਚਦੇ। ਆਮ ਤੌਰ 'ਤੇ ਵਿਰੋਧੀ ਪਾਰਟੀ ਦੀਆਂ ਦਲੀਲਾਂ ਨੂੰ ਉਹ ਆਪ ਹੀ ਸੋਚ ਲੈਂਦੇ ਤੇ ਫੇਰ ਉਹਨਾਂ ਦੇ ਜਵਾਬ ਤਿਆਰ ਕਰਦੇ। ਇਹੋ ਰਾਜ਼ ਸੀ, ਉਹਨਾਂ ਦੀ ਕਾਮਯਾਬੀ ਦਾ। ਇਸ ਕਰਕੇ ਇਸ ਪਿੱਛੋਂ, ਜਦ ਉਹਨਾਂ ਸਿਆਸੀ ਲੜਾਈਆਂ ਲੜੀਆਂ ਅਤੇ

ਸਿਆਸੀ ਇਨਸਾਫ਼ ਦੀ ਕਚਹਿਰੀ ਅੱਗੇ ਆਪਣੇ ਮੁਲਕ ਦੀ ਅਜ਼ਾਦੀ ਲਈ ਦਲੀਲਾਂ ਦਿੰਦੇ ਤਾਂ ਉਹ ਬੜੀਆਂ ਵਜ਼ਨਦਾਰ ਤੇ ਭਰਵੀਆਂ ਹੁੰਦੀਆਂ ਸਨ।

ਜਗਰਾਓਂ ਪਿੱਛੋਂ ਉਹ ਹਿਸਾਰ ਚਲੇ ਗਏ। ਉੱਥੇ ਉਹਨਾਂ ਦੀ ਵਕਾਲਤ ਬਹੁਤ ਚਮਕੀ। ਦੂਰ-ਦੂਰ ਤੱਕ ਉਹਨਾਂ ਦੀ ਮਸ਼ਹੂਰੀ ਹੋ ਗਈ। ਜਿਸ ਮੁਕੱਦਮੇ ਨੂੰ ਲੈਂਦੇ, ਤੋੜ ਚੜ੍ਹਾਉਂਦੇ। ਹਾਰਿਆਂ ਤੇ ਲਤਾੜਿਆਂ ਦੇ ਪੱਖ ਵੱਲ ਹੋ ਕੇ ਲੜਨਾ ਤੇ ਉਹਨਾਂ ਨੂੰ ਜਿਤਾਉਣਾ, ਉਹਨਾਂ ਦਾ ਮੁੱਖ ਉਦੇਸ਼ ਸੀ।

ਹਿਸਾਰ ਤੋਂ ਉਹ ਲਾਹੌਰ ਆ ਗਏ ਜੋਕਿ ਉਹਨਾਂ ਦਿਨਾਂ ਵਿੱਚ ਵਿੱਦਿਆ, ਵਕਾਲਤ ਤੇ ਰਾਜਸੀ-ਚੇਤੰਨਤਾ ਦਾ ਗੜ੍ਹ ਸੀ। ਇੱਥੇ ਆ ਕੇ ਉਹ ਸਿਰਫ਼ ਆਪਣੇ ਮਵੱਕਲਾਂ ਦੇ ਮੁਕੱਦਮੇ ਹੀ ਨਹੀਂ ਸਨ ਲੜਦੇ ਸਗੋਂ ਨਾਲ਼-ਨਾਲ਼ ਲਿਤਾੜੀ -ਨਪੀੜੀ ਜਨਤਾ ਦੇ ਹੱਕਾਂ ਲਈ ਵੀ ਬੋਲਦੇ ਸਨ। ਵੱਡੇ-ਵੱਡੇ ਲੋਕ-ਜਲਸਿਆਂ ਵਿੱਚ ਉਹ ਲੋਕਾਂ ਲਈ ਸ਼ੇਰ ਵਾਂਗ ਗੱਜਦੇ ਸਨ। ਇੱਕ ਲੱਖ ਤੋਂ ਉੱਤੇ ਲੋਕਾਂ ਦੇ ਇਕੱਠ ਵਿੱਚ ਉਹ ਬਗ਼ੈਰ ਮਾਈਕ੍ਰੋਫ਼ੋਨ ਤੋਂ ਬੋਲਦੇ ਸਨ ਤੇ ਉਹਨਾਂ ਦੀ ਅਵਾਜ਼ ਲੋਕਾਂ ਦੀ ਛੇਕੜਲੀ ਪੰਗਤੀ ਵਿੱਚ ਵੀ ਸਾਫ਼ ਸੁਣੀ ਜਾਂਦੀ ਸੀ।

ਇੱਕ ਦਿਨ ਲਾਲਾ ਜੀ ਆਪਣੇ ਦਫ਼ਤਰ ਵਿੱਚ ਬੈਠੇ ਇੱਕ ਮੁਕੱਦਮੇ ਦੀ ਤਿਆਰੀ ਕਰ ਰਹੇ ਸਨ ਕਿ ਇੱਕ ਪੁਲਿਸ-ਕਪਤਾਨ ਤੇ ਚਾਰ ਸਿਪਾਹੀ ਉਹਨਾਂ ਕੋਲ਼ ਡਿਪਟੀ ਕਮਿਸ਼ਨਰ ਦਾ ਸੱਦਾ ਲੈ ਕੇ ਆਏ ਕਿ ਡਿਪਟੀ ਕਮਿਸ਼ਨਰ ਉਹਨਾਂ ਨੂੰ ਮਿਲ਼ਨਾ ਚਾਹੁੰਦਾ ਹੈ।

ਲਾਲਾ ਜੀ ਨੇ ਕਾਗ਼ਜ਼, ਪਰਚੇ ਤੇ ਫ਼ਾਈਲਾਂ ਸੰਭਾਲ਼ੀਆਂ ਤੇ ਉਹਨਾਂ ਨਾਲ਼ ਜਾਣ ਲਈ ਤਿਆਰ ਹੋ ਗਏ। ਲਾਲਾ ਜੀ ਨੇ ਪੁਲਿਸ ਕਪਤਾਨ ਨੂੰ ਉਂਞ ਹੀ ਪੁੱਛਿਆ,

'ਕੁਝ ਚਿਰ ਲੱਗੇਗਾ, ਉੱਥੇ ?'

" ਪਤਾ ਨਹੀਂ। "

ਲਾਲਾ ਜੀ ਨੂੰ ਖੁੜਕ ਗਈ। ਉਹਨੀਂ ਦਿਨੀਂ ਲਾਲਾ ਜੀ ਨੇ ਧੜੱਲੇਦਾਰ ਤਕਰੀਰਾਂ ਕੀਤੀਆਂ ਸਨ।

ਲਾਲਾ ਜੀ ਨੇ ਫੇਰ ਪੁੱਛਿਆ, " ਮੁੜ ਛੇਤੀ ਆ ਸਕਾਂਗਾ ਕਿ ਦੂਜੀ ਗੱਲ ਏ ?"

ਪੁਲਿਸ-ਕਪਤਾਨ ਨੇ ਲਾਲਾ ਜੀ ਦੇ ਕਾਗ਼ਜ਼ਾਂ ਤੇ ਮੁਕੱਦਮਿਆਂ ਦੀਆਂ ਫ਼ਾਈਲਾਂ ਵੇਖ ਕੇ ਆਖਿਆ, "ਸ਼ਾਇਦ ਚਿਰ ਲੱਗੇ, ਸ਼ਾਇਦ ਮੁੜ ਨਾ ਈ ਆ ਸਕੋ, ਕੀ ਪਤਾ! "

ਲਾਲਾ ਜੀ ਨੇ ਆਪਣੇ ਮੁਨਸ਼ੀ ਨੂੰ ਨਾਲ਼ ਲੈ ਕੇ ਸਾਰੇ ਕਾਗ਼ਜ਼ ਸੰਭਾਲ਼ੇ ਤੇ ਮੁਕੱਦਮੇ ਦੂਜੇ ਸਾਥੀ ਵਕੀਲ ਨੂੰ ਦੇ ਦਿੱਤੇ। ਸਾਫ਼ਾ ਬੰਨ੍ਹ ਕੇ ਤੇ ਕੋਟ ਪਾ ਕੇ ਉਹ ਬਾਹਰ ਆ ਗਏ।

" ਹੁਣ ਮੈਂ ਤਿਆਰ ਹਾਂ, ਚੱਲੋ!" ਤੇ ਲਾਲਾ ਜੀ ਡਿਪਟੀ ਕਮਿਸ਼ਨਰ ਦੀ ਮੋਟਰ ਵਿੱਚ ਬੈਠ ਕੇ ਚਲੇ ਗਏ। ਤਕਾਲ਼ੀਂ ਇਹ ਖ਼ਬਰ ਜੰਗਲ਼ ਦੀ ਅੱਗ ਵਾਂਗ ਫੈਲ ਗਈ ਕਿ ਲਾਲਾ ਜੀ ਫੜੇ ਗਏ ਹਨ। ਉਸ ਸ਼ਾਮ ਸਾਰੇ ਲਾਹੌਰ ਵਿੱਚ ਦਹਿਸ਼ਤ ਦੀ ਕਾਲ਼ੀ ਛਾਂ ਸੀ। ਅੰਗਰੇਜ਼ਾਂ ਦੇ ਟੱਬਰਾਂ ਨੇ ਡਰਦੇ ਮਾਰੇ ਆਪਣੇ ਬੰਗਲਿਆਂ ਅੱਗੇ ਪਹਿਰੇ ਲਾ ਲਏ। ਕਈ ਮੇਮਾਂ ਲਾਹੌਰ ਛਾਉਣੀ ਚਲੀਆਂ ਗਈਆਂ। ਸਾਰੇ ਸ਼ਹਿਰ 'ਤੇ ਅਣਹੋਣੀ ਜਿਹੀ ਵਾਪਰੀ ਹੋਈ ਸੀ। ਡਰ ਗਲ਼ੀਆਂ, ਖੂੰਜਿਆਂ ਵਿੱਚੋਂ ਕਨਸੋਆਂ ਲੈਂਦਾ ਸੀ, ਜਿਵੇਂ ਕੋਈ ਸਾਰੇ ਸ਼ਹਿਰ ਦਾ ਕਾਲ਼ਜਾ ਕੱਢ ਕੇ ਲੈ ਗਿਆ ਹੋਵੇ।

ਲਾਲਾ ਜੀ ਤੇ ਸਰਦਾਰ ਅਜੀਤ ਸਿੰਘ ਨੂੰ ਜੋ ਉਹਨੀਂ ਦਿਨੀਂ ਗਰਿਫ਼ਤਾਰ ਕੀਤੇ ਗਏ ਸਨ, ਮੋਟਰ ਵਿੱਚ ਬਿਠਾ ਕੇ ਰਾਤੋ-ਰਾਤ 'ਮੀਆਂ ਮੀਰ' ਪਹੁੰਚਾਇਆ ਗਿਆ।

ਦੂਜੇ ਦਿਨ ਸਾਰੇ ਸ਼ਹਿਰ ਵਿੱਚ ਹੜਤਾਲ ਸੀ। ਲੋਕ ਲਾਲਾ ਜੀ ਦੀ ਗਰਿਫ਼ਤਾਰੀ ਦੇ ਵਿਰੁੱਧ ਨਾਹਰੇ ਲਾਉਂਦੇ ਸੜਕਾਂ ਉੱਤੇ ਨਿਕਲ਼ ਆਏ ਸਨ। ਕਈਆਂ ਨੇ ਤਾਂ ਨਾਹਰਿਆਂ ਦੀਆਂ ਤੁਕਾਂ ਜੋੜ ਕੇ ਇਹ ਬੋਲ ਬੋਲੇ:

"ਲੇ ਚਲੀ ਮੋਟਰ ਉੜਾ,
ਤਖ਼ਤੇ-ਸੁਲੇਮਾਨ ਕੀ ਤਰ੍ਹੇ।"

ਇੱਥੋਂ ਬੰਦ ਡੱਬੇ ਵਿੱਚ ਲਾਲਾ ਜੀ ਤੇ ਸਰਦਾਰ ਅਜੀਤ ਸਿੰਘ ਨੂੰ ਕਲਕੱਤੇ ਭੇਜਿਆ ਗਿਆ ਤੇ ਫੇਰ ਉੱਥੋਂ ਅੱਗੇ ਮਾਂਡਲੇ ਜੇਲ੍ਹ ਭੇਜ ਦਿੱਤਾ।

ਮਾਂਡਲੇ ਜੇਲ੍ਹ ਵਿੱਚ ਲਾਲਾ ਜੀ ਛੇ ਮਹੀਨੇ ਰਹੇ। ਉੱਥੇ ਉਹ ਸਭਨਾਂ ਪੰਜਾਬੀਆਂ ਦੇ ਲੀਡਰ ਸਨ। ਬਹੁਤ ਸਾਰੇ ਪੰਜਾਬੀ ਉਹਨਾਂ ਨੂੰ ਮਿਲ਼ਨ ਲਈ ਆਉਂਦੇ ਸਨ ਤੇ ਉਹਨਾਂ ਦੇ ਵਿਚਾਰ ਸੁਣਦੇ ਸਨ। ਮਾਂਡਲੇ ਦੀਆਂ ਅਖਬਾਰਾਂ ਵਿੱਚ ਥਾਂ-ਥਾਂ ਲਾਲਾ ਜੀ ਦੀ ਚਰਚਾ ਹੋਈ। ਪੰਜਾਬੀਆਂ ਨੇ ਕਈ ਜਗ੍ਹਾ ਉਹਨਾਂ ਦੀ ਰਿਹਾਈ ਲਈ ਮੁਜ਼ਾਹਰੇ ਕੀਤੇ।

ਛੇ ਮਹੀਨੇ ਪਿੱਛੋਂ ਰਿਹਾ ਹੋ ਕੇ ਉਹ ਮੁੜ ਹਿੰਦੁਸਤਾਨ ਆ ਗਏ ਤੇ ਲਾਹੌਰ ਵਿੱਚ ਆ ਕੇ ਫੇਰ ਵਕਾਲਤ ਸ਼ੁਰੂ ਕਰ ਦਿੱਤੀ। ਇਸ ਦੇ ਨਾਲ਼ ਹੀ ਹੁਣ ਉਹ ਸਿਆਸੀ ਜ਼ਿੰਦਗੀ ਵਿੱਚ ਏਨੇ ਡੂੰਘੇ ਚਲੇ ਗਏ ਸਨ ਕਿ ਉਹਨਾਂ ਨੇ ਸਮਝ ਲਿਆ ਸੀ ਕਿ ਸਾਡੇ ਸਭਨਾਂ ਦੇ ਰੋਗ ਦਾ ਕਾਰਨ ਅਸਾਡੇ ਮੋਢਿਆਂ ਉੱਤੇ ਪਿਆ ਅੰਗਰੇਜ਼ੀ ਰਾਜ ਦਾ ਜੂਲ਼ਾ ਹੈ। ਜੇ ਇਸ ਨੂੰ ਗਲ਼ੋਂ ਲਾਹ ਦੇਈਏ ਤਾਂ ਸਾਰੇ ਰੋਗ ਮੁੱਕ ਜਾਣਗੇ। ਗ਼ੁਲਾਮੀ ਦੇ ਕੋਹੜ ਨੇ ਸਾਰੇ ਮੁਲਕ ਦੇ ਨਿਰੋਏ ਅੰਗਾਂ ਨੂੰ ਮਾਰ ਸੁੱਟਿਆ ਹੈ। ਸਭ ਤੋਂ ਪਹਿਲਾਂ ਅਸੀਂ ਇਸ ਗ਼ੁਲਾਮੀ ਦੇ ਕੋਹੜ ਦਾ ਇਲਾਜ ਕਰਨਾ ਹੈ। ਸਾਰੇ ਕੰਮ ਛੱਡ ਕੇ ਉਹ ਅੰਗਰੇਜ਼ੀ ਰਾਜ ਦੇ ਵਿਰੁੱਧ ਜੰਗ ਲੜਨ ਵਾਲ਼ੇ ਦਸਤਿਆਂ ਨਾਲ਼ ਮਿਲ਼ ਗਏ।

ਵਕਾਲਤ ਤੋਂ ਜਿੰਨੀ ਆਮਦਨ ਆਉਂਦੀ, ਉਹ ਉਸ ਵਿੱਚੋਂ ਥੋੜ੍ਹੀ ਜਿੰਨੀ ਆਪਣੇ ਖ਼ਰਚ ਜੋਗੀ ਰੱਖ ਕੇ ਬਾਕੀ ਸਾਰੀ ਦੀ ਸਾਰੀ ਕਾਂਗਰਸ ਨੂੰ ਦੇ ਦਿੰਦੇ।

ਇੱਕ ਵਾਰ ਜਦੋਂ ਕਾਂਗਰਸ ਨੂੰ ਚੰਦੇ ਦੀ ਲੋੜ ਪਈ, ਉਹਨਾਂ ਨੇ ਆਪਣੇ ਬੈਂਕ ਵਿੱਚ ਆਪਣਾ ਹਿਸਾਬ ਵੇਖਿਆ, 5000 ਤੋਂ ਉੱਪਰ ਕੋਈ ਛੇ-ਸੱਤ ਆਨੇ ਸਨ। ਉਹਨਾਂ ਨੇ 5000 ਦਾਨ ਕਰ ਦਿੱਤੇ ਤੇ ਬਾਕੀ ਛੇ-ਸੱਤ ਆਨੇ ਆਪਣੇ ਲਈ ਰੱਖ ਲਏ।

ਇਸ ਕਿਸਮ ਦਾ ਖੁੱਲ੍ਹਾ ਦਾਨ ਕਰਨ ਵਾਲ਼ਾ ਤੇ ਮੁਲਕ ਦੀ ਅਜ਼ਾਦੀ ਖ਼ਾਤਰ ਸਿਰ-ਧੜ ਦੀ ਬਾਜ਼ੀ ਲਾਉਣ ਵਾਲ਼ਾ ਪੰਜਾਬ ਵਿੱਚ ਹੋਰ ਕੋਈ ਵਿਰਲਾ ਹੀ ਸੀ। ਏਸੇ ਲਈ ਉਹਨਾਂ ਨੂੰ 'ਪੰਜਾਬ ਕੇਸਰੀ' ਆਖਦੇ ਸਨ।

ਲਾਲਾ ਜੀ 1913-14 ਈ. ਵਿੱਚ ਅਮਰੀਕਾ ਚਲੇ ਗਏ ਤੇ ਉੱਥੇ ਜਾ ਕੇ ਉਹਨਾਂ ਨੇ ਜਗ੍ਹਾ-ਜਗ੍ਹਾ ਭਾਸ਼ਣ ਦਿੱਤੇ। ਹਜ਼ਾਰਾਂ, ਲੱਖਾਂ ਲੋਕ ਲਾਲਾ ਜੀ ਦਾ ਭਾਸ਼ਣ ਸੁਣਨ ਆਉਂਦੇ। ਉਹਨਾਂ ਨੇ ਹਿੰਦੁਸਤਾਨ ਦੇ ਦ੍ਰਿਸ਼ਟੀਕੋਣ ਨੂੰ ਇੱਕ ਵਕੀਲ ਵਾਂਗ ਦੁਨੀਆਂ ਦੀ ਲੋਕ-ਇਨਸਾਫ਼ ਦੀ ਕਚਹਿਰੀ ਵਿੱਚ ਪੇਸ਼ ਕੀਤਾ। ਉਹਨਾਂ ਦੀ ਜ਼ੁਬਾਨ ਤੇ ਬੋਲਣ ਦੇ ਢੰਗ ਵਿੱਚ ਰਸ ਤੇ ਖਿੱਚ ਸੀ। ਪੱਛਮ ਦੇ ਲੋਕਾਂ ਨੂੰ ਇੱਕ ਨਵਾਂ ਦ੍ਰਿਸ਼ਟੀਕੋਣ, ਇੱਕ ਹਿੰਦੁਸਤਾਨੀ ਦੇ ਮੂੰਹੋਂ ਸੁਣਨ ਦਾ ਮੌਕਾ ਮਿਲ਼ਿਆ। ਉਹਨਾਂ ਦੀਆਂ ਅੱਖਾਂ ਖੁੱਲ੍ਹ ਗਈਆਂ। ਉਹਨਾਂ ਨੇ ਸਮਝ ਲਿਆ ਕਿ ਹਿੰਦੁਸਤਾਨੀ ਆਪਣੇ ਹੱਕਾਂ ਦੀ ਮੰਗ ਕਰਨ ਵਾਲ਼ੇ ਇਨਸਾਫ਼ ਲਈ ਲੜਨ ਵਾਲ਼ੇ ਤੇ ਕੁਰਬਾਨੀ ਦੇਣ ਵਾਲ਼ੇ ਸਮਝਦਾਰ ਲੋਕ ਹਨ। ਲਾਲਾ ਜੀ ਨੇ ਇੱਥੋਂ ਆਪਣੇ ਵਿਚਾਰਾਂ ਨੂੰ ਲੋਕਾਂ ਵਿੱਚ ਫੈਲਾਉਣ ਲਈ ਅੰਗਰੇਜ਼ੀ ਵਿੱਚ ਇੱਕ ਅਖ਼ਬਾਰ 'ਯੰਗ ਇੰਡੀਆ' ਛਾਪਣੀ ਅਰੰਭ ਕੀਤੀ। ਲਾਲਾ ਜੀ ਆਖਿਆ ਕਰਦੇ ਸਨ, ' ਮੈਂ ਹਿੰਦੁਸਤਾਨ ਦੀ ਅਜ਼ਾਦੀ ਦੀ ਜੰਗ ਜਾਰੀ ਰੱਖਣ ਖ਼ਾਤਰ ਭੀਖ ਤੱਕ ਮੰਗਾਂਗਾ, ਉਧਾਰ ਚੁੱਕਾਂਗਾ ਤੇ ਜੇ ਵਖਤ ਪਿਆ ਤਾਂ ਚੋਰੀ ਵੀ ਕਰਾਂਗਾ ਪਰ ਮੁਲਕ ਦੀ ਅਜ਼ਾਦੀ ਦੀ ਲੜਾਈ ਨੂੰ ਪਿੱਛੇ ਨਹੀਂ ਪੈਣ ਦਿਆਂਗਾ। ' ਲਾਲਾ ਜੀ ਦਾ ਇਹ ਫ਼ਿਕਰਾ ਥਾਂ-ਥਾਂ ਦੁਹਰਾਇਆ ਜਾਂਦਾ ਸੀ।

ਜਦ 1919 ਈ. ਵਿੱਚ ਲਾਲਾ ਜੀ ਅਮਰੀਕਾ ਤੋਂ ਹਿੰਦੁਸਤਾਨ ਆਏ ਤਾਂ ਪਹਿਲੀ ਵੱਡੀ ਜੰਗ ਖ਼ਤਮ ਹੋ ਚੁੱਕੀ ਸੀ। ਜੰਗ ਪਿੱਛੋਂ ਗ਼ੁਲਾਮ ਮੁਲਕਾਂ ਨੂੰ ਅਜ਼ਾਦੀ ਮਿਲ਼ ਗਈ ਪਰ ਸਾਡੇ ਮੁਲਕ ਦੀ ਗ਼ੁਲਾਮੀ ਦਾ ਕੰਡਾ ਉਵੇਂ ਹੀ ਅੜਿਆ ਰਿਹਾ। ਮੁਲਕ ਵਿੱਚ ਵਿਦੇਸ਼ੀ ਰਾਜ ਦੇ ਖ਼ਿਲਾਫ਼ ਜ਼ਬਰਦਸਤ ਲਹਿਰ ਦੌੜ ਗਈ। ਲੋਕ ਅੰਗਰੇਜ਼ਾਂ ਦੇ ਲਗਾਤਾਰ ਕੀਤੇ ਝੂਠੇ ਵਾਇਦਿਆਂ ਤੋਂ ਅੱਕ ਚੁੱਕੇ ਸਨ। ਹੁਣ ਉਹ ਗਾਂਧੀ ਜੀ ਦੀ ਅਗਵਾਈ ਹੇਠ ਅਹਿੰਸਾ ਦੇ ਹਥਿਆਰ ਨਾਲ਼ ਅੰਗਰੇਜ਼ਾਂ ਦੇ ਖ਼ਿਲਾਫ਼ ਟੱਕਰ ਲੈਣ ਲਈ ਜੁਟ ਰਹੇ ਸਨ।

ਹਿੰਦੁਸਤਾਨ ਨੂੰ ਬਾਹਰਲੀ ਦੁਨੀਆ ਵਿੱਚ ਭੰਡਣ ਲਈ ਮਿਸ ਮਿਓ ਨਾਂ ਦੀ ਇੱਕ ਔਰਤ ਨੇ 'ਭਾਰਤ ਮਾਤਾ' ਨਾਂ ਦੀ ਇੱਕ ਕਿਤਾਬ ਲਿਖੀ ਜਿਸ ਦਾ ਕਰਾਰਾ ਤੇ ਦਲੀਲਾਂ ਭਰਿਆ ਜਵਾਬ ਲਾਲਾ ਜੀ ਨੇ 'ਦੁਖੀ ਭਾਰਤ' ਲਿਖ ਕੇ ਦਿੱਤਾ। 'ਭਾਰਤ ਮਾਤਾ ' ਵਿੱਚ ਮਿਸ ਮਿਓ ਨੇ ਹਿੰਦੁਸਤਾਨ ਦੇ ਭੈੜੇ ਰਸਮ-ਰਿਵਾਜ, ਬੁਰਾਈਆਂ ਤੇ ਕੋਝ ਫਰੋਲ਼ੇ ਅਤੇ ਇਹਨਾਂ ਨੂੰ ਪੱਛਮੀ ਦੇਸਾਂ ਵਿੱਚ ਧੁੰਮਾਇਆ। ਲਾਲਾ ਜੀ ਨੇ ਇਸ ਕਿਤਾਬ ਬਾਰੇ ਆਖਿਆ, 'ਮਿਸ ਮਿਓ ਨੇ ਕਿਸੇ ਭੰਗਣ ਵਾਂਗ ਸਾਡੇ ਮੁਲਕ ਦੀਆਂ ਨਾਲ਼ੀਆਂ ਦਾ ਗੰਦ ਫਰੋਲ਼ਿਆ ਹੈ। ' ਲਾਲਾ ਜੀ ਵੱਲੋਂ ਇਹ ਮਿਸ ਮਿਓ ਦੇ ਮੂੰਹ ਉੱਤੇ ਚਪੇੜ ਸੀ।

ਲਾਲਾ ਜੀ ਨੇ ਆਪਣੀਆਂ ਕਿਤਾਬਾਂ ਤੇ ਵਕਾਲਤ ਦੀ ਸਾਰੀ ਆਮਦਨੀ ਦਾਨ ਕਰ ਕੇ ਆਪਣੇ ਦੋਸਤ ਦਵਾਰਕਾ ਦਾਸ ਜੋ ਅੰਬਾਲੇ ਵਿੱਚ ਵਕੀਲ ਸਨ, ਦੇ ਨਾਂ 'ਤੇ 'ਦਵਾਰਕਾ ਦਾਸ ਲਾਇਬ੍ਰੇਰੀ' ਕਾਇਮ ਕੀਤੀ। ਇਸ ਲਾਇਬ੍ਰੇਰੀ ਵਿੱਚ ਜਿੰਨੀਆਂ ਸਿਆਸੀ ਤੇ ਆਰਥਿਕ ਵਿਸ਼ਿਆਂ ਉੱਤੇ ਕਿਤਾਬਾਂ ਸਨ, ਪੰਜਾਬ ਵਿੱਚ ਸ਼ਾਇਦ ਹੀ ਕਿਸੇ ਹੋਰ ਲਾਇਬ੍ਰੇਰੀ ਵਿੱਚ ਹੋਣ। ਇੱਥੇ 'ਲਾਜਪਤ ਰਾਏ ਭਵਨ' ਉਹਨਾਂ ਦੇ ਨਾਂ 'ਤੇ ਹੀ ਬਣਿਆ ਸੀ। ਏਥੇ ਸਿਆਸੀ ਜਲਸੇ ਤੇ ਮੀਟਿੰਗਾਂ ਹੁੰਦੀਆਂ ਸਨ। ਲਾਲਾ ਜੀ ਖ਼ੁਦ ਵੀ ਇਸ ਭਵਨ ਦੇ ਇੱਕ ਛੋਟੇ ਜਿਹੇ ਹਿੱਸੇ ਵਿੱਚ ਰਿਹਾ ਕਰਦੇ ਸਨ।

ਉਹਨਾਂ ਨੇ ਮੁਲਕ ਦੇ ਨੌਜਵਾਨਾਂ ਨੂੰ ਰਾਜਨੀਤਿਕ ਵਿੱਦਿਆ ਦੇਣ ਲਈ ਲਾਹੌਰ ਦੇ ਬ੍ਰੈਡਲਾ ਹਾਲ ਵਿੱਚ ਨੈਸ਼ਨਲ ਕਾਲਜ ਖੋਲ੍ਹਿਆ ਜਿੱਥੋਂ ਬਹੁਤ ਸਾਰੇ ਦੇਸ-ਭਗਤਾਂ, ਇਨਕਲਾਬੀ ਨੌਜਵਾਨਾਂ ਨੇ ਵਿੱਦਿਆ ਹਾਸਲ ਕੀਤੀ। ਲਾਲਾ ਜੀ ਆਪ ਵੀ ਇਸ ਕਾਲਜ ਵਿੱਚ ਪੜ੍ਹਾਉਂਦੇ ਸਨ। ਭਗਤ ਸਿੰਘ ਏਸੇ ਕਾਲਜ ਦਾ ਵਿਦਿਆਰਥੀ ਸੀ।

30 ਅਕਤੂਬਰ, 1928 ਈ: ਵਿੱਚ ਜਦ 'ਸਾਈਮਨ ਕਮਿਸ਼ਨ' ਲਾਹੌਰ ਆਇਆ ਤਾਂ ਸਟੇਸ਼ਨ 'ਤੇ ਲੋਕਾਂ ਦਾ ਠਾਠਾਂ ਮਾਰਦਾ ਸਮੁੰਦਰ ਕਾਲ਼ੇ ਝੰਡੇ ਲਈ ਨਾਹਰੇ ਲਾ ਰਿਹਾ ਸੀ- 'ਸਾਈਮਨ ! ਵਲਾਇਤ ਮੁੜ ਜਾ! ਸਾਨੂੰ ਤੇਰੀ ਲੋੜ ਨਹੀਂ—ਵਲਾਇਤ ਮੁੜ ਜਾ'!

ਲਾਲਾ ਜੀ ਇਸ ਜਲੂਸ ਦੀ ਅਗਵਾਈ ਕਰ ਰਹੇ ਸਨ। ਅੰਗਰੇਜ਼ਾਂ ਨੇ ਜਲਸੇ-ਜਲੂਸ ਕੱਢਣ 'ਤੇ ਸਖ਼ਤ ਪਾਬੰਦੀਆਂ ਲਾਈਆਂ ਹੋਈਆਂ ਸਨ ਪਰ ਫੇਰ ਵੀ ਲੱਖਾਂ ਲੋਕ ਸਾਈਮਨ ਕਮਿਸ਼ਨ ਦੇ ਖ਼ਿਲਾਫ਼ ਆਪਣੀ ਅਵਾਜ਼ ਉੱਚੀ ਕਰਨ ਲਈ ਇਕੱਠੇ ਹੋ ਗਏ। ਦੁਪਹਿਰ ਦੇ ਦੋ ਵਜੇ ਪੁਲਿਸ-ਕਪਤਾਨ ਮਿਸਟਰ ਸਕਾਟ ਨੇ ਪੁਲਿਸ ਨੂੰ ਲੋਕਾਂ ਉੱਤੇ ਲਾਠੀਆਂ ਵਰ੍ਹਾਉਣ ਦਾ ਹੁਕਮ ਦਿੱਤਾ। ਇਕੱਠ ਉੱਤੇ ਲਾਠੀਆਂ ਵਰ੍ਹੀਆਂ। ਮਿਸਟਰ ਸਕਾਟ ਨੇ ਆਪ ਅੱਗੇ ਵਧ ਕੇ ਲਾਲਾ ਜੀ ਨੂੰ ਲਾਠੀਆਂ ਮਾਰੀਆਂ ਤੇ ਲਾਲਾ ਜੀ ਫੱਟੜ ਹੋ ਕੇ ਡਿਗ ਪਏ।

ਉਸ ਪਿੱਛੋਂ ਲਾਲਾ ਜੀ ਬਹੁਤ ਦਿਨਾਂ ਤੀਕ ਹਸਪਤਾਲ ਬਿਮਾਰ ਪਏ ਰਹੇ। ਫੱਟ ਗਹਿਰੇ ਸਨ। ਡਾਕਟਰਾਂ ਨੇ ਬਹੁਤ ਦਵਾ-ਦਾਰੂ ਕੀਤੀ। ਕੁਝ ਉਮੀਦ ਹੋ ਚੁੱਕੀ ਸੀ ਕਿ ਸ਼ਾਇਦ ਉਹ ਫੱਟ ਮਿਲ਼ ਜਾਣ ਪਰ 17 ਨਵੰਬਰ, 1928 ਈ. ਨੂੰ ਤੜਕੇ ਚਾਰ ਵਜੇ ਉਹ ਇਕਦਮ ਉੱਠੇ। ਉਹਨਾਂ ਦੀ ਵੱਖੀ ਵਿੱਚ ਜ਼ੋਰ ਦਾ ਵੱਟ ਜਿਹਾ ਪਿਆ, ਉਹਨਾਂ ਨੇ ਚਾਹ ਮੰਗੀ। ਪਰ ਚਾਹ ਆਉਣ ਤੋਂ ਪਹਿਲਾਂ ਹੀ ਉਹਨਾਂ ਨੇ ਪ੍ਰਾਣ ਤਿਆਗ ਦਿੱਤੇ। ਉਸ ਦਿਨ ਸਾਰੇ ਸ਼ਹਿਰ ਵਿੱਚ ਹੜਤਾਲ ਰਹੀ। ਪ੍ਰੋਫ਼ੈਸਰ, ਵਿਦਿਆਰਥੀ, ਕਚਹਿਰੀ ਦੇ ਵਕੀਲ, ਹਾਈਕੋਰਟ ਦੇ ਜੱਜ, ਦੁਕਾਨਦਾਰ, ਅਫ਼ਸਰ, ਸੜਕਾਂ ਤੇ ਰੋੜੀ ਕੁੱਟਣ ਵਾਲ਼ੇ ਮਜ਼ਦੂਰ, ਸਭ ਮਾਤਮੀ ਜਲੂਸ ਵਿੱਚ ਸ਼ਾਮਲ ਸਨ। ਚਾਰ ਲੱਖ ਤੋਂ ਉੱਪਰ ਲੋਕ ਹੋਣਗੇ ਜੋ ਡੁਸਕਦੇ ਹੋਏ ਸਿਰ ਨੀਵਾਂ ਸੁੱਟੀ ਲਾਲਾ ਜੀ ਦੀ ਅਰਥੀ ਨਾਲ਼ ਜਾ ਰਹੇ ਸਨ। ਦੁਕਾਨਾਂ, ਸਕੂਲ, ਕਚਹਿਰੀਆਂ, ਦਫ਼ਤਰ ਸਭ ਬੰਦ ਸਨ।

ਰਾਵੀ ਦੇ ਕਿਨਾਰੇ ਉਹਨਾਂ ਦਾ ਦਾਹ-ਸੰਸਕਾਰ ਕੀਤਾ ਗਿਆ। ਇਸੇ ਰਾਵੀ ਦੇ ਕਿਨਾਰੇ ਉਸ ਤੋਂ ਅਗਲੇ ਸਾਲ ਉਹਨਾਂ ਦੀ ਯਾਦ ਵਿੱਚ ਅਤੇ ਮੁਲਕ ਲਈ ਮੁਕੰਮਲ ਅਜ਼ਾਦੀ ਦੀ ਮੰਗ ਦਾ ਮਤਾ ਪਾਸ ਕਰਨ ਲਈ ਪੰਡਤ ਜਵਾਹਰ ਲਾਲ ਨਹਿਰੂ ਨੇ ਤਿਰੰਗਾ ਝੁਲਾਇਆ।

## ਪਾਠ-ਅਭਿਆਸ

1. **ਦੱਸੋ :**

(ੳ) ਲਾਲਾ ਲਾਜਪਤ ਰਾਏ ਜੀ ਦੇ ਬਚਪਨ ਉੱਤੇ ਨਾਨਕੇ-ਪਰਿਵਾਰ ਦਾ ਕੀ ਪ੍ਰਭਾਵ ਪਿਆ ?

(ਅ) ਲਾਲਾ ਜੀ ਪੇਸ਼ੇ ਵਜੋਂ ਵਕੀਲ ਸਨ। ਉਹਨਾਂ ਦਾ ਆਪਣੇ ਪੇਸ਼ੇ ਵਿੱਚ ਕਾਮਯਾਬ ਹੋਣ ਦਾ ਕੀ ਰਾਜ਼ ਸੀ ?

(ੲ) ਲਾਲਾ ਲਾਜਪਤ ਰਾਏ ਨੂੰ 'ਪੰਜਾਬ ਕੇਸਰੀ' ਕਿਉਂ ਕਿਹਾ ਜਾਂਦਾ ਹੈ ?

(ਸ) ਲਾਲਾ ਜੀ ਦੇ ਭਾਸ਼ਣ ਸੁਣ ਕੇ ਅਮਰੀਕਾ ਦੇ ਲੋਕਾਂ ਦੀਆਂ ਅੱਖਾਂ ਕਿਵੇਂ ਖੁੱਲ੍ਹ ਗਈਆਂ ?

(ਹ) "ਲਾਲਾ ਜੀ ਵੱਲੋਂ ਇਹ ਮਿਸ ਮਿਓ ਦੇ ਮੂੰਹ ਉੱਤੇ ਚਪੇੜ ਸੀ," ਦੱਸੋ ਕਿਉਂ ?

(ਕ) ਲਾਲਾ ਜੀ ਹੋਰਾਂ ਨੇ ਸਾਈਮਨ ਕਮਿਸ਼ਨ ਦੇ ਵਿਰੁੱਧ ਜਲੂਸ ਕਿਉਂ ਕੱਢਿਆ ਸੀ ?

(ਖ) ਲਾਲਾ ਜੀ ਨੂੰ ਹਸਪਤਾਲ ਕਿਉਂ ਲੈ ਕੇ ਜਾਣਾ ਪਿਆ ?

(ਗ) ਲਾਲਾ ਜੀ ਦੀ ਅਰਥੀ ਨਾਲ਼ ਜਾ ਰਹੇ ਮਾਤਮੀ ਜਲੂਸ ਵਿੱਚ ਕੌਣ-ਕੌਣ ਸ਼ਾਮਲ ਸਨ ?

(ਘ) ਪੰਡਤ ਜਵਾਹਰ ਲਾਲ ਨਹਿਰੂ ਨੇ ਕਿਹੜਾ ਮਤਾ ਪਾਸ ਕੀਤਾ ?

2. **ਵਾਕਾਂ ਵਿੱਚ ਵਰਤੋ:**

ਦਿਲ ਵਿੱਚ ਉੱਤਰ ਜਾਣਾ, ਟੱਕਰ ਲੈਣੀ, ਸਿਰ-ਧੜ ਦੀ ਬਾਜ਼ੀ ਲਾਉਣੀ, ਅਣਹੋਣੀ, ਮੱਥਾ ਲਾਉਣਾ, ਛੇਕੜਲੀ, ਮੁਜ਼ਾਹਰਾ, ਦਾਹ-ਸੰਸਕਾਰ ।

3. **ਹੇਠ ਲਿਖੇ ਸ਼ਬਦਾਂ ਦੇ ਅੱਗੇ ਕੋਈ ਹੋਰ ਸ਼ਬਦ ਜਾਂ ਸ਼ਬਦਾਂਸ਼ ਲਾ ਕੇ ਨਵੇਂ ਸ਼ਬਦ ਬਣਾਓ :**

ਕਾਰ :

ਬਾਣੀ :

ਤਾਲ :

ਫ਼ੋਨ :

ਹੋਣੀ :

ਧੜ :

ਦੇਸੀ :

**ਵਿਆਕਰਨ:**

ਸੰਬੰਧਕ : ਜਿਹੜਾ ਸ਼ਬਦ ਵਾਕ ਵਿੱਚ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ-ਸ਼ਬਦਾਂ ਜਾਂ ਵਾਕ ਦੇ ਦੂਸਰੇ ਸ਼ਬਦਾਂ ਨਾਲ਼ ਸੰਬੰਧ ਪ੍ਰਗਟ ਕਰੇ, ਉਸ ਨੂੰ ਸੰਬੰਧਕ ਕਿਹਾ ਜਾਂਦਾ ਹੈ।

**ਉਦਾਹਰਨ :**

1. ਜਗਰਾਓਂ ਦੇ ਇੱਕ ਮਹੱਲੇ ਦੀ ਬੁੱਢੀ ਪਾਣੀ ਭਰ ਰਹੀ ਸੀ।
2. ਲਾਲਾ ਜੀ ਹਰ ਮੁਕੱਦਮੇ ਨੂੰ ਬੜੇ ਗਹੁ ਨਾਲ਼ ਪਰਖਦੇ।
3. ਲਾਲਾ ਜੀ ਆਪ ਵੀ ਇਸ ਕਾਲਜ ਵਿੱਚ ਪੜ੍ਹਾਉਂਦੇ ਸਨ।

ਉਪਰੋਕਤ ਵਾਕਾਂ ਵਿੱਚ ਦੇ, ਦੀ, ਨੂੰ , ਨਾਲ਼, ਵਿੱਚ ਸ਼ਬਦ ਸੰਬੰਧਕ ਹਨ। ਇਸੇ ਤਰ੍ਹਾਂ ਕੁਝ ਹੋਰ ਸੰਬੰਧਕ ਸ਼ਬਦ ਹਨ: ਤੋਂ, ਥੋਂ, ਥੀਂ, ਉੱਪਰ, ਤੱਕ, ਤੋੜੀ, ਤਾਈਂ, ਰਾਹੀਂ, ਲਈ, ਵਾਸਤੇ, ਖ਼ਾਤਰ, ਹੇਠਾਂ, ਨੇੜੇ , ਕੋਲ਼, ਸਹਿਤ, ਪਾਸ, ਦੂਰ, ਸਾਮ੍ਹਣੇ, ਪਰੇ, ਨਜ਼ਦੀਕ, ਬਿਨਾਂ, ਵੱਲ, ਦੁਆਰਾ, ਵਿਚਕਾਰ, ਥੱਲੇ ਆਦਿ।

ਸੰਬੰਧਕ ਦੋ ਪ੍ਰਕਾਰ ਦੇ ਹੁੰਦੇ ਹਨ:

1. ਪੂਰਨ ਸੰਬੰਧਕ
2. ਅਪੂਰਨ ਸੰਬੰਧਕ

1. **ਪੂਰਨ ਸੰਬੰਧਕ :** ਜਿਹੜੇ ਸ਼ਬਦ ਇੱਕਲੇ ਹੀ ਸੰਬੰਧਕ ਦਾ ਕੰਮ ਕਰਨ, ਉਹਨਾਂ ਨੂੰ ਪੂਰਨ ਸੰਬੰਧਕ ਕਿਹਾ ਜਾਂਦਾ ਹੈ, ਜਿਵੇਂ:

   ਲਾਲਾ ਜੀ ਦੇ ਨਾਨਕੇ ਸਿੱਖ-ਧਰਮ ਨੂੰ ਮੰਨਦੇ ਸਨ।

   ਉਕਤ ਵਾਕ 'ਚ 'ਦੇ', 'ਨੂੰ' ਸ਼ਬਦ ਪੂਰਨ ਸੰਬੰਧਕ ਹਨ।

2. **ਅਪੂਰਨ ਸੰਬੰਧਕ :** ਜਿਹੜੇ ਸ਼ਬਦ ਇਕੱਲੇ ਸੰਬੰਧਕ ਦਾ ਕੰਮ ਨਾ ਕਰ ਸਕਣ ਅਤੇ ਪੂਰਨ ਸੰਬੰਧਕ ਨਾਲ਼ ਮਿਲ਼ ਕੇ ਸੰਬੰਧਕ ਬਣਨ, ਉਹਨਾਂ ਨੂੰ ਅਪੂਰਨ ਸੰਬੰਧਕ ਕਿਹਾ ਜਾਂਦਾ ਹੈ, ਜਿਵੇਂ:

   ਮਾਂਡਲਾ ਜੇਲ੍ਹ ਕਲਕੱਤੇ ਤੋਂ ਦੂਰ ਸੀ।

   ਉਕਤ ਵਾਕ 'ਚ 'ਦੂਰ' ਸ਼ਬਦ ਅਪੂਰਨ ਸੰਬੰਧਕ ਹੈ।

**ਵਿਦਿਆਰਥੀਆਂ ਲਈ**

ਲਾਲਾ ਲਾਜਪਤ ਰਾਏ ਜਾਂ ਸ਼ਹੀਦ ਭਗਤ ਸਿੰਘ ਬਾਰੇ ਲੇਖ ਲਿਖੋ।

## ਪਾਠ-18

# ਗਿਠਮੁਠੀਆਂ ਵਾਲ਼ਾ ਖੂਹ

ਨਿੱਕੇ ਜਿਹੇ ਉਸ ਪਿੰਡ ਦਾ ਨਾਂ 'ਖ਼ਵਾਸਪੁਰ' ਸੀ। ਉੱਥੇ ਪੀਣ ਵਾਲ਼ੇ ਪਾਣੀ ਦੀ ਥੁੜ ਸੀ। ਜੇ ਪਿੰਡ ਵਿੱਚ ਇੱਕ ਖੂਹ ਹੋਰ ਹੋਵੇ ਤਾਂ ਪੀਣ ਵਾਲ਼ੇ ਪਾਣੀ ਦੀ ਘਾਟ ਪੂਰੀ ਹੋ ਸਕਦੀ ਸੀ। ਪਿੰਡ ਵਾਲ਼ਿਆਂ ਨੇ ਸ਼ਾਮਲਾਟ ਵਿੱਚ ਖੂਹ ਪੁੱਟਣ ਦਾ ਫ਼ੈਸਲਾ ਕਰ ਲਿਆ।

ਪਿੰਡ ਦੇ ਸਿਆਣਿਆਂ ਨੇ ਰਲ਼ ਕੇ ਖੂਹ ਲਈ ਥਾਂ ਦੀ ਨਿਸ਼ਾਨਦੇਹੀ ਕੀਤੀ। ਉੱਥੇ ਉਹਨਾਂ ਇੱਕ ਗੋਲ਼ਦਾਇਰਾ ਬਣਾ ਦਿੱਤਾ। ਕੁਝ ਲੋਕ ਕਹੀਆਂ ਫੜ ਕੇ ਗੋਲ਼ਦਾਇਰੇ ਦੇ ਅੰਦਰੋਂ ਮਿੱਟੀ ਪੁੱਟਣ ਲੱਗ ਪਏ।

ਉੱਥੇ ਪੁਟਾਈ ਵਾਲ਼ੀ ਥਾਂ ਥੋੜ੍ਹੀ ਸੀ। ਸਾਰੇ ਜਣੇ ਇੱਕੋ ਵੇਲ਼ੇ ਮਿੱਟੀ ਨਹੀਂ ਸਨ ਪੁੱਟ ਸਕਦੇ। ਉਹਨਾਂ ਕੰਮਾਂ ਦੀਆਂ ਵਾਰੀਆਂ ਬੰਨ੍ਹ ਲਈਆਂ। ਇੱਕ ਟੋਲੀ ਮਿੱਟੀ ਪੁੱਟਣ ਲੱਗ ਪਈ। ਦੂਜੀ ਟੋਲੀ ਟੋਕਰੀਆਂ ਵਿੱਚ ਮਿੱਟੀ ਪਾ-ਪਾ ਦੂਰ ਸੁੱਟਣ ਲੱਗ ਪਈ। ਕੁਝ ਲੋਕ ਆਪਣੀ ਵਾਰੀ ਦੀ ਉਡੀਕ ਵਿੱਚ ਰੁੱਖਾਂ ਦੀ ਛਾਂਵੇਂ ਬੈਠ ਗਏ।

ਪੱਧਰੀ ਥਾਂ ਨੇ ਹੌਲ਼ੀ-ਹੌਲ਼ੀ ਟੋਏ ਦਾ ਰੂਪ ਲੈ ਲਿਆ। ਪਹਿਲਾਂ ਪੁੱਟੇ ਜਾ ਰਹੇ ਖੂਹ ਵਿੱਚੋਂ ਸਿਰਫ਼ ਸੁੱਕੀ ਮਿੱਟੀ ਹੀ ਨਿਕਲ਼ੀ। ਫੇਰ ਮਿੱਟੀ ਵਿੱਚ ਸਿੱਲ੍ਹ ਵੀ ਦਿਸਣ ਲੱਗ ਪਈ।

ਇੱਕ ਦਿਨ ਪਿੰਡੋਂ ਇੱਕ ਗੱਡਾ ਆਇਆ। ਗੱਡੇ ਉੱਤੇ ਕੱਟੀਆਂ-ਤਰਾਸ਼ੀਆਂ ਲੱਕੜਾਂ ਲੱਦੀਆਂ ਹੋਈਆਂ ਸਨ। ਗੱਡੇ ਨਾਲ਼ ਕਾਰੀਗਰ ਵੀ ਆਏ। ਕਾਰੀਗਰਾਂ ਨੇ ਉਹਨਾਂ ਲੱਕੜਾਂ ਨੂੰ ਜੋੜ ਕੇ ਇੱਕ ਵੱਡਾ ਸਾਰਾ ਗੋਲ਼ਾਕਾਰ ਪਹੀਆ ਬਣਾ ਦਿੱਤਾ।

ਲੱਕੜ ਦੇ ਉਸ ਗੋਲ਼ ਪਹੀਏ ਦਾ ਨਾਂ ਚੱਕ ਸੀ। ਚੱਕ ਬਹੁਤ ਭਾਰਾ ਸੀ। ਉਹਨਾਂ ਚੱਕ ਨੂੰ ਰੱਸਿਆਂ ਨਾਲ਼ ਬੰਨ੍ਹਿਆ ਤੇ ਧੂਹ ਕੇ ਖੂਹ ਤੱਕ ਲੈ ਆਏ। ਇੱਕ ਸਿਆਣੇ ਨੇ ਟੋਕਿਆ, " ਬਈ ਹਾਲੇ ਖੂਹ ਹੋਰ ਡੂੰਘਾ ਪੁੱਟ ਲਓ। ਪਾਣੀ ਸਿੰਮ ਆਵੇ ਤਾਂ ਹੀ ਚੱਕ ਖੂਹ ਵਿੱਚ ਉਤਾਰਿਓ। "

ਸ਼ਿੱਬੂ ਵਾਗੀ ਨੇ ਖੂਹ ਦੇ ਅੰਦਰ ਝਾਕਿਆ, " ਭਰਾਵੋ ! ਅੰਦਰ ਤਾਂ ਵਾਹਵਾ 'ਨੇਰ੍ਹਾ ਏ। ਮਿੱਟੀ ਧਿਆਨ ਨਾਲ਼ ਪੁੱਟਿਓ। ਇਹੋ-ਜਿਹੇ ਖੂਹਾਂ ਵਿੱਚੋਂ ਕਈ ਵਾਰ ਗਿਠਮੁਠੀਏ ਨਿਕਲ਼ ਆਉਂਦੇ ਹੁੰਦੇ ਨੇ। ਜੇ ਕਿਸੇ ਗਿਠਮੁਠੀਏ ਦੇ ਥਾਂ-ਕੁੱਥਾਂ ਕਹੀ ਲੱਗ ਗਈ ਤਾਂ ਜੀਵ-ਹੱਤਿਆ ਦਾ ਪਾਪ ਲੱਗੂ।" ਉਸ ਵੇਲ਼ੇ ਦੁਪਹਿਰ ਢਲ਼ ਰਹੀ ਸੀ।

ਰੁੱਖਾਂ ਦੇ ਝੁੰਡ ਹੇਠਾਂ ਸਾਰਿਆਂ ਲਈ ਚਾਹ ਬਣ ਰਹੀ ਸੀ। ਧੂੰਆਂ ਉੱਚਾ ਉੱਠ ਰਿਹਾ ਸੀ।

ਝੁੰਡ ਵੱਲੋਂ ਕਿਸੇ ਨੇ ਉੱਚੀ ਅਵਾਜ਼ ਵਿੱਚ ਹੋਕਾ ਦਿੱਤਾ, " ਓ, ਬਈ ਓ ! ਚਾਹ ਤਿਆਰ ਐ।"

ਸਾਰੇ ਚਾਹ ਪੀਣ ਲਈ ਰੁੱਖਾਂ ਦੇ ਝੁੰਡ ਵੱਲ ਤੁਰ ਪਏ। ਬੀਰ੍ਹਾ ਸਕੂਲ ਪੜ੍ਹਨ ਗਿਆ ਹੋਇਆ ਸੀ। ਛੁੱਟੀ ਹੋਈ ਤਾਂ ਉਹ ਸਿੱਧਾ ਸ਼ਾਮਲਾਟ ਵਿੱਚ ਪਹੁੰਚ ਗਿਆ। ਉਹਨੇ ਗਿਠਮੁਠੀਆਂ ਬਾਰੇ ਸੁਣਿਆ ਹੋਇਆ ਸੀ। ਉਹ ਖੂਹ ਵਿੱਚੋਂ ਗਿਠਮੁਠੀਆ ਨਿਕਲ਼ਦਾ ਵੇਖਣਾ ਚਾਹੁੰਦਾ ਸੀ।

ਰੁੱਖਾਂ ਹੇਠ ਵੀ ਗਿਠਮੁਠੀਆਂ ਦੀਆਂ ਗੱਲਾਂ ਛਿੜੀਆਂ ਹੋਈਆਂ ਸਨ।



ਚਾਹ ਦੀ ਘੁੱਟ ਭਰਦਿਆਂ ਸ਼ਿੱਬੂ ਵਾਗੀ ਨੇ ਦੱਸਿਆ, " ਇੱਕ ਗਿੱਠ ਤੇ ਇੱਕ ਮੁੱਠ। ਬੱਸ ਏਨਾ ਕੁ ਲੰਮਾ ਹੀ ਹੁੰਦਾ ਗਿਠਮੁਠੀਆ, ਤਾਂ ਹੀ ਤਾਂ ਉਹਨੂੰ ਗਿਠਮੁਠੀਆ ਕਹਿੰਦੇ ਨੇ। "

ਬਾਬਾ ਲੱਖਾ ਸਿੰਘ ਨੇ ਦੱਸਿਆ, " ਜਦੋਂ ਸਾਡੀ ਪੈਲ਼ੀ ਵਾਲ਼ਾ ਖੂਹ ਪੁੱਟਿਆ ਗਿਆ ਸੀ, ਉਦੋਂ ਉਸ ਖੂਹ ਵਿੱਚੋਂ ਨਿਕਲ਼ਿਆ ਸੀ, ਗਿਠਮੁਠੀਆ। ਬਾਪੂ ਨੇ ਤਾਂ ਨਾਲ਼ ਦੀ ਨਾਲ਼ ਹੀ ਦਬੋਚ ਲਿਆ ਸੀ। ਉਹ ਬਾਹਰ ਦੀ ਹਵਾ ਵਿੱਚ ਹੋਰੂੰ ਜਿਹੇ ਸਾਹ ਲੈਣ ਲੱਗ ਪਿਆ । ਧਰਤੀ ਹੇਠ ਰਹਿਣ ਵਾਲ਼ਾ ਜੀਵ ਜੋ ਸੀ। ਬਾਪੂ ਨੇ ਉਹਨੂੰ ਕੱਪੜਿਆਂ ਵਿੱਚ ਵਲ੍ਹੇਟਿਆ, ਰੂੰ ਦਾ ਤੂੰਬਾ ਦੁੱਧ ਵਿੱਚ ਭਿਓਂ ਕੇ ਉਹਦੇ ਮੂੰਹ ਨੂੰ ਲਾਇਆ। ਉਹਨੇ ਇੱਕ-ਦੋ ਹਿਚਕੀਆਂ ਲਈਆਂ ਤੇ ਰੱਬ ਨੂੰ ਪਿਆਰਾ ਹੋ ਗਿਆ। "

ਸੁੱਚਾ ਸਿੰਘ ਨੂੰ ਗਿਠਮੁਠੀਆਂ ਬਾਰੇ ਗੱਲਾਂ ਬੇਥਵ੍ਹੀਆਂ ਲੱਗ ਰਹੀਆਂ ਸਨ। ਉਹ ਚੁੱਪ ਬੈਠਾ ਚਾਹ ਦੀਆਂ ਘੁੱਟਾਂ ਭਰਦਾ ਰਿਹਾ। ਚਾਹ ਮੁਕਾ ਕੇ ਉਸ ਪੁੱਛਿਆ, "ਬਾਬਾ ! ਫੇਰ ਤਾਂ ਤੂੰ ਵੀ ਗਿਠਮੁਠੀਆ ਵੇਖਿਆ ਹੋਊ ! "

ਬਾਬਾ ਲੱਖਾ ਸਿੰਘ ਨੇ ਸਪਸ਼ਟ ਜਵਾਬ ਦਿੱਤਾ, "ਨਹੀਂ, ਮੈਂ ਗਿਠਮੁਠੀਏ ਕਿੱਥੋਂ ਵੇਖਣੇ ਸੀ ! ਮੇਰੇ ਵੇਲ਼ੇ ਤਾਂ ਬਹੁਤੇ ਖੂਹ ਪੁੱਟੇ ਨਹੀਂ ਗਏ। "

"ਤਾਇਆ ! ਤੂੰ ਵੇਖੇ ਨੇ, ਗਿਠਮੁਠੀਏ ?" ਉਸ ਬਾਬਾ ਕੇਹਰ ਸਿੰਘ ਨੂੰ ਪੁੱਛਿਆ।

"ਨਹੀਂ ਪੁੱਤ ! ਪਰ ਮੈਂ ਏਨਾ ਕੁ ਸੁਣਿਐਂ, ਗਿਠਮੁਠੀਏ ਹਰ ਖੂਹ ਵਿੱਚ ਨਹੀਂ ਹੁੰਦੇ।"

ਚਾਹ ਦਾ ਲੰਮਾ ਘੁੱਟ ਭਰ ਕੇ ਮਿਸਤਰੀ ਮਾਹਣਾ ਸਿੰਘ ਬੋਲਿਆ, " ਸਾਡੇ ਖ਼ਾਨਦਾਨ ਦਾ ਤਾਂ ਵਾਹ-ਵਾਸਤਾ ਹੀ ਖੂਹਾਂ ਦੇ ਕੰਮਾਂ ਨਾਲ਼ ਰਿਹੈ। ਮੇਰਾ ਬਾਪੂ ਦੱਸਦਾ ਹੁੰਦਾ ਸੀ ਕਿ ਉਹਦੇ ਬਾਬੇ ਨੇ ਗਿਠਮੁਠੀਆਂ ਨਾਲ਼ ਗੱਲਾਂ ਵੀ ਕੀਤੀਆਂ ਸਨ। ਵੇਖ ਲਿਓ ਭਾਵੇਂ , ਇਸ ਖੂਹ ਵਿੱਚੋਂ ਵੀ ਗਿਠਮੁਠੀਏ ਨਿਕਲ਼ ਆਉਣੇ ਨੇ। "

ਹਜ਼ੂਰਾ ਸਿੰਘ ਉੱਠ ਕੇ ਖਲੋ ਗਿਆ, "ਚੱਲੋ ਭਰਾਵੋ ! ਉੱਠੋ ਹੁਣ ਗੱਲਾਂ ਵਿੱਚ ਹੀ ਨਾ ਲੱਗੇ ਰਹੀਏ। ਚੱਕ ਨੂੰ ਖੂਹ ਵਿੱਚ ਉਤਾਰਨ ਦੀ ਤਿਆਰੀ ਕਰੀਏ। "

ਉਹ ਸਾਰੇ ਉੱਠ ਕੇ ਖੂਹ ਉੱਤੇ ਆ ਗਏ।

ਬੀਰ੍ਹੇ ਦੀ ਗਿਠਮੁਠੀਏ ਵੇਖਣ ਦੀ ਜਿਗਿਆਸਾ ਹੋਰ ਵਧ ਗਈ।

ਉਹਨਾਂ ਰਲ਼ ਕੇ ਚੱਕ ਨੂੰ ਕੱਚੀ ਲੱਸੀ ਨਾਲ਼ ਇਸ਼ਨਾਨ ਕਰਵਾਇਆ। ਚੱਕ ਦੇ ਚਾਰੇ ਪਾਸੇ ਮੋਟੇ-ਮੋਟੇ ਰੱਸੇ ਪਹਿਲਾਂ ਹੀ ਬੱਝੇ ਹੋਏ ਸਨ। ਰੱਸਿਆਂ ਤੋਂ ਫੜ ਕੇ ਚੱਕ ਨੂੰ ਹੌਲ਼ੀ-ਹੌਲ਼ੀ ਖੂਹ ਵਿੱਚ ਉਤਾਰਦਿਆਂ ਉਹਨਾਂ ਖੂਹ ਦਾ ਪਾਣੀ ਮਿੱਠਾ ਹੋਣ ਦੀ ਕਾਮਨਾ ਕੀਤੀ।

ਮਿਸਤਰੀ ਖੂਹ ਵਿੱਚ ਵੜ ਗਏ ਤੇ ਚੱਕ ਦੇ ਹੇਠਾਂ ਇੱਟਾਂ, ਰੋੜੇ ਰੱਖ ਕੇ ਧਰਾਤਲ ਠੀਕ ਕਰਨ ਲੱਗ ਪਏ।

" ਹੁਣ ਚੱਕ ਬਿਲਕੁਲ ਪੱਧਰ ਉੱਤੇ ਐ, " ਮਿਸਤਰੀ ਮਾਹਣਾ ਸਿੰਘ ਨੇ ਦੱਸਿਆ।

ਚੱਕ ਉੱਤੇ ਇੱਟਾਂ ਦੀ ਚਿਣਾਈ ਸ਼ੁਰੂ ਹੋ ਗਈ। ਬੀਰਾ ਅਗਲੇ ਦਿਨ ਵੀ ਉੱਥੇ ਪਹੁੰਚ ਗਿਆ। ਉਸ ਦਿਨ ਵੀ ਖੂਹ ਵਿੱਚੋਂ ਕੋਈ ਗਿਠਮੁਠੀਆ ਨਹੀਂ ਸੀ ਨਿਕਲ਼ਿਆ। ਬੀਰੇ ਨੇ ਵੇਖਿਆ ਮਿਸਤਰੀਆਂ ਨੇ ਚਿਣਾਈ ਦੇ ਕੁਝ ਗੇੜ ਦੇਣ ਪਿੱਛੋਂ ਚਿਣਾਈ ਬੰਦ ਕਰ ਦਿੱਤੀ ਸੀ। ਮਿਸਤਰੀ ਮਾਹਣਾ ਸਿੰਘ ਨੇ ਕਰੰਡੀ ਨੂੰ ਮਿੱਟੀ ਉੱਤੇ ਰਗੜ ਕੇ ਸਾਫ਼ ਕੀਤਾ, " ਅੱਜ ਏਨਾ ਬਹੁਤ ਐ। ਕੰਧ ਜ਼ਿਆਦਾ ਉੱਚੀ ਕਰਨ ਨਾਲ਼ ਚਿਣਾਈ ਡਿਗਣ ਦਾ ਡਰ ਰਹੂ। "

ਆਖ਼ਰਕਾਰ ਕੁਝ ਦਿਨਾਂ ਵਿੱਚ ਚਿਣਾਈ ਪੂਰੀ ਹੋ ਗਈ। ਕਾਰ-ਸੇਵਾ ਵਾਲ਼ਿਆਂ ਨੇ ਗਾਰ ਕੱਢ-ਕੱਢ ਕੇ ਖੂਹ ਵੀ ਬਹੁਤ ਡੂੰਘਾ ਕਰ ਦਿੱਤਾ। ਪਾਣੀ ਹੌਲ਼ੀ-ਹੌਲ਼ੀ ਖੂਹ ਵਿੱਚ ਭਰਨਾ ਸ਼ੁਰੂ ਹੋ ਗਿਆ। ਮਿਸਤਰੀਆਂ ਨੇ ਖੂਹ ਦੀ ਚਿਣਾਈ ਵੇਲ਼ੇ ਵਿੱਚ-ਵਿੱਚ ਮੋਰੀਆਂ ਵੀ ਰੱਖ ਦਿੱਤੀਆਂ ਸਨ। ਉਹਨਾਂ ਮੋਰੀਆਂ ਵਿਚੋਂ ਵੀ ਪਾਣੀ ਸਿੰਮਣ ਲੱਗ ਪਿਆ।

ਖੂਹ ਦੀ ਕੰਧ ਦੀ ਚਿਣਾਈ ਉਹਨਾਂ ਜ਼ਮੀਨ ਦੇ ਪੱਧਰ ਤੋਂ ਛੇ-ਸੱਤ ਫੁੱਟ ਉੱਚੀ ਰੱਖੀ ਸੀ। ਉਸ ਦਿਨ ਜਦੋਂ ਬੀਰ੍ਹਾ ਉੱਥੇ ਗਿਆ, ਕਾਰ-ਸੇਵਾ ਵਾਲ਼ੇ ਉਸ ਕੰਧ ਉੱਤੇ ਮਿੱਟੀ ਦੀਆਂ ਬੋਰੀਆਂ ਭਰ-ਭਰ ਰੱਖ ਰਹੇ ਸਨ। ਕੰਧ ਦਾ ਉਹ ਪੂਰਾ ਘੇਰਾ ਕੁਝ ਆਪਣੇ ਤੇ ਕੁਝ ਬੋਰੀਆਂ ਦੇ ਭਾਰ ਨਾਲ਼ ਹੌਲ਼ੀ-ਹੌਲ਼ੀ ਜ਼ਮੀਨ ਵਿੱਚ ਧਸ ਜਾਣਾ ਸੀ। ਬੱਸ ਲੁੜੀਂਦੀ ਉਚਾਈ ਤੱਕ ਉਹ ਕੰਧ ਧਰਤੀ ਦੇ ਪੱਧਰ ਤੋਂ ਉੱਪਰ ਰਹਿ ਜਾਣੀ ਸੀ।

ਹੁਣ ਬੀਰ੍ਹਾ ਖੂਹ ਦੇ ਅੰਦਰ ਨਹੀਂ ਸੀ ਝਾਕ ਸਕਦਾ। ਉਹਨੇ ਕੰਧ ਉੱਤੇ ਬੋਰੀਆਂ ਰੱਖਣ ਵਾਲ਼ਿਆਂ ਵਿੱਚੋਂ ਇੱਕ ਜਣੇ ਨੂੰ ਪੁੱਛਿਆ, " ਚਾਚਾ ! ਅੱਜ ਖੂਹ ਵਿੱਚੋਂ ਕੋਈ ਗਿਠਮੁਠੀਆ ਨਿਕਲ਼ਿਆ ਸੀ, ਭਲਾ ? "

ਸੁੱਚਾ ਸਿੰਘ ਨੇ ਕੰਧ ਉੱਤੇ ਮਿੱਟੀ ਦੀ ਭਰੀ ਹੋਈ ਬੋਰੀ ਰੱਖ ਕੇ ਬੀਰ੍ਹੇ ਵੱਲ ਵੇਖਿਆ ਤੇ ਮੁਸਕਰਾਇਆ, "ਨਹੀਂ, ਅੱਜ ਵੀ ਖੂਹ ਵਿੱਚੋਂ ਕੋਈ ਗਿਠਮੁਠੀਆ ਨਹੀਂ ਨਿਕਲ਼ਿਆ। "

ਬੀਰ੍ਹਾ ਉੱਥੇ ਆ ਕੇ ਹਰ ਰੋਜ਼ ਇਹੋ ਸਵਾਲ ਪੁੱਛਦਾ। ਸੁੱਚਾ ਸਿੰਘ ਉਹਨੂੰ ਪਰੇ ਲੈ ਗਿਆ। ਦੋਵੇਂ ਇੱਕ ਰੁੱਖ ਦੀ ਛਾਂ ਹੇਠ ਬੈਠ ਗਏ। ਉਸ ਆਖਿਆ, " ਵੇਖ ਬੀਰ੍ਹੇ, ਗਿਠਮੁਠੀਏ ਨਾਂ ਦਾ ਕੋਈ ਜੀਵ ਨਹੀਂ ਹੁੰਦਾ। ਇਹ ਸਭ ਅਨਪੜ੍ਹਾਂ ਦੀ ਸੋਚ ਐ। "

ਬੀਰ੍ਹੇ ਦਾ ਮਨ ਉਦਾਸ ਹੋ ਗਿਆ।

ਸੁੱਚਾ ਸਿੰਘ ਨੇ ਉਹਦਾ ਮੋਢਾ ਥਾਪੜਿਆ , "ਵੇਖ ਬੀਰ੍ਹੇ ! ਤੂੰ ਧੁੱਪੇ ਖਲੋਤਾ ਰਿਹਾ ਏਂ। ਤੈਨੂੰ ਤੇਹ ਵੀ ਲੱਗੀ ਹੋਊ ਤੇ ਭੁੱਖ ਵੀ। ਤੂੰ ਲੰਗਰ ਤੋਂ ਰੋਟੀ ਖਾਹ। ਚਾਹ ਬਣਨ ਵਾਲ਼ੀ ਐ। ਚਾਹ ਵੀ ਪੀਵੀਂ ਪਰ ਇੱਕ ਗੱਲ ਚੇਤੇ ਰੱਖੀਂ, ਸੱਚ ਆਪ ਲੱਭਣਾ ਪੈਂਦੈ ------ ਤੇ ਤੂੰ ਸੱਚ ਲੱਭ ਲਿਆ ਏ। "

ਬੀਰ੍ਹੇ ਨੇ ਉਲਝਣ ਜਿਹੀ ਵਿੱਚ ਅੱਖਾਂ ਝਮਕੀਆਂ।

ਸੁੱਚਾ ਸਿੰਘ ਹੱਸਿਆ, " ਵੇਖ, ਹੁਣ ਤੂੰ ਇਹ ਵੀ ਜਾਣ ਲਿਆ ਹੈ ਕਿ ਗਿਠਮੁਠੀਆ ਨਾਂ ਦਾ ਜੀਵ ਇੱਕ ਕਲਪਨਾ-ਮਾਤਰ ਹੈ। ਤੈਨੂੰ ਇਹ ਵੀ ਪਤਾ ਲੱਗ ਗਿਆ ਹੈ ਕਿ ਖੂਹ ਕਿਸ ਤਰ੍ਹਾਂ ਹੋਂਦ ਵਿੱਚ ਆਉਂਦੇ ਨੇ। ਇਸ ਤਰ੍ਹਾਂ ਗਿਆਨ ਹਾਸਲ ਕਰਨਾ ਕੋਈ ਨਿੱਕੀ ਗੱਲ ਨਹੀਂ। "

## ਪਾਠ-ਅਭਿਆਸ

**1. ਦੱਸੋ :**

(ੳ) ਪਿੰਡ ਵਾਲ਼ਿਆਂ ਨੇ ਪਾਣੀ ਦੀ ਘਾਟ ਪੂਰੀ ਕਰਨ ਲਈ ਕੀ ਫ਼ੈਸਲਾ ਕੀਤਾ ?

(ਅ) ਪਿੰਡ ਵਾਲ਼ਿਆਂ ਨੇ ਖੂਹ ਕਿਸ ਤਰ੍ਹਾਂ ਬਣਾਇਆ ?

(ੲ) ਲੱਕੜ ਦੇ ਬਣੇ ਗੋਲ਼ ਪਹੀਏ ਦਾ ਕੀ ਨਾਂ ਸੀ ? ਉਹ ਕਿਸ ਕੰਮ ਆਉਂਦਾ ਹੈ ?

(ਸ) ਸ਼ਿੱਬੂ ਵਾਗੀ ਨੇ ਖੂਹ ਅੰਦਰ ਝਾਕ ਕੇ ਕੀ ਕਿਹਾ ?

(ਹ) ਗਿਠਮੁਠੀਆ ਕਿਸ ਨੂੰ ਕਹਿੰਦੇ ਹਨ ? ਬਾਬਾ ਲੱਖਾ ਸਿੰਘ ਨੇ ਗਿਠਮੁਠੀਏ ਬਾਰੇ ਕੀ ਦੱਸਿਆ ?

(ਕ) ਗਿਠਮੁਠੀਆ ਦੇਖਣ ਲਈ ਬੀਰ੍ਹੇ ਦੀ ਜਿਗਿਆਸਾ ਕਿਉਂ ਵਧ ਰਹੀ ਸੀ ?

(ਖ) ਸੁੱਚਾ ਸਿੰਘ ਨੇ ਗਿਠਮੁਠੀਆਂ ਬਾਰੇ ਬੀਰ੍ਹੇ ਨੂੰ ਅਸਲ ਸਚਾਈ ਕੀ ਦੱਸੀ ?

**2. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਥੁੜ | : | ਕਮੀ, ਘਾਟ |
| ਸ਼ਾਮਲਾਟ | : | ਪਿੰਡ ਦੀ ਸਾਂਝੀ ਜ਼ਮੀਨ |
| ਨਿਸ਼ਾਨਦੇਹੀ | : | ਹੱਦਬੰਦੀ, ਜ਼ਮੀਨ 'ਤੇ ਨਿਸ਼ਾਨ ਲਾਉਣ ਦੀ ਪ੍ਰਕਿਰਿਆ |
| ਚੱਕ | : | ਲੱਕੜ ਦਾ ਗੋਲ਼ ਪਹੀਆ ਜਿਸ ਉੱਤੇ ਖੂਹ ਦੀ ਕੰਧ ਉਸਾਰਦੇ ਹਨ। |
| ਕਾਮਨਾ | : | ਇੱਛਿਆ, ਖ਼ਾਹਸ਼ |
| ਧਰਾਤਲ | : | ਪੱਧਰ |

| | | |
|---|---|---|
| ਕਰੰਡੀ | : | ਕਾਂਡੀ |
| ਕਾਰ-ਸੇਵਾ | : | ਸਰੋਵਰ ਆਦਿ ਵਿੱਚੋਂ ਲੋਕਾਂ ਦੁਆਰਾ ਗਾਰਾ ਜਾਂ ਮਿੱਟੀ ਆਦਿ ਕੱਢਣ ਦਾ ਕੰਮ |
| ਦਬੋਚਣਾ | : | ਫੜ ਲੈਣਾ |
| ਬੇਥਵ੍ਹੀਆਂ | : | ਬਿਨਾਂ ਮਤਲਬ ਤੋਂ, ਫ਼ਜ਼ੂਲ |
| ਜਿਗਿਆਸਾ | : | ਜਾਣਨ ਦੀ ਖ਼ਾਹਸ਼ |

**3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

ਸ਼ਾਮਲਾਟ, ਕਲਪਨਾ, ਹਾਸਲ ਕਰਨਾ, ਰੱਬ ਨੂੰ ਪਿਆਰਾ ਹੋਣਾ, ਖ਼ਾਨਦਾਨ

**4. ਹੇਠ ਲਿਖੇ ਸ਼ਬਦ ਕਿਸ ਨੇ , ਕਿਸ ਨੂੰ ਕਹੇ :**

(ੳ) " ਓ, ਬਈ ਓ ! ਚਾਹ ਤਿਆਰ ਐ। "

(ਅ) " ਤਾਇਆ ! ਤੂੰ ਵੇਖੇ ਨੇ, ਗਿਠਮੁਠੀਏ ? "

(ੲ) " ਸੱਚ ਆਪ ਲੱਭਣਾ ਪੈਂਦੈ ......... ਤੇ ਤੂੰ ਸੱਚ ਲੱਭ ਲਿਆ ਏ। "

**ਅਧਿਆਪਕ ਵਿਦਿਆਰਥੀਆਂ ਨੂੰ 'ਖੂਹ ਦਾ ਦ੍ਰਿਸ਼' ਬਾਰੇ ਦੱਸਣ ਅਤੇ ਇਸ ਬਾਰੇ ਦਸ ਸਤਰਾਂ ਲਿਖਣ ਲਈ ਕਹਿਣ।**

ਪਾਠ-19

# ਅਦਭੁਤ ਸੰਸਾਰ



ਦੁਨੀਆ ਦੇ ਵਿੱਚ,
ਜੀਵਾਂ ਦਾ ਏ,
ਅਜਬ ਪਸਾਰਾ।
ਰੁੱਖਾਂ, ਬਿਰਖਾਂ
ਤੇ ਜੰਗਲ਼ਾਂ ਦਾ,
ਅਜਬ ਨਜ਼ਾਰਾ।

ਸਾਗਰ ਹੇਠਾਂ ਵੀ ਨੇ ਜੰਗਲ਼
ਫੁੱਲਾਂ, ਪੱਤਿਆਂ ਜੇਹੇ।
ਅਜਬ ਪ੍ਰਾਣੀ,
ਸਾਗਰ-ਘੋੜੇ,
ਭੋਲ਼ੇ-ਭਾਲ਼ੇ ਸੰਖ, ਕੇਕੜੇ,

ਤਾਰਾ-ਮੱਛੀਆਂ।
ਗਹਿਰੇ 'ਨੇਰ੍ਹੇ।
ਸਾਗਰ ਅੰਦਰ,
ਆਪਣਾ-ਆਪ ਜਗਾ ਕੇ,
ਕਰਨ ਰੋਸ਼ਨੀ,
ਜਗ-ਮਗ, ਜਗ-ਮਗ ਤੈਰਨ,
ਵੇਖੋ ਮੱਛੀਆਂ।

ਟੋਹ-ਸਿੰਗੀਆਂ ਦੇ
ਲਾ ਐਂਟੀਨੇ,
ਗੰਧ-ਸੁਗੰਧ, ਤਰੰਗਾਂ
ਤੇ ਹਰ ਆਹਟ ਫੜਦੇ,
ਇਹਨਾਂ ਜੀਵਾਂ ਦੀਆਂ,
ਏਹੋ ਅੱਖੀਆਂ।
ਤੁਰਦੇ-ਫਿਰਦੇ ਜੰਗਲ਼,
ਬਾਗ਼-ਬਗ਼ੀਚੇ,
ਰੰਗ-ਰੰਗੀਲੇ,
ਪਰ ਜ਼ਹਿਰੀਲੇ।
ਵਿੱਚ-ਵਿੱਚ ਰੰਗ-ਬਰੰਗੀਆਂ,
ਖੇਡਣ ਮੱਛੀਆਂ।

ਰੰਗ ਬਦਲਦਾ ਵੇਖੋ,
'ਅਕਟੂਪਸ' ਕਿਵੇਂ ਆਪਣਾ।
ਪੱਥਰਾਂ ਵਿੱਚ ਪੱਥਰ ਹੋ ਜਾਵੇ,
ਰੂਪ ਵਟਾਵੇ,
ਵਾਹ ! ਅਕਟੂਪਸ ਤੇਰੀਆਂ,
ਇਹ ਜਾਦੂਗਰੀਆਂ।

ਪਰੀ-ਦੇਸ ਤੋਂ ਉੱਤਰੀ,
'ਜੈਲੀਫ਼ਿਸ਼' ਕੋਈ ਤਰਦੀ।
ਪਾਰਦਰਸ਼ੀ ਅਤਿ ਸੋਹਣੀ,
ਤੇ ਬੇਹੱਦ ਵਿਸ਼ੈਲੀ,
ਉੱਡਣ-ਤਸ਼ਤਰੀਆਂ ਸਾਗਰ ਵਿੱਚ,
ਜਿਉਂ ਉੱਤਰੀਆਂ।
ਸਾਗਰ ਅੰਦਰ ਵੇਖੋ,
ਫ਼ੈਸ਼ਨ-ਸ਼ੋਅ ਜੀਵਾਂ ਦਾ।
ਹਰ ਕੋਈ ਸੋਹਣਾ,
ਦਿਸਣਾ ਚਾਹਵੇ।
'ਡਾਲਫਿਨਾਂ' ਜਦ ਲੰਘੀਆਂ,
ਲਹਿਰਾਂ ਉੱਛਲ਼ੀਆਂ।
ਸਾਗਰ ਹੇਠਾਂ,
ਅਜਬ ਨਜ਼ਾਰੇ।
ਕੋਈ ਜਿੱਤੇ,
ਕੋਈ ਹਾਰੇ।
ਸੁੱਚੇ ਮੋਤੀ ਰਚਦੀਆਂ,
ਸੋਹਣੀਆਂ ਸਿੱਪੀਆਂ।

## ਪਾਠ-ਅਭਿਆਸ

**1. ਦੱਸੋ :**

(ੳ) ਸਮੁੰਦਰ ਦੇ ਹੇਠਾਂ ਜੀਵ-ਜੰਤੂਆਂ ਦਾ ਸੰਸਾਰ ਕਿਹੋ-ਜਿਹਾ ਹੈ ?

(ਅ) ਟੋਹ-ਸਿੰਗੀਆਂ ਜੀਵਾਂ ਲਈ ਕਿਵੇਂ ਲਾਹੇਵੰਦ ਹਨ ?

(ੲ) ਅਕਟੂਪਸ ਨਾਂ ਦੇ ਜੀਵ ਦੀ ਕੀ ਵਿਸ਼ੇਸ਼ਤਾ ਹੈ ?

(ਸ) ਜੈਲੀਫ਼ਿਸ਼ ਮੱਛੀ ਕਿਹੋ-ਜਿਹੀ ਹੁੰਦੀ ਹੈ ?

(ਹ) ਡਾਲਫਿਨ ਮੱਛੀਆਂ ਮਨੁੱਖ ਦਾ ਮਨੋਰੰਜਨ ਕਿਵੇਂ ਕਰਦੀਆਂ ਹਨ ?

## 2. ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :

(ੳ) ਦੁਨੀਆ ਦੇ ਵਿੱਚ,

________________________________________

________________________________________

ਅਜਬ ਪਸਾਰਾ।

________________________________________

________________________________________

ਤੇ ਜੰਗਲਾਂ ਦਾ,

________________________________________

________________________________________

(ਅ) ਸਾਗਰ ਹੇਠਾਂ,

________________________________________

________________________________________

ਕੋਈ ਜਿੱਤੇ,

________________________________________

________________________________________

ਸੁੱਚੇ ਮੋਤੀ ਰਚਦੀਆਂ,

________________________________________

________________________________________

## 3. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਸਾਗਰ | : | ਸਮੁੰਦਰ |
| ਅਦਭੁਤ | : | ਅਨੋਖਾ, ਅਜੀਬ |
| ਪਸਾਰਾ | : | ਖਿਲਾਰਾ |
| ਨਜ਼ਾਰਾ | : | ਦ੍ਰਿਸ਼ |
| ਪ੍ਰਾਣੀ | : | ਜੀਵ, ਜੰਤੂ |
| ਆਹਟ | : | ਅਵਾਜ਼, ਖੜਕਾ |
| ਪਾਰਦਰਸ਼ੀ | : | ਆਰ-ਪਾਰ ਦਿਸਣ ਵਾਲ਼ੀ |
| ਵਿਸ਼ੈਲੀ | : | ਜ਼ਹਿਰੀਲੀ |

| | | |
|---|---|---|
| ਉੱਡਣ-ਤਸ਼ਤਰੀ | : | ਕੋਈ ਅਨਜਾਣ ਉੱਡਦੀ ਸ਼ੈ |
| ਗਹਿਰੇ | : | ਡੂੰਘੇ |
| ਟੋਹ-ਸਿੰਗੀਆਂ | : | ਛੂਹਣ ਨਾਲ਼ ਆਲ਼ੇ-ਦੁਆਲ਼ੇ ਨੂੰ ਪਰਖਣ ਵਾਲ਼ੇ ਅੰਗ |
| ਐਂਟੀਨੇ | : | ਤਰੰਗਾਂ ਫੜਨ ਵਾਲ਼ੇ ਯੰਤਰ |

4. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਅਜਬ, ਰੋਸ਼ਨੀ, ਰੰਗ-ਬਰੰਗੀਆਂ, ਜਾਦੂਗਰੀਆਂ, ਫ਼ੈਸ਼ਨ-ਸ਼ੋਅ, ਲਹਿਰਾਂ, ਬਾਗ਼-ਬਗ਼ੀਚੇ

**ਅਧਿਆਪਕ ਲਈ :**

**ਵਿਦਿਆਰਥੀਆਂ ਨੂੰ ਸਮੁੰਦਰ ਸੰਬੰਧੀ ਹੋਰ ਜਾਣਕਾਰੀ ਪ੍ਰਦਾਨ ਕਰਨ ਲਈ ਕਿਸੇ ਚੈਨਲ/ਪ੍ਰੋਗ੍ਰਾਮ/ਪੁਸਤਕ/ ਫ਼ਿਲਮ ਬਾਰੇ ਦੱਸਿਆ ਜਾਵੇ।**

ਪਾਠ - 20

# ਸੱਤ ਡਾਕਟਰ

ਸੁਖਜੋਤ ਨੇ ਟੈਲੀਵੀਜ਼ਨ ਚਲਾਇਆ ਤਾਂ 'ਧਰਤੀ ਸਾਡਾ ਘਰ' ਨਾਂ ਦਾ ਪ੍ਰੋਗ੍ਰਾਮ ਆ ਰਿਹਾ ਸੀ। ਉਸ ਨੂੰ ਇਹ ਨਾਂ ਦਿਲਚਸਪ ਲੱਗਿਆ। ਉਹ ਇਸ ਨੂੰ ਦੇਖਣ ਲਈ ਟਿਕ ਕੇ ਬੈਠ ਗਿਆ। ਇੱਕ ਆਦਮੀ ਧਰਤੀ ਦੇ ਗਰਮ ਹੁੰਦੇ ਜਾਣ ਬਾਰੇ ਦੱਸ ਰਿਹਾ ਸੀ। ਉਹ ਆਖ ਰਿਹਾ ਸੀ ਕਿ ਸਾਡੀ ਸਾਰੀ ਧਰਤੀ ਹੌਲ਼ੀ-ਹੌਲ਼ੀ ਗਰਮ ਹੁੰਦੀ ਜਾ ਰਹੀ ਹੈ।

ਸੁਖਜੋਤ ਨੂੰ ਡਰ ਲੱਗਿਆ। ਜੇ ਧਰਤੀ ਗਰਮ ਹੋ ਗਈ ਤਾਂ ਇਸ ਉੱਤੇ ਰਹਾਂਗੇ ਕਿਵੇਂ ? ਇਸ ਉੱਤੇ ਤੁਰਾਂਗੇ ਕਿਵੇਂ ? ਜੇ ਕਦੀ ਗਰਮੀਆਂ ਦੀ ਰੁੱਤ ਵਿੱਚ ਉਸ ਦੇ ਨੰਗੇ ਪੈਰ ਧੁੱਪ ਵਿੱਚ ਟਿਕ ਜਾਂਦੇ, ਉਹ ਮੱਚਣ ਲੱਗਦੇ। ਉਹ ਭੱਜ ਕੇ ਛਾਂਵੇਂ ਹੋ ਜਾਂਦਾ। ਹੁਣ ਉਹ ਆਦਮੀ ਹੋਰ ਹੀ ਗੱਲ ਦੱਸ ਰਿਹਾ ਸੀ। ਕੀ ਧੁੱਪ, ਕੀ ਛਾਂ, ਸਾਰੀ ਹੀ ਧਰਤੀ ਗਰਮ ਹੋ ਰਹੀ ਸੀ। ਉਸ ਨੇ ਡਰ ਕੇ ਭੁੰਜੇ ਹੱਥ ਲਾਇਆ। ਧਰਤੀ ਅਜੇ ਠੀਕ ਹੀ ਸੀ। ਉਸ ਨੇ ਜਾਣਨਾ ਚਾਹਿਆ, ਇਹ ਕਦੋਂ ਅਤੇ ਕਿਵੇਂ ਗਰਮ ਹੋਵੇਗੀ ? ਉਹ ਇਹ ਵੀ ਦੇਖਣਾ ਚਾਹੁੰਦਾ ਸੀ ਕਿ ਮਨੁੱਖ ਕੀ ਕਰੇਗਾ ? ਕੀ ਉਹ ਆਦਮੀ ਇਹ ਵੀ ਦੱਸੇਗਾ ਕਿ ਧਰਤੀ ਨੂੰ ਗਰਮ ਹੋਣ ਤੋਂ ਕਿਵੇਂ ਰੋਕਿਆ ਜਾਵੇ ?

ਸੁਖਜੋਤ ਟੈਲੀਵੀਜ਼ਨ ਦਾ ਇਹ ਚੈਨਲ ਕੁਝ ਹੀ ਦਿਨਾਂ ਤੋਂ ਦੇਖਣ ਲੱਗਿਆ ਸੀ। ਪਹਿਲਾਂ ਉਹ ਛੋਟੇ ਬੱਚਿਆਂ ਵਾਲ਼ੇ ਚੈਨਲ ਦੇਖਿਆ ਕਰਦਾ ਸੀ। ਉਹਨੂੰ ਉਹਨਾਂ ਚੈਨਲਾਂ ਦੇ ਪਾਤਰ ਹੋਰ-ਹੋਰ ਜਿਹੇ ਲੱਗਦੇ। ਉਹਨਾਂ ਦੇ ਸੁਭਾਅ ਸੁਖਜੋਤ ਅਤੇ ਉਹਦੇ ਹਾਣੀਆਂ ਵਰਗੇ ਨਹੀਂ ਸਨ। ਉਹਨਾਂ ਦੀਆਂ ਆਦਤਾਂ ਵੀ ਵੱਖਰੀਆਂ ਸਨ। ਬਹੁਤੀਆਂ ਕਹਾਣੀਆਂ ਵੀ ਉਹਨੂੰ ਓਪਰੀਆਂ ਜਿਹੀਆਂ ਲੱਗਦੀਆਂ। ਉਹ ਵਾਰ-ਵਾਰ ਦੁਹਰਾਈਆਂ ਵੀ ਜਾਂਦੀਆਂ ਰਹਿੰਦੀਆਂ। ਇਸ ਚੈਨਲ ਬਾਰੇ ਉਹਨੂੰ ਗਿਆਨ ਨੇ ਦੱਸਿਆ ਸੀ। ਉਹ ਸੁਖਜੋਤ ਦਾ ਮਿੱਤਰ ਵੀ ਸੀ ਅਤੇ ਜਮਾਤੀ ਵੀ। ਉਹ ਹਰੇਕ ਪਰੀਖਿਆ ਵਿੱਚ ਸਭ ਤੋਂ ਬਹੁਤੇ ਅੰਕ ਲੈਂਦਾ ਸੀ। ਜਦੋਂ ਸੁਖਜੋਤ ਨੇ ਇਹ ਚੈਨਲ ਦੇਖਣਾ ਸ਼ੁਰੂ ਕੀਤਾ ਤਾਂ ਉਸ ਨੂੰ ਆਪਣੇ ਮਿੱਤਰ ਗਿਆਨ ਦੀ ਗੱਲ ਸੱਚੀ ਲੱਗੀ। ਇਸ ਨੂੰ ਦੇਖ ਕੇ ਨਵੀਂਆਂ-ਨਵੀਂਆਂ ਗੱਲਾਂ ਦਾ ਪਤਾ ਲੱਗਦਾ ਸੀ। ਸੁਖਜੋਤ ਨੇ ਸੋਚਿਆ ਕਿ ਗਿਆਨ ਦੇ ਹਰ ਜਮਾਤ ਵਿੱਚੋਂ ਅੱਵਲ ਆਉਣ ਦਾ ਇੱਕ ਕਾਰਨ ਜ਼ਰੂਰ ਇਹ ਚੈਨਲ ਹੈ।

ਟੈਲੀਵੀਜ਼ਨ ਉੱਤੇ ਜਾਣਕਾਰੀ ਦੇਣ ਵਾਲ਼ਾ ਆਦਮੀ ਧਰਤੀ ਅਤੇ ਬਿਰਖਾਂ ਦੇ ਸੰਬੰਧ ਬਾਰੇ ਦੱਸ ਰਿਹਾ ਸੀ ਕਿ ਮਨੁੱਖ ਬਿਰਖਾਂ ਨੂੰ ਅੰਨ੍ਹੇਵਾਹ ਕੱਟ ਰਿਹਾ ਹੈ। ਬਿਰਖਾਂ ਨੂੰ ਮਕਾਨ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਉਹਨਾਂ ਨੂੰ ਘਰਾਂ ਵਿੱਚ ਕੰਮ ਆਉਣ ਵਾਲ਼ੀਆਂ ਚੀਜ਼ਾਂ , ਮੇਜ਼, ਕੁਰਸੀਆਂ, ਅਲਮਾਰੀਆਂ ਆਦਿ ਬਣਾਉਣ ਲਈ ਕੱਟਿਆ ਜਾ ਰਿਹਾ ਹੈ। ਬਿਰਖਾਂ ਨੂੰ ਕਾਗ਼ਜ਼ ਤੇ ਹੋਰ ਅਨੇਕ ਚੀਜ਼ਾਂ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਮਾੜੀ ਗੱਲ ਇਹ ਹੈ ਕਿ ਬਿਰਖ ਜਿੰਨੇ ਵੱਢੇ ਜਾ ਰਹੇ ਹਨ, ਓਨੇ ਲਾਏ ਨਹੀਂ ਜਾ ਰਹੇ।

ਉਹ ਆਦਮੀ ਵੱਡੀਆਂ-ਵੱਡੀਆਂ ਗਿਣਤੀਆਂ-ਮਿਣਤੀਆਂ ਦੱਸ ਰਿਹਾ ਸੀ। ਕਿੰਨੇ ਕਰੋੜ ਬਿਰਖ ਹਰ ਸਾਲ ਵੱਢੇ ਜਾ ਰਹੇ ਸਨ। ਕਿੰਨੇ ਹਜ਼ਾਰ ਏਕੜ ਜੰਗਲ਼ ਹਰ ਸਾਲ ਘਟਦੇ ਜਾ ਰਹੇ ਸਨ। ਸੁਖਜੋਤ ਨੂੰ ਦਾਦਾ ਜੀ ਦੀ ਗੱਲ

ਯਾਦ ਆਈ। ਉਹ ਆਪਣੇ ਬਾਲਪਣ ਦੀਆਂ ਗੱਲਾਂ ਦੱਸਿਆ ਕਰਦੇ ਸਨ ਕਿ ਹਰ ਕਿਰਸਾਣ ਦੇ ਖੇਤ ਦਾ ਇੱਕ ਹਿੱਸਾ ਬਣ ਹੁੰਦਾ ਸੀ। ਉੱਥੇ ਉਸ ਦੇ ਪਸ਼ੂ ਚਰਦੇ ਸਨ। ਉੱਥੋਂ ਉਹ ਬਾਲਣ ਵੀ ਲੈਂਦਾ ਸੀ ਪਰ ਉੱਥੇ ਨਵੇਂ ਬਿਰਖ ਵੀ ਉੱਗਦੇ ਰਹਿੰਦੇ ਸਨ। ਹੌਲ਼ੀ-ਹੌਲ਼ੀ ਅਜਿਹੇ ਬਣਾਂ ਵਾਲ਼ੀ ਸਾਰੀ ਧਰਤੀ ਵਿੱਚ ਖੇਤੀ ਹੋਣ ਲੱਗ ਪਈ।

ਸੁਖਜੋਤ ਦਾ ਰਹਿਣ ਵਾਲ਼ਾ ਘਰ ਵਧੀਆ ਅਤੇ ਪੱਕਾ ਸੀ। ਸਾਮ੍ਹਣੇ ਉਹਨਾਂ ਦਾ ਦੂਜਾ ਘਰ ਸੀ। ਉੱਥੇ ਪਸ਼ੂ-ਡੰਗਰ ਹੁੰਦੇ ਸਨ। ਉੱਥੇ ਹੀ ਤੂੜੀ-ਤੰਦ ਹੁੰਦਾ। ਗਰਮੀਆਂ ਦੇ ਦਿਨਾਂ ਵਿੱਚ ਪਸ਼ੂ ਬਰਾਂਡੇ ਵਿੱਚ ਬੱਝਦੇ। ਸਿਆਲ਼ ਦੀਆਂ ਰਾਤਾਂ ਨੂੰ ਉਹ ਕੋਠੜੇ ਵਿੱਚ ਹੁੰਦੇ। ਗਰਮੀਆਂ ਦੀਆਂ ਰਾਤਾਂ ਨੂੰ ਅਤੇ ਸਰਦੀਆਂ ਦੇ ਧੁਪੀਲੇ ਦਿਨਾਂ ਨੂੰ ਪਸ਼ੂ ਬੰਨ੍ਹਣ ਲਈ ਬਹੁਤ ਵੱਡਾ ਵਿਹੜਾ ਸੀ। ਇਸ ਵਿਹੜੇ ਵਿੱਚ ਕਈ ਵੱਢੇ ਹੋਏ ਬਿਰਖ ਵੀ ਪਏ ਸਨ। ਸੁਖਜੋਤ ਨੇ ਸੋਚਿਆ, ਕਿੰਨੇ ਬਿਰਖ ਤਾਂ ਲੋਕ ਇਉਂ ਹੀ ਵੱਢ ਲੈਂਦੇ ਹਨ। ਉਸ ਨੂੰ ਦਾਦਾ ਜੀ ਬੜੇ ਸਿਆਣੇ ਲੱਗੇ। ਉਹ ਜਦੋਂ ਕਿਸੇ ਲੋੜ ਲਈ ਖੇਤਾਂ ਵਿੱਚੋਂ ਇੱਕ ਬਿਰਖ ਵੱਢਦੇ ਸਨ ਤਾਂ ਦੋ ਨਵੇਂ ਲਾ ਦਿੰਦੇ ਸਨ। ਸਾਰੇ ਲੋਕ ਇਉਂ ਕਿਉਂ ਨਹੀਂ ਕਰਦੇ ?

ਟੈਲੀਵੀਜ਼ਨ ਵਾਲ਼ਾ ਆਦਮੀ ਦੱਸ ਰਿਹਾ ਸੀ ਕਿ ਧਰਤੀ ਦੇ ਗਰਮ ਹੋਣ ਦੇ ਕਈ ਕਾਰਨ ਹਨ— ਮਸ਼ੀਨਾਂ ਚੱਲਦੀਆਂ ਹਨ, ਮੋਟਰ-ਗੱਡੀਆਂ ਚੱਲਦੀਆਂ ਹਨ, ਕਾਰਖ਼ਾਨੇ ਚੱਲਦੇ ਹਨ ਤੇ ਭੱਠੀਆਂ ਵਿੱਚ ਕੋਲਾ ਮੱਚਦਾ ਹੈ। ਇਹ ਸਭ ਗੈਸਾਂ ਹਵਾ ਵਿੱਚ ਰਲ਼ਦੀਆਂ ਰਹਿੰਦੀਆਂ ਹਨ। ਹਵਾ ਗੰਦੀ ਹੁੰਦੀ ਜਾਂਦੀ ਹੈ। ਉਸ ਦਾ ਤਾਪਮਾਨ ਵਧਦਾ ਹੈ। ਇਸ ਨੁਕਸਾਨ ਨੂੰ ਬਿਰਖ ਠੀਕ ਕਰਦੇ ਹਨ। ਪਰ ਬਿਰਖ ਕੱਟੇ ਜਾ ਰਹੇ ਹਨ। ਸੁਖਜੋਤ ਨੇ ਪੜ੍ਹਿਆ ਸੀ ਕਿ ਬਿਰਖ ਕਾਰਬਨ-ਡਾਇਆਕਸਾਈਡ ਖਾਂਦੇ ਹਨ ਅਤੇ ਆਕਸੀਜਨ ਗੈਸ ਛੱਡਦੇ ਹਨ ਪਰ ਉਹਨੇ ਇਸ ਨੂੰ ਏਨੀ ਵੱਡੀ ਗੱਲ ਨਹੀਂ ਸੀ ਜਾਣਿਆ। ਹੁਣ ਉਹਨੂੰ ਪਤਾ ਲੱਗਿਆ ਕਿ ਹਰ ਇੱਕ ਬਿਰਖ ਹਾਨੀਕਾਰਕ ਕਾਰਬਨ-ਡਾਇਆਕਸਾਈਡ ਗੈਸ ਖਿੱਚ ਕੇ ਲਾਭਦਾਇਕ ਆਕਸੀਜਨ ਗੈਸ ਕਿੰਨੀ ਵੱਡੀ ਮਾਤਰਾ ਵਿੱਚ ਸਾਨੂੰ ਦਿੰਦਾ ਹੈ , ਨਾਲ਼ ਹੀ ਤਾਪਮਾਨ ਵੀ ਘਟਦਾ ਹੈ।

ਉਸ ਨੂੰ ਹਰਮੀਤੀ ਦੇ ਘਰ ਹੋਈ ਇੱਕ ਗੱਲ ਯਾਦ ਆਈ। ਗੱਲ ਕਾਫ਼ੀ ਸਮਾਂ ਪਹਿਲਾਂ ਦੀ ਸੀ ਪਰ ਉਸ ਦੇ ਅਰਥ ਹੁਣ ਸਮਝ ਆਏ ਸਨ। ਉਹ ਦੋਵੇਂ ਹਰਮੀਤੀ ਦੇ ਘਰ ਬਰਾਂਡੇ ਵਿੱਚ ਬੈਠੇ ਸਕੂਲ ਦਾ ਕੰਮ ਕਰ ਰਹੇ ਸਨ। ਹਰਮੀਤੀ ਦੇ ਘਰ ਦਾ ਅਗਲਾ ਵਿਹੜਾ ਵੱਡਾ ਸੀ। ਉਸ ਵਿੱਚ ਉਹਨਾਂ ਨੇ ਫੁੱਲ-ਫਲ਼ ਦੇਣ ਵਾਲ਼ੇ ਕਈ ਬਿਰਖ-ਬੂਟੇ ਲਾਏ ਹੋਏ ਸਨ। ਉਹਨਾਂ ਦੇ ਘਰ ਇੱਕ ਮਹਿਮਾਨ ਆਇਆ। ਉਹ ਹਰਮੀਤੀ ਦੇ ਪਿਤਾ ਜੀ ਦਾ ਦੋਸਤ ਸੀ। ਉਹ ਡਾਕਟਰ ਸੀ। ਉਹ ਕਿਤੇ ਪਰਦੇਸ ਵਿੱਚ ਰਹਿੰਦਾ ਸੀ। ਜਦੋਂ ਉਹ ਪਹਿਲੀ ਵਾਰ ਇਹਨਾਂ ਦੇ ਘਰ ਆਇਆ ਤਾਂ ਉਹ ਅੰਦਰ ਜਾਣ ਦੀ ਥਾਂ ਵਿਹੜੇ ਵਿੱਚ ਹੀ ਰੁਕ ਗਿਆ। ਉਹ ਬਿਰਖ-ਬੂਟੇ ਦੇਖਣ ਲੱਗ ਪਿਆ। ਉਸ ਨੂੰ ਖਲੋਤਾ ਦੇਖ ਕੇ ਹਰਮੀਤੀ ਦੇ ਪਿਤਾ ਜੀ ਵੀ ਉੱਥੇ ਹੀ ਖਲੋ ਗਏ । ਹਰਮੀਤੀ ਅਤੇ ਸੁਖਜੋਤ ਨੇ ਵੀ ਕੋਲ਼ ਜਾ ਕੇ ਆਦਰ ਨਾਲ਼ ਹੱਥ ਜੋੜੇ। ਮਹਿਮਾਨ ਨੇ ਪਿਆਰ ਨਾਲ਼ ਉਹਨਾਂ ਦੇ ਸਿਰ ਪਲੋਸੇ। ਫੇਰ ਉਹ ਓਨੇ ਹੀ ਪਿਆਰ ਨਾਲ਼ ਬੂਟਿਆਂ ਨੂੰ ਪਲੋਸਣ ਲੱਗਿਆ। ਉਹ ਬੋਲਿਆ, "ਤੁਸੀਂ ਬਹੁਤ ਸਿਆਣੇ ਹੋ। ਤੁਸੀਂ ਬਹੁਤ ਚੰਗਾ ਕੰਮ ਕੀਤਾ ਹੈ। ਤੁਸੀਂ ਘਰ ਵਿੱਚ ਬਿਰਖ-ਬੂਟੇ ਲਾਏ ਹੋਏ ਹਨ। ਤੁਹਾਡਾ ਪਰਿਵਾਰ ਜਿੰਨੀ ਕਾਰਬਨ-ਡਾਇਆਕਸਾਈਡ ਸਾਹ ਨਾਲ਼ ਪੈਦਾ ਕਰਦਾ ਹੈ, ਇਹ ਉਹਨੂੰ ਖ਼ਤਮ ਕਰਕੇ ਓਨੀ ਆਕਸੀਜਨ ਛੱਡ ਦਿੰਦੇ ਹਨ। ਤੁਸੀਂ ਦੁਨੀਆਂ ਦੀਆਂ ਮਾੜੀਆਂ ਗੈਸਾਂ ਵਿੱਚ ਵਾਧਾ ਨਹੀਂ ਕਰਦੇ। ਤੁਹਾਡੇ ਵਰਗੇ ਲੋਕਾਂ ਤੋਂ ਉਹਨਾਂ ਨੂੰ ਸਿੱਖਿਆ ਲੈਣੀ ਚਾਹੀਦੀ ਹੈ ਜੋ ਬਿਰਖ-ਬੂਟੇ ਨਹੀਂ ਲਾਉਂਦੇ। "

ਸੁਖਜੋਤ ਨੂੰ ਉਸ ਦਿਨ ਇਹ ਗੱਲ ਸਮਝ ਨਹੀਂ ਸੀ ਆਈ। ਟੈਲੀਵੀਜ਼ਨ ਦੇਖ ਕੇ ਹੁਣ ਉਸ ਨੂੰ ਉਸ ਗੱਲ ਦੇ ਪੂਰੇ ਅਰਥ ਸਮਝ ਆ ਗਏ। ਟੈਲੀਵੀਜ਼ਨ ਵਾਲ਼ਾ ਆਦਮੀ ਤਾਂ ਹੁਣ ਹੋਰ ਵੀ ਡਰਾਉਣੀ ਗੱਲ ਦੱਸ ਰਿਹਾ ਸੀ ਕਿ ਜੇ ਮਨੁੱਖ ਨੇ ਧਰਤੀ ਦਾ ਗਰਮ ਹੋਣਾ ਨਾ ਰੋਕਿਆ ਤਾਂ ਧਰੁਵਾਂ ਦੀ ਬਰਫ਼ ਪੱਘਰਨ ਲੱਗੇਗੀ। ਸਮੁੰਦਰਾਂ ਵਿੱਚ ਪਾਣੀ ਉੱਚਾ ਹੋ ਜਾਵੇਗਾ। ਸ਼ਹਿਰ ਤੇ ਪਿੰਡ ਡੁੱਬਣ ਲੱਗਣਗੇ। ਇਉਂ ਧਰਤੀ ਦੇ ਮਨੁੱਖਾਂ ਅਤੇ ਹੋਰ ਜੀਵ-ਜੰਤੂਆਂ ਦੇ ਅੰਤ ਦਾ ਮੁੱਢ ਬੱਝ ਜਾਵੇਗਾ। ਅੰਤ ਵਿੱਚ ਉਸ ਆਦਮੀ ਨੇ ਆਖਿਆ ਕਿ ਸਭ ਮਨੁੱਖਾਂ ਨੂੰ ਇਹੋ-ਜਿਹੇ ਹਾਲਾਤ ਰੋਕਣ ਲਈ ਜਤਨ ਕਰਨੇ ਚਾਹੀਦੇ ਹਨ। ਸੁਖਜੋਤ ਨੂੰ ਬਹੁਤ ਡਰ ਲੱਗਿਆ। ਕੀ ਉਹਨਾਂ ਦਾ ਪਿੰਡ ਵੀ ਡੁੱਬ ਜਾਵੇਗਾ ? ਫੇਰ ਉਸ ਆਦਮੀ ਨੇ ਇੱਕ ਅਜਿਹੀ ਗੱਲ ਕਹੀ, ਜਿਵੇਂ ਉਹ ਸੁਖਜੋਤ ਦਾ ਡਰ ਜਾਣ ਗਿਆ ਹੋਵੇ। ਉਹ ਬੋਲਿਆ, "ਡਰਨ ਨਾਲ਼ ਕੁਝ ਨਹੀਂ ਸੌਰਨਾ। ਹਿੰਮਤ ਕਰਨ ਦੀ ਲੋੜ ਹੈ। ਇੰਜਣਾਂ ਤੇ ਕਾਰਖ਼ਾਨਿਆਂ ਆਦਿ ਦੀਆਂ ਗੱਲਾਂ ਤਾਂ ਆਮ ਆਦਮੀ ਦੇ ਵੱਸ ਵਿੱਚ ਨਹੀਂ। ਬਿਰਖ ਲਾਉਣੇ ਤਾਂ ਹਰ ਕਿਸੇ ਲਈ ਸੰਭਵ ਹਨ।"

ਸੁਖਜੋਤ ਦਾ ਧਿਆਨ ਖੇਤ ਵਾਲ਼ੇ ਨਿੰਮ ਵੱਲ ਚਲਿਆ ਗਿਆ। ਪੱਕ ਕੇ ਡਿਗੀਆਂ ਉਹਦੀਆਂ ਨਿਮੋਲ਼ੀਆਂ ਮੀਂਹ ਦੀ ਰੁੱਤ ਆਉਣ ਨਾਲ਼ ਉੱਗ ਪਈਆਂ ਸਨ। ਹੁਣ ਨਿੰਮ ਹੇਠ ਕਿੰਨੇ ਹੀ ਛੋਟੇ-ਛੋਟੇ ਨਿੰਮ ਉੱਗੇ ਹੋਏ ਸਨ। ਇਹ ਹਰ ਸਾਲ ਹੀ ਉੱਗਦੇ ਸਨ ਤੇ ਹਰ ਸਾਲ ਹੀ ਮਰ-ਮੁੱਕ ਜਾਂਦੇ ਸਨ।

ਉਸ ਨੇ ਟੈਲੀਵੀਜ਼ਨ ਬੰਦ ਕੀਤਾ। ਉਹ ਖੇਤ ਵੱਲ ਤੁਰ ਪਿਆ। ਉਸ ਦੇ ਇੱਕ ਹੱਥ ਵਿੱਚ ਖੁਰਪੀ ਸੀ ਅਤੇ ਦੂਜੇ ਹੱਥ ਵਿੱਚ ਛੋਟੀ ਜਿਹੀ ਟੋਕਰੀ। ਉਹਨੇ ਛੋਟੇ-ਛੋਟੇ ਸੱਤ ਨਿੰਮਾਂ ਦੀਆਂ ਚੱਕਲ਼ੀਆਂ ਕੱਢ ਲਈਆਂ। ਪਰਿਵਾਰ ਵਿੱਚ ਦਾਦਾ ਜੀ, ਦਾਦੀ ਜੀ, ਪਿਤਾ ਜੀ, ਮਾਤਾ ਜੀ, ਉਹ ਆਪ ਅਤੇ ਉਸ ਦੀ ਛੋਟੀ ਭੈਣ ਸੁਖਜੋਤੀ ਸੀ। ਛੇ ਨਿੰਮ ਇਹਨਾਂ ਛਿਆਂ ਲਈ ਸਨ। ਸੱਤਵਾਂ ਨਿੰਮ ਉਸ ਨੇ ਵਾਧੂ ਲੈ ਲਿਆ। ਉਸ ਸੋਚਿਆ ਜਦੋਂ ਕੋਈ ਮਹਿਮਾਨ ਆਉਣਗੇ, ਇਹ ਉਹਨਾਂ ਦੀ ਕਾਰਬਨ-ਡਾਇਆਕਸਾਈਡ ਨੂੰ ਸਾਫ਼ ਕਰਕੇ ਆਕਸੀਜਨ ਵਿੱਚ ਬਦਲੇਗਾ। ਉਹ ਆਪਣੀ ਗੱਲ ਉੱਤੇ ਆਪ ਹੀ ਹੱਸ ਪਿਆ।

ਉਹ ਘਰ ਆਇਆ ਤਾਂ ਦਾਦਾ ਜੀ ਪਸ਼ੂਆਂ ਵਾਲ਼ੇ ਘਰ ਹੀ ਸਨ। ਉਹ ਬੋਲਿਆ, " ਦਾਦਾ ਜੀ, ਆਪਾਂ ਇਹ ਸੱਤ ਨਿੰਮ ਇਸ ਵੱਡੇ ਵਿਹੜੇ ਵਿੱਚ ਲਾਉਣੇ ਹਨ।"

ਦਾਦਾ ਜੀ ਨੇ ਟੋਕਰੀ ਵੱਲ ਦੇਖਿਆ। ਉਹ ਹੈਰਾਨ ਹੋਏ, " ਇਹ ਤੂੰ ਕਿੱਥੋਂ ਖੁੱਗ ਲਿਆਇਆ ? ਇੱਥੇ ਕੀ ਲੋੜ ਹੈ, ਇਹਨਾਂ ਦੀ ? ਪਸ਼ੂਆਂ ਦੀ ਛਾਂ ਲਈ ਬਰਾਂਡਾ ਹੈ।"

ਸੁਖਜੋਤ ਨੇ ਦੱਸਿਆ, " ਦਾਦਾ ਜੀ, ਬਿਰਖ ਬੱਸ ਛਾਂ ਤੇ ਬਾਲਣ ਹੀ ਨਹੀਂ ਦਿੰਦੇ, ਇਹ ਹਵਾ ਨੂੰ ਵੀ ਸਾਫ਼ ਅਤੇ ਠੰਢੀ ਕਰਦੇ ਹਨ। ਸਾਫ਼ ਹਵਾ ਸਾਡੇ ਲਈ ਬਹੁਤ ਜ਼ਰੂਰੀ ਹੈ। ਜੇ ਹਵਾ ਨਾਲ਼ੋ-ਨਾਲ਼ੋ ਸਾਫ਼ ਨਾ ਕੀਤੀ ਗਈ ਤਾਂ ਸਭ ਕੁਝ ਨਸ਼ਟ ਹੋ ਜਾਵੇਗਾ। ਇਹ ਨਿੰਮ ਆਪਣੇ ਪਰਿਵਾਰ ਦੇ ਤੇ ਆਪਣੇ ਪਸ਼ੂਆਂ ਦੇ ਸਾਹ ਨਾਲ਼ ਗੰਦੀ ਹਵਾ ਨੂੰ ਸਾਫ਼ ਕਰਨਗੇ।"

ਦਾਦਾ ਜੀ ਖ਼ੁਸ਼ ਹੋ ਗਏ। ਉਹਨਾਂ ਨੇ ਸੁਖਜੋਤ ਨੂੰ ਚੁੱਕ ਕੇ ਹਿੱਕ ਨਾਲ਼ ਲਾ ਲਿਆ। ਉਹ ਬੋਲੇ, "ਵਾਹ ! ਬਈ ਵਾਹ ! ਮੇਰਾ ਬੱਚਾ ਕਿੰਨਾ ਸਿਆਣਾ ਹੋ ਗਿਆ ਹੈ ! ਤੂੰ ਤਾਂ ਬਈ, ਬਹੁਤ ਅਕਲ ਦੀਆਂ ਗੱਲਾਂ ਕਰਦਾ ਹੈਂ। ਮੈਨੂੰ ਤਾਂ ਲੱਗਦੈ , ਤੂੰ ਮੈਥੋਂ ਵੱਧ ਸਿਆਣਾ ਹੋ ਗਿਐਂ।"

ਸੁਖਜੋਤ ਸ਼ਰਮਾ ਗਿਆ, "ਨਹੀਂ ਦਾਦਾ ਜੀ, ਵੱਧ ਸਿਆਣੇ ਤਾਂ ਤੁਸੀਂ ਹੀ ਹੋ। ਤੁਸੀਂ ਵੱਡੇ ਹੋ। ਮੈਨੂੰ ਪੁਸਤਕਾਂ ਤੇ ਟੈਲੀਵੀਜ਼ਨ ਤੋਂ ਨਵੀਂਆਂ ਗੱਲਾਂ ਦਾ ਪਤਾ ਲੱਗਦਾ ਰਹਿੰਦਾ ਹੈ।"



ਦਾਦਾ ਜੀ ਬੋਲੇ, "ਪਰ ਸਾਰੇ ਨਿੰਮ ਹੀ ਕਿਉਂ ? ਹੋਰ ਦਰਖ਼ਤ ਵੀ ਕੋਈ ਲਾਈਏ।"

ਸੁਖਜੋਤ ਨੇ ਦੱਸਿਆ, "ਨਹੀਂ ਦਾਦਾ ਜੀ ਨਿੰਮ ਹੀ ਲਾਵਾਂਗੇ। ਆਪਣੇ ਸਾਰੇ ਬਿਰਖਾਂ ਵਿੱਚੋਂ ਨਿੰਮ ਸਭ ਤੋਂ ਚੰਗਾ ਹੈ। ਨਿੰਮ ਨੂੰ ਤਾਂ ਕਿਤਾਬਾਂ ਵਿੱਚ 'ਡਾਕਟਰ ਬਿਰਖ' ਲਿਖਿਆ ਗਿਆ ਹੈ। ਇਹ ਬਹੁਤ ਗੁਣਕਾਰੀ ਹੈ। ਇਸ ਦੀ ਰੀਸ ਹੋਰ ਕੋਈ ਬਿਰਖ ਨਹੀਂ ਕਰ ਸਕਦਾ।"

"ਅੱਛਾ ! ਇਹ ਗੱਲ ਹੈ ?" ਦਾਦਾ ਜੀ ਹੈਰਾਨ ਹੋਏ। "ਤਾਂ ਫੇਰ ਆਪਾਂ ਖੜ੍ਹੇ ਕਿਉਂ ਹਾਂ ? ਕੋਠੜੇ ਵਿਚੋਂ ਕਹੀ ਲਿਆ। ਟੋਏ ਪੁੱਟ ਕੇ ਤੇ ਖਾਦ ਪਾ ਕੇ ਲਾਈਏ, ਸੱਤੇ ਨਿੰਮ—ਘਰ ਵਿੱਚ ਲਿਆਈਏ, ਸੱਤ ਡਾਕਟਰ ।"

## ਪਾਠ-ਅਭਿਆਸ

**1 ਦੱਸੋ :**

(ੳ) ਸੁਖਜੋਤ ਨੇ ਜਦੋਂ ਟੈਲੀਵੀਜਨ ਲਾਇਆ ਤਾਂ ਉਸ ਵੇਲ਼ੇ ਕਿਹੜਾ ਪ੍ਰੋਗ੍ਰਾਮ ਆ ਰਿਹਾ ਸੀ ਅਤੇ ਉਸ ਵਿੱਚ ਕੀ ਦੱਸਿਆ ਜਾ ਰਿਹਾ ਸੀ ?

(ਅ) ਗਿਆਨ ਵੱਲੋਂ ਦੱਸੇ ਟੀ.ਵੀ. ਚੈਨਲ ਨੂੰ ਦੇਖਣ ਉਪਰੰਤ ਸੁਖਜੋਤ ਨੂੰ ਡਰ ਕਿਉਂ ਲੱਗਣ ਲੱਗ ਪਿਆ ਸੀ ?

(ੲ) ਟੈਲੀਵੀਜ਼ਨ ਉੱਤੇ ਜਾਣਕਾਰੀ ਦੇਣ ਵਾਲ਼ਾ ਆਦਮੀ ਧਰਤੀ ਅਤੇ ਬਿਰਖਾਂ ਦੇ ਸੰਬੰਧ ਬਾਰੇ ਕੀ-ਕੀ ਜਾਣਕਾਰੀ ਦੇ ਰਿਹਾ ਸੀ ?

(ਸ) ਦੱਸੋ, ਧਰਤੀ ਦੇ ਗਰਮ ਹੋਣ ਦੇ ਕੀ ਕਾਰਨ ਹਨ ?

(ਹ) ਹਰਮੀਤੀ ਦੇ ਘਰ ਆਏ ਡਾ. ਮਹਿਮਾਨ ਨੇ ਬਿਰਖ-ਬੂਟਿਆਂ ਬਾਰੇ ਕੀ ਦੱਸਿਆ ?

(ਕ) ਜੇ ਮਨੁੱਖ ਨੇ ਧਰਤੀ ਨੂੰ ਗਰਮ ਹੋਣੋਂ ਨਾ ਰੋਕਿਆ ਤਾਂ ਇਸ ਦੇ ਕੀ ਨੁਕਸਾਨ ਹੋਣਗੇ ?

(ਖ) ਸੱਤ ਡਾਕਟਰ ਕੌਣ ਸਨ ਅਤੇ ਸੁਖਜੋਤ ਉਹਨਾਂ ਨੂੰ ਆਪਣੇ ਘਰ ਕਿਵੇਂ ਲਿਆਇਆ ?

(ਗ) ਨਿੰਮ ਦੇ ਬਿਰਖ ਦੇ ਗੁਣ ਲਿਖੋ।

## 2. ਔਖੇ ਸ਼ਬਦਾਂ ਦੇ ਅਰਥ :

| | | |
|---|---|---|
| ਗਿਣਤੀਆਂ-ਮਿਣਤੀਆਂ | : | ਹਿਸਾਬ-ਕਿਤਾਬ |
| ਭੁੰਜੇ | : | ਜ਼ਮੀਨ 'ਤੇ |
| ਸੌਰਨਾ | : | ਕੰਮ ਬਣ ਜਾਣਾ |
| ਖੁਰਪੀ | : | ਰੰਬੀ, ਛੋਟਾ ਖੁਰਪਾ |
| ਖੁੱਗ ਲਿਆਇਆ | : | ਜੜ੍ਹਾਂ ਸਮੇਤ ਪੁੱਟ ਲਿਆਇਆ |

## 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ 'ਚ ਵਰਤੋ :

ਪ੍ਰੋਗ੍ਰਾਮ, ਦਿਲਚਸਪ, ਹਾਣੀ, ਅੰਨ੍ਹੇਵਾਹ, ਮਹਿਮਾਨ, ਗੁਣਕਾਰੀ, ਸਿਰ ਪਲ਼ੋਸਣਾ

## 4. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ :

(ੳ) "ਆਪਾਂ ਇਹ ਸੱਤ ਨਿੰਮ ਇਸ ਵੱਡੇ ਵਿਹੜੇ ਵਿੱਚ ਲਾਉਣੇ ਹਨ।"

(ਅ) "ਵਾਹ ! ਬਈ ਵਾਹ ! ਮੇਰਾ ਬੱਚਾ ਕਿੰਨਾ ਸਿਆਣਾ ਹੋ ਗਿਆ ਹੈ !"

(ੲ) "ਨਹੀਂ ਦਾਦਾ ਜੀ, ਵੱਧ ਸਿਆਣੇ ਤਾਂ ਤੁਸੀਂ ਹੀ ਹੋ। ਤੁਸੀਂ ਵੱਡੇ ਹੋ। ਮੈਨੂੰ ਪੁਸਤਕਾਂ ਤੇ ਟੈਲੀਵੀਜ਼ਨ ਤੋਂ ਨਵੀਂਆਂ ਗੱਲਾਂ ਦਾ ਪਤਾ ਲੱਗਦਾ ਰਹਿੰਦਾ ਹੈ।"

(ਸ) "ਨਿੰਮ ਬਹੁਤ ਗੁਣਕਾਰੀ ਹੈ। ਇਸ ਦੀ ਰੀਸ ਹੋਰ ਕੋਈ ਬਿਰਖ ਨਹੀਂ ਕਰ ਸਕਦਾ।"

## ਵਿਆਕਰਨ

### ਵਿਸਮਕ :

ਜਿਹੜੇ ਸ਼ਬਦਾਂ ਰਾਹੀਂ ਮਨ ਦੀ ਖ਼ੁਸ਼ੀ, ਗ਼ਮੀ, ਹੈਰਾਨੀ, ਡਰ ਆਦਿ ਭਾਵ ਅਚਾਨਕ ਪ੍ਰਗਟ ਕੀਤੇ ਜਾਣ, ਉਹਨਾਂ ਨੂੰ ਵਿਆਕਰਨ ਵਿੱਚ ਵਿਸਮਕ ਕਿਹਾ ਜਾਂਦਾ ਹੈ।

ਜਿਵੇਂ: ਹਾਏ ! ਆਹਾ ! ਵਾਹ ! ਹੈਂ !

ਵਿਆਕਰਨ ਅਨੁਸਾਰ ਵਿਸਮਕ ਦੀਆਂ ਨੌਂ ਕਿਸਮਾਂ ਹਨ:

### 1. ਪ੍ਰਸੰਸਾਵਾਚਕ ਵਿਸਮਕ :

ਜਿਹੜੇ ਸ਼ਬਦਾਂ ਤੋਂ ਪ੍ਰਸੰਸਾ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਪ੍ਰਸੰਸਾਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ : ਅਸ਼ਕੇ ! ਆਹਾ ! ਸ਼ਾਬਾਸ਼ ! ਸ਼ਾਵਾ ! ਖ਼ੂਬ ! ਬੱਲੇ !

**2. ਸ਼ੋਕਵਾਚਕ ਵਿਸਮਕ :**

ਜਿਹੜੇ ਸ਼ਬਦ ਤੋਂ ਦੁੱਖ ਜਾਂ ਅਫ਼ਸੋਸ ਦੇ ਭਾਵ ਪ੍ਰਗਟ ਹੋਣ, ਉਸ ਨੂੰ ਸ਼ੋਕਵਾਚਕ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਉਫ ! ਹਾਏ ! ਉਹੋ ! ਹਾਏ ਰੱਬਾ !

**3. ਹੈਰਾਨੀਵਾਚਕ ਵਿਸਮਕ :**

ਜਿਹੜੇ ਸ਼ਬਦ ਵਾਕਾਂ ਵਿੱਚ ਹੈਰਾਨੀ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਹੈਰਾਨੀਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ : ਓਹ ! ਆਹਾ ! ਹੈਂ ! ਹੈਂ-ਹੈਂ ! ਵਾਹ ! ਵਾਹ-ਵਾਹ !

**4. ਸੂਚਨਾਵਾਚਕ ਵਿਸਮਕ :**

ਜਿਹੜੇ ਸ਼ਬਦ ਸੂਚਨਾ ਦੇਣ ਜਾਂ ਸੁਚੇਤ ਕਰਨ ਲਈ ਵਰਤੇ ਜਾਂਦੇ ਹਨ, ਉਹਨਾਂ ਨੂੰ ਸੂਚਨਾਵਾਚਕ ਵਿਸਮਕ ਕਿਹਾ ਜਾਂਦਾ ਹੈ, ਜਿਵੇਂ : ਸੁਣੋ ਜੀ ! ਹਟੋ ਜੀ ! ਖ਼ਬਰਦਾਰ ! ਠਹਿਰ ਜਾ ! ਵੇਖੀਂ ! ਬਚ ਕੇ !

**5. ਸੰਬੋਧਨੀਵਿਸਮਕ :**

ਜਿਹੜੇ ਸ਼ਬਦ ਕਿਸੇ ਨੂੰ ਬੁਲਾਉਣ ਜਾਂ ਸੰਬੋਧਨ ਕਰਨ ਲਈ ਬੋਲੇ ਜਾਣ, ਉਹਨਾਂ ਸ਼ਬਦਾਂ ਨੂੰ ਸੰਬੋਧਨੀ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਨੀ ਕੁੜੀਏ ! ਓਏ ਕਾਕਾ ! ਵੇ ਮੁੰਡਿਆ !

**6. ਸਤਿਕਾਰਵਾਚਕ ਵਿਸਮਕ :**

ਜਿਹੜੇ ਸ਼ਬਦ ਵਾਕਾਂ ਵਿੱਚ ਸਤਿਕਾਰ ਜਾਂ ਪਿਆਰ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਸਤਿਕਾਰਵਾਚਕ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਧੰਨ ਭਾਗ ! ਆਓ ਜੀ ! ਜੀ ਆਇਆਂ ਨੂੰ !

**7. ਫਿਟਕਾਰਵਾਚਕ ਵਿਸਮਕ :**

ਜਿਹੜੇ ਸ਼ਬਦਾਂ ਤੋਂ ਵਾਕਾਂ ਵਿੱਚ ਫਿਟਕਾਰ ਜਾਂ ਲਾਹਨਤ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਫਿਟਕਾਰਵਾਚਕ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਲੱਖ ਲਾਹਨਤ ! ਫਿੱਟੇ-ਮੂੰਹ !

**8. ਅਸੀਸਵਾਚਕ ਵਿਸਮਕ :**

ਜਿਹੜੇ ਸ਼ਬਦਾਂ ਤੋਂ ਅਸੀਸ ਜਾਂ ਅਸ਼ੀਰਵਾਦ ਦੇ ਭਾਵ ਪ੍ਰਗਟ ਹੋਣ, ਉਹਨਾਂ ਨੂੰ ਅਸੀਸਵਾਚਕ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਸਾਂਈਂ ਜੀਵੇ ! ਖ਼ੁਸ਼ ਰਹਿ ! ਜੁਆਨੀਆਂ ਮਾਣ !

**9. ਇੱਛਾਵਾਚਕ ਵਿਸਮਕ :**


ਜਿਹੜੇ ਸ਼ਬਦ ਮਨ ਦੀ ਇੱਛਾ ਦੇ ਭਾਵ ਪ੍ਰਗਟ ਕਰਨ, ਉਹਨਾਂ ਨੂੰ ਇੱਛਾਵਾਚਕ ਵਿਸਮਕ ਆਖਿਆ ਜਾਂਦਾ ਹੈ, ਜਿਵੇਂ : ਹੇ ਕਰਤਾਰ ! ਹੇ ਵਾਹਿਗੁਰੂ ! ਜੇ ਕਦੇ ! ਕਾਸ਼ !

**ਵਿਦਿਆਰਥੀਆਂ ਲਈ**

**ਅਧਿਆਪਕ ਵਿਦਿਆਰਥੀਆਂ ਨੂੰ ਨਿੰਮ ਵਰਗੇ ਹੋਰ ਗੁਣਕਾਰੀ ਪੌਦਿਆਂ ਬਾਰੇ ਜਾਣਕਾਰੀ ਦੇਣ।**

ਪਾਠ -21

# ਪੁਲਾੜ-ਪਰੀ: ਸੁਨੀਤਾ ਵਿਲੀਅਮਜ਼



ਕਲਪਨਾ ਚਾਵਲਾ ਤੋਂ ਬਾਅਦ ਇੱਕ ਵਾਰ ਫਿਰ ਇੱਕ ਮੁਟਿਆਰ ਨੇ ਅੰਬਰਾਂ ਵਿੱਚ ਉਡਾਰੀ ਮਾਰ ਕੇ ਭਾਰਤ ਦਾ ਸਿਰ ਮਾਣ ਨਾਲ਼ ਉੱਚਾ ਕੀਤਾ ਹੈ ; ਉਸ ਦਾ ਨਾਂ ਹੈ—ਸੁਨੀਤਾ। ਉਹ ਭਾਰਤ ਵਿੱਚ ਭਾਵੇਂ ਜੰਮੀ ਨਹੀਂ ਪਰੰਤੂ ਉਹ ਇੱਕ ਭਾਰਤੀ ਡਾ: ਦੀਪਕ ਪਾਂਡੇ ਦੀ ਧੀ ਹੈ। ਦੀਪਕ ਪਾਂਡੇ ਸੂਰਤ (ਗੁਜਰਾਤ) ਤੋਂ ਐੱਮ.ਬੀ.ਬੀ.ਐੱਸ. ਪਾਸ ਕਰਕੇ ਕੁਝ ਸਮਾਂ ਦੇਸ ਵਿੱਚ ਰਿਹਾ ਤੇ ਫਿਰ ਵਿਦੇਸ਼ਾਂ ਨੂੰ ਚਲਾ ਗਿਆ ਸੀ।

ਡਾ: ਦੀਪਕ ਪਾਂਡੇ ਨੇ ਅੱਧੀ ਕੁ ਸਦੀ ਪਹਿਲਾਂ ਅਮਰੀਕਾ ਦੇ ਨਗਰ ਯੂਕਲਿਡ ਵਿੱਚ ਜਾ ਕੇ ਡਾਕਟਰੀ ਦਾ ਕੰਮ ਸ਼ੁਰੂ ਕੀਤਾ ਸੀ। ਇੱਥੇ ਹੀ ਐਕਸ–ਰੇ ਤਕਨੀਸ਼ਨ ਦਾ ਕੋਰਸ ਕਰ ਰਹੀ ਘਰੇਲੂ ਰੁਚੀਆਂ ਵਾਲ਼ੀ ਸਰਲ–ਸੁਭਾਅ ਤੇ ਮਿਹਨਤੀ ਕੁੜੀ ਬੋਨੀ ਉਰਸਾਲੀਨ ਜ਼ੁਲੋਕਰ ਨਾਲ਼ ਉਸ ਦੀ ਜਾਣ-ਪਛਾਣ ਹੋਈ। ਬੋਨੀ ਦੇ ਵੱਡੇ-ਵਡੇਰੇ ਯੂਗੋਸਲਾਵੀਆ ਦੇ ਸਨ ਪਰ ਉਸ ਦੇ ਮਾਤਾ–ਪਿਤਾ ਓਹਾਇਓ ਪ੍ਰਾਂਤ ਦੇ ਕਲੀਵਲੈਂਡ ਸ਼ਹਿਰ ਵਿੱਚ ਰਹਿੰਦੇ ਸਨ। ਉਹਨਾਂ ਨੂੰ ਡਾ: ਦੀਪਕ ਪਾਂਡੇ ਦਾ ਮਿਹਨਤੀ ਸੁਭਾਅ ਪਸੰਦ ਆਇਆ। ਇਸ ਲਈ ਉਹਨਾਂ ਦੀਪਕ ਤੇ ਬੋਨੀ ਨੂੰ ਸ਼ਾਦੀ ਦੇ ਬੰਧਨਾਂ ਵਿੱਚ ਬੰਨ੍ਹ ਦਿੱਤਾ।

ਇਸ ਜੋੜੀ ਦੇ ਘਰ ਹੀ ਸੁਨੀਤਾ ਦਾ ਜਨਮ 1 ਸਤੰਬਰ, 1965 ਈਸਵੀ ਨੂੰ ਯੂਕਲਿਡ (ਓਹਾਇਓ) ਵਿਖੇ ਹੋਇਆ। ਉਸ ਦਾ ਇੱਕ ਭਰਾ ਤੇ ਇੱਕ ਭੈਣ ਉਸ ਤੋਂ ਵੱਡੇ ਸਨ। ਭਰਾ ਜੈ ਉਸ ਤੋਂ ਚਾਰ ਸਾਲ ਤੇ ਭੈਣ ਦੀਨਾ ਤਿੰਨ ਸਾਲ ਵੱਡੀ ਸੀ। ਸੁਨੀਤਾ ਸਾਰੇ ਪਰਿਵਾਰ ਦੀ ਲਾਡਲੀ ਸੀ। ਸੁਨੀਤਾ ਦੇ ਜਨਮ ਤੋਂ ਸਾਲ ਕੁ ਪਹਿਲਾਂ ਉਸ ਦੇ ਪਿਤਾ ਨੇ ਅਮਰੀਕਾ ਦੀ ਨਾਗਰਿਕਤਾ ਲੈ ਲਈ ਸੀ। ਸੁਨੀਤਾ ਅਜੇ ਸਾਲ ਕੁ ਦੀ ਸੀ ਕਿ ਉਸ ਦੇ ਮਾਤਾ–ਪਿਤਾ ਤੇ ਸਾਰਾ

ਪਰਿਵਾਰ ਬੋਸਟਨ (ਮੈਸਾਚੁਸੈਟਸ) ਆ ਗਿਆ। ਸੁਨੀਤਾ ਦਾ ਪਾਲਣ-ਪੋਸਣ ਇਸੇ ਇਲਾਕੇ ਵਿੱਚ ਹੋਇਆ। ਇੱਥੇ ਹੀ ਉਸ ਦੀ ਪੜ੍ਹਾਈ-ਲਿਖਾਈ ਹੋਈ।

ਸੁਨੀਤਾ ਦੇ ਪਿਤਾ ਪੜ੍ਹਨ-ਲਿਖਣ, ਸੈਰ-ਸਪਾਟੇ ਤੇ ਸੰਗੀਤ ਦੇ ਸ਼ੁਕੀਨ ਸਨ। ਮਾਤਾ ਘਰੇਲੂ ਰੁਚੀਆਂ ਵਾਲ਼ੀ ਸੀ। ਸਿਲਾਈ-ਕਢਾਈ, ਸੰਗੀਤ, ਖੇਡਾਂ ਤੇ ਸੈਰ-ਸਪਾਟੇ ਵਿੱਚ ਉਸ ਦੀ ਵਿਸ਼ੇਸ਼ ਰੁਚੀ ਸੀ। ਸੁਨੀਤਾ ਦੇ ਵੱਡੇ ਭੈਣ-ਭਰਾ ਵੀ ਤਰਾਕੀ ਤੇ ਅਥਲੈਟਿਕਸ ਵਿੱਚ ਵਿਸ਼ੇਸ਼ ਰੁਚੀ ਲੈਂਦੇ ਸਨ। ਇਸ ਕਿਸਮ ਦੇ ਮਾਹੌਲ ਵਿੱਚ ਵੱਡੀ ਹੋਣ ਵਾਲ਼ੀ ਸੁਨੀਤਾ ਪੜ੍ਹਾਈ ਦੇ ਨਾਲ਼ ਸੰਗੀਤ, ਤਰਾਕੀ, ਹਾਈਕਿੰਗ, ਟ੍ਰੈਕਿੰਗ ਅਤੇ ਖੇਡਾਂ ਵਿੱਚ ਵਿਸ਼ੇਸ਼ ਰੁਚੀ ਲੈਂਦੀ ਰਹੀ।

ਸਕੂਲ ਦਾ ਕੰਮ ਕਰਨ ਤੋਂ ਬਾਅਦ ਤਿੰਨੇ ਭੈਣ-ਭਰਾ ਟ੍ਰੈਕਿੰਗ ਦਾ ਅਭਿਆਸ ਕਰਦੇ। ਉਹਨਾਂ ਦੀ ਮਾਂ ਉਹਨਾਂ ਨੂੰ ਤਰਦਿਆਂ ਵੇਖਦੀ ਰਹਿੰਦੀ ਜਾਂ ਸਿਲਾਈ-ਕਢਾਈ ਕਰਦੀ ਰਹਿੰਦੀ। ਹਰ ਛੁੱਟੀ ਦੇ ਦਿਨ ਇਹ ਪਰਿਵਾਰ ਖੁੱਲ੍ਹੇ ਮੈਦਾਨਾਂ, ਦਰਿਆਵਾਂ, ਝੀਲਾਂ, ਪਹਾੜਾਂ ਜਾਂ ਸਾਗਰਾਂ ਵੱਲ ਸੈਰ-ਸਪਾਟੇ ਲਈ ਨਿਕਲ਼ ਜਾਂਦਾ ਅਤੇ ਪ੍ਰਕਿਰਤੀ ਦੇ ਨਜ਼ਾਰੇ ਮਾਣਦਾ। ਇਸ ਕਿਸਮ ਦੇ ਜੀਵਨ ਨੇ ਸੁਨੀਤਾ ਨੂੰ ਛੋਟੀ ਉਮਰ ਵਿੱਚ ਹੀ ਚੰਗੀ ਸਿਹਤ ਤੇ ਔਖ-ਸੌਖ ਝਾਗਣ ਦੀ ਟ੍ਰੇਨਿੰਗ ਦੇ ਦਿੱਤੀ। ਉਹ ਸਿਰਫ਼ ਗਿਆਰ੍ਹਾਂ ਸਾਲ ਦੀ ਸੀ ਜਦੋਂ ਉਸ ਨੇ ਬੋਸਟਨ ਹਾਰਬਰ ਮੈਰਾਥਨ ਤੈਰਾਕੀ ਮੁਕਾਬਲੇ ਵਿੱਚ ਹਿੱਸਾ ਲਿਆ।

ਸ਼ੁਰੂ ਤੋਂ ਹੀ ਸੁਨੀਤਾ ਨਿਮਰਤਾ ਵਾਲ਼ੀ ਕੁੜੀ ਸੀ। ਉਹ ਆਪਣੀਆਂ ਪ੍ਰਾਪਤੀਆਂ ਬਾਰੇ ਰੌਲ਼ਾ ਨਹੀਂ ਸੀ ਪਾਉਂਦੀ। ਉਹ ਛੇ ਸਾਲ ਦੀ ਸੀ ਜਦ ਸਾਰਾ ਪਰਿਵਾਰ ਕੈਂਪ ਲਾਈ ਪਿਕਨਿਕ ਮਨਾ ਰਿਹਾ ਸੀ। ਸੁਨੀਤਾ ਆਪਣੀਆਂ ਸਹੇਲੀਆਂ ਨਾਲ਼ ਤਰਾਕੀ-ਪ੍ਰਤਿਯੋਗਤਾ ਉੱਤੇ ਗਈ ਹੋਈ ਸੀ। ਪ੍ਰਤਿਯੋਗਤਾ ਖ਼ਤਮ ਹੋਈ ਤਾਂ ਬੈਗ ਚੁੱਕ ਕੇ ਉਹ ਆਪਣੇ ਟੱਬਰ ਨਾਲ਼ ਆ ਰਲ਼ੀ। ਭੈਣ ਤੇ ਭਰਾ ਨੇ ਪੁੱਛਿਆ, "ਕਿਵੇਂ ਰਿਹਾ, ਤੇਰਾ ਮੁਕਾਬਲਾ ?" "ਬਿਲਕੁਲ ਠੀਕ," ਦੋ-ਹਰਫ਼ੀ ਉੱਤਰ ਦੇ ਕੇ ਉਹ ਸਹੇਲੀਆਂ ਨਾਲ਼ ਦੌੜ ਗਈ। ਉਸ ਦਾ ਜਦ ਬੈਗ ਖੋਲ੍ਹਿਆ ਗਿਆ ਤਾਂ ਉਸ ਵਿੱਚ ਪੰਜ ਮੈਡਲ ਸਨ। ਉਹ ਪੰਜ ਵੱਖ-ਵੱਖ ਈਵੈਂਟਸ ਵਿੱਚੋਂ ਫ਼ਸਟ ਆਈ ਸੀ।

ਸੁਨੀਤਾ ਨੇ ਬੋਸਟਨ ਵਿੱਚ ਹੀ ਨੀਧਮ ਸਕੂਲ ਤੋਂ ਬਾਰ੍ਹਵੀਂ ਜਮਾਤ ਪਾਸ ਕੀਤੀ। ਸਾਇੰਸ ਅਤੇ ਹਿਸਾਬ ਵਿੱਚੋਂ ਚੰਗੇ ਨੰਬਰ ਲੈ ਕੇ ਉਹ ਜਮਾਤ ਦੇ ਚੋਟੀ ਦੇ ਬੱਚਿਆਂ ਵਿੱਚੋਂ ਇੱਕ ਸੀ। 1983 ਈਸਵੀ ਵਿੱਚ ਹੀ ਉਹ ਅਮਰੀਕੀ ਨੈਵਲ ਅਕੈਡਮੀ ਵਿੱਚ ਦਾਖ਼ਲ ਹੋ ਗਈ। ਇੱਥੋਂ ਹੀ ਉਸ ਨੇ 1987 ਈਸਵੀ ਵਿੱਚ ਬੀ.ਐੱਸ-ਸੀ. ਪਾਸ ਕੀਤੀ ਤੇ ਨੇਵੀ ਵਿੱਚ ਭਰਤੀ ਹੋ ਗਈ। ਉਸ ਨੂੰ ਹੈਲੀਕਾਪਟਰ ਉਡਾਉਣ ਦੀ ਟ੍ਰੇਨਿੰਗ ਦੇ ਕੇ ਇਹੀ ਕੰਮ ਸੌਂਪਿਆ ਗਿਆ। ਉਸ ਨੇ ਇਸ ਕੰਮ ਵਿੱਚ ਏਨੀ ਰੁਚੀ ਲਈ ਕਿ ਤੀਹ ਵੱਖ-ਵੱਖ ਕਿਸਮਾਂ ਦੇ ਜਹਾਜ਼ ਤੇ ਹੈਲੀਕਾਪਟਰ ਉਸ ਨੇ 2770 ਘੰਟੇ ਉਡਾਉਣ ਦਾ ਰਿਕਾਰਡ ਥੋੜ੍ਹੇ ਜਿਹੇ ਸਮੇਂ ਵਿੱਚ ਹੀ ਬਣਾ ਲਿਆ। ਇਸ ਦੌਰਾਨ ਉਸ ਨੇ ਐੱਮ.ਐੱਸ-ਸੀ. ਕਰ ਲਈ ਤੇ ਹੈਲੀਕਾਪਟਰ-ਇੰਸਟਰਕਰਟਰ ਬਣ ਗਈ। ਇਸ ਸਮੇਂ ਤੱਕ ਉਹ ਨੈਵਲ ਅਕੈਡਮੀ ਦੇ ਆਪਣੇ ਇੱਕ ਜਮਾਤੀ ਮਿਸ਼ੈਲ ਵਿਲੀਅਮਜ਼ ਨਾਲ਼ ਸ਼ਾਦੀ ਕਰਵਾ ਕੇ ਸੁਨੀਤਾ ਵਿਲੀਅਮਜ਼ ਬਣ ਗਈ ਸੀ।

1995 ਈਸਵੀ ਵਿੱਚ ਉਹ ਇੱਕ ਹੈਲੀਕਾਪਟਰ ਲੈ ਕੇ ਅਮਰੀਕੀ ਪੁਲਾੜ-ਕੇਂਦਰ 'ਨੈਸ਼ਨਲ ਐਰੌਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ' (ਨਾਸਾ) ਗਈ, ਜਿੱਥੇ ਉਸ ਨੇ ਜਾਨ ਯੰਗ ਨਾਂ ਦੇ ਪੁਲਾੜ-ਯਾਤਰੀ ਦਾ ਭਾਸ਼ਣ ਸੁਣਿਆ। ਉਸ ਨੇ ਦੱਸਿਆ ਕਿ ਪੁਲਾੜ-ਯਾਤਰੀ ਦੀ ਟ੍ਰੇਨਿੰਗ ਵਜੋਂ ਉਸ ਨੂੰ ਹੈਲੀਕਾਪਟਰ ਚਲਾਉਣਾ ਸਿੱਖਣਾ ਪਿਆ ਸੀ। ਇਹ ਉਸ ਦੀ ਟ੍ਰੇਨਿੰਗ ਦਾ ਲਾਜ਼ਮੀ ਹਿੱਸਾ ਸੀ। ਸੁਨੀਤਾ ਨੇ ਸੋਚਿਆ ਕਿ ਉਹ ਤਾਂ ਹੈਲੀਕਾਪਟਰ ਚਲਾਉਣ ਦੀ ਮਾਹਰ ਹੈ, ਉਹ ਕਿਉਂ ਨਹੀਂ ਪੁਲਾੜ ਵਿੱਚ ਉੱਡ ਸਕਦੀ ? ਬੱਸ ਉਸ ਨੇ 'ਨਾਸਾ' ਨੂੰ ਅਰਜ਼ੀ ਭੇਜ

ਦਿੱਤੀ। ਪਹਿਲੀ ਵਾਰ ਤਾਂ ਨਹੀਂ, ਦੂਜੀ ਵਾਰ 1998 ਈਸਵੀ ਵਿੱਚ 'ਨਾਸਾ' ਨੇ ਉਸ ਨੂੰ ਪੁਲਾੜ ਵਿੱਚ ਭੇਜੇ ਜਾਣ ਲਈ ਟ੍ਰੇਨਿੰਗ ਵਾਸਤੇ ਚੁਣ ਲਿਆ। ਅੱਠ ਸਾਲ ਦੀ ਸਖ਼ਤ ਟ੍ਰੇਨਿੰਗ ਉਪਰੰਤ ਉਸ ਨੂੰ ਅੰਤਰਰਾਸ਼ਟਰੀ ਪੁਲਾੜੀ ਸਟੇਸ਼ਨ ਉੱਤੇ ਸੱਤ ਮੈਂਬਰੀ ਟੀਮ ਨਾਲ਼ 9 ਦਸੰਬਰ, 2006 ਈਸਵੀ ਨੂੰ 'ਡਿਸਕਵਰੀ' ਨਾਂ ਦੇ ਪੁਲਾੜੀ ਜਹਾਜ਼ ਵਿੱਚ ਅੰਬਰਾਂ ਦੀ ਉਡਾਰੀ ਭਰਨ ਲਈ ਭੇਜ ਦਿੱਤਾ ਗਿਆ। ਤਕਰੀਬਨ ਸਾਢੇ ਤਿੰਨ ਸੌ ਕਿਲੋਮੀਟਰ ਦੀ ਉਚਾਈ ਉੱਤੇ ਅੰਬਰਾਂ ਵਿੱਚ ਘੁੰਮ ਰਿਹਾ ਇਹ ਪੁਲਾੜੀ ਸਟੇਸ਼ਨ ਮਨੁੱਖਤਾ ਦੀ ਭਲਾਈ ਅਤੇ ਪੁਲਾੜੀ ਖੋਜ ਬਾਰੇ ਨਵੇਂ-ਨਵੇਂ ਤਜਰਬੇ ਕਰ ਰਿਹਾ ਹੈ।

ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ ਤੇ ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ। ਉਸ ਨੇ 195 ਦਿਨ ਪੁਲਾੜ ਵਿੱਚ ਰਹਿ ਕੇ ਨਵਾਂ ਰਿਕਾਰਡ ਬਣਾਇਆ ਹੈ। ਕਿਸੇ ਵੀ ਇਸਤਰੀ ਦੁਆਰਾ ਪੁਲਾੜ ਵਿੱਚ ਗੁਜ਼ਾਰਿਆ ਇਹ ਸਭ ਤੋਂ ਵੱਧ ਸਮਾਂ ਹੈ। ਉਸ ਨੇ ਚਾਰ ਵਾਰ ਪੁਲਾੜੀ ਜਹਾਜ਼ ਤੋਂ ਬਾਹਰ ਨਿਕਲ਼ ਕੇ ਕੰਮ ਕੀਤਾ ਹੈ। ਇਸ ਨੂੰ 'ਸਪੇਸ-ਵਾਕਿੰਗ' ਕਹਿੰਦੇ ਹਨ। ਇਹ ਕਿਸੇ ਇਸਤਰੀ ਵੱਲੋਂ ਸਭ ਤੋਂ ਵੱਧ ਵਾਰ ਕੀਤੀ ਗਈ ਸਪੇਸ-ਵਾਕਿੰਗ ਹੈ। ਉਸ ਨੇ 29 ਘੰਟੇ 17 ਮਿੰਟ ਸਪੇਸ-ਵਾਕਿੰਗ ਕਰ ਕੇ ਇਸ ਪੱਖੋਂ ਇੱਕ ਰਿਕਾਰਡ ਬਣਾਇਆ ਹੈ। ਉਸ ਨੇ ਪੁਲਾੜੀ-ਜਹਾਜ਼ ਵਿੱਚ ਲੱਗੀ ਟ੍ਰੈੱਡ-ਮਿੱਲ ਉੱਤੇ ਹੀ ਦੌੜ ਕੇ ਧਰਤੀ ਉੱਤੇ ਹੋ ਰਹੀ ਬੋਸਟਨ ਮੈਰਾਥਨ ਦੌੜ ਵਿੱਚ ਹਿੱਸਾ ਲੈ ਕੇ ਵੀ ਇੱਕ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ।

ਚਾਰ ਰਿਕਾਰਡ ਬਣਾ ਕੇ ਸੁਨੀਤਾ 22 ਜੂਨ, 2007 ਈਸਵੀ ਦੀ ਰਾਤ ਨੂੰ 'ਐਟਲਾਂਟਿਸ' ਨਾਂ ਦੇ ਪੁਲਾੜੀ ਜਹਾਜ਼ ਰਾਹੀਂ ਧਰਤੀ ਉੱਤੇ ਵਾਪਸ ਪਰਤ ਆਈ।

ਭਾਰਤੀ-ਅਮਰੀਕੀ ਪੁਲਾੜ-ਵਿਗਿਆਨੀ ਸੁਨੀਤਾ ਵਿਲੀਅਮਜ਼ ਨੂੰ ਆਪਣੀਆਂ ਵਿਲੱਖਣ ਪ੍ਰਾਪਤੀਆਂ ਬਦਲੇ ਭਾਰਤ ਦਾ ਸਰਬੋਤਮ ਸਿਵਲੀਅਨ ਪੁਰਸਕਾਰ 'ਪਦਮ-ਭੂਸ਼ਣ' ਪ੍ਰਦਾਨ ਕੀਤਾ ਗਿਆ ਹੈ।

ਸੁਨੀਤਾ ਵਿਲੀਅਮਜ਼ ਤੋਂ ਮਾਨਵਤਾ ਦੀ ਭਲਾਈ ਲਈ ਪੁਲਾੜ ਦੀ ਖੋਜ ਦੇ ਖੇਤਰ ਵਿੱਚ ਹੋਰ ਵਧੇਰੇ ਚੰਗੀਆਂ ਸੰਭਾਵਨਾਵਾਂ ਦੀ ਆਸ ਹੈ।

## ਪਾਠ-ਅਭਿਆਸ

**1. ਦੱਸੋ :**

(ੳ) ਸੁਨੀਤਾ ਵਿਲੀਅਮਜ਼ ਦੇ ਮਾਤਾ-ਪਿਤਾ ਦਾ ਨਾਂ ਕੀ ਸੀ ਅਤੇ ਉਹ ਮੂਲ ਰੂਪ ਵਿੱਚੋਂ ਕਿੱਥੋਂ ਦੇ ਨਿਵਾਸੀ ਸਨ ?

(ਅ) ਸੁਨੀਤਾ ਵਿਲੀਅਮਜ਼ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ ਅਤੇ ਉਸ ਦੇ ਕਿੰਨੇ ਭੈਣ-ਭਰਾ ਸਨ ?

(ੲ) ਸੁਨੀਤਾ ਵਿਲੀਅਮਜ਼ ਦੇ ਬਚਪਨ ਦਾ ਵਰਨਣ ਕਰੋ।

(ਸ) ਸੁਨੀਤਾ ਵਿਲੀਅਮਜ਼ ਨੇ ਵਿੱਦਿਆ ਕਿੱਥੇ ਅਤੇ ਕਿੱਥੋਂ ਤੱਕ ਪ੍ਰਾਪਤ ਕੀਤੀ ?

(ਹ) ਸੁਨੀਤਾ ਨੂੰ ਪੁਲਾੜ-ਯਾਤਰਾ ਦੀ ਟ੍ਰੇਨਿੰਗ ਲਈ ਕਿਵੇਂ ਅਤੇ ਕਦੋਂ ਚੁਣਿਆ ਗਿਆ ?

(ਕ) ਸੁਨੀਤਾ ਵਿਲੀਅਮਜ਼ ਨੇ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ ਤੇ ਤਜਰਬਿਆਂ ਦੇ ਖੇਤਰ ਵਿੱਚ ਕੀ ਕੰਮ ਕੀਤਾ ?

(ਖ) ਸੁਨੀਤਾ ਵਿਲੀਅਮਜ਼ ਧਰਤੀ 'ਤੇ ਕਦੋਂ ਵਾਪਸ ਆਈ ਤੇ ਭਾਰਤ ਸਰਕਾਰ ਨੇ ਉਸ ਨੂੰ ਕਿਹੜੇ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ?

**2. ਔਖੇ ਸ਼ਬਦਾਂ ਦੇ ਅਰਥ :**

| | | |
|---|---|---|
| ਤਕਨੀਸ਼ਨ | : | ਕਲਾ-ਨਿਪੁੰਨ ਵਿਅਕਤੀ |
| ਸਦੀ | : | ਸੌ ਸਾਲ |
| ਅਥਲੈਟਿਕਸ | : | ਦੌੜਾਂ ਦੇ ਮੁਕਾਬਲੇ |
| ਮਾਹੌਲ | : | ਵਾਤਾਵਰਨ, ਆਲ਼ਾ-ਦੁਆਲ਼ਾ |
| ਟ੍ਰੇਨਿੰਗ | : | ਸਿਖਲਾਈ |
| ਪ੍ਰਕਿਰਤੀ | : | ਕੁਦਰਤ |
| ਮੈਰਾਥਨ ਤਰਾਕੀ | : | ਲੰਮੀ ਦੂਰੀ ਦਾ ਤਰਾਕੀ-ਮੁਕਾਬਲਾ |
| ਪ੍ਰਤਿਯੋਗਤਾ | : | ਮੁਕਾਬਲਾ |
| ਨੈਵਲ | : | ਜਲ-ਸੈਨਾ ਸੰਬੰਧੀ |
| ਸਪੇਸ-ਵਾਕਿੰਗ | : | ਪੁਲਾੜ ਵਿੱਚ ਤੁਰਨ ਦੀ ਕਿਰਿਆ |
| ਟ੍ਰੈੱਡ-ਮਿੱਲ | : | ਉਹ ਮਸ਼ੀਨ ਜਿਸ ਦਾ ਪਟਾ ਘੁੰਮਦਾ ਹੋਵੇ ਤੇ ਉਸ ਉੱਤੇ ਤੁਰਿਆ ਜਾਂ ਦੌੜਿਆ ਜਾ ਸਕਦਾ ਹੋਵੇ। |
| ਵਿਲੱਖਣ | : | ਅਨੋਖਾ, ਅਜੀਬ |
| ਪੁਰਸਕਾਰ | : | ਇਨਾਮ |

**3. ਵਾਕਾਂ ਵਿੱਚ ਵਰਤੋ :**

ਪਾਲਣ-ਪੋਸਣ, ਅੰਬਰਾਂ ਵਿੱਚ ਉਡਾਰੀਆਂ ਮਾਰਨੀਆਂ, ਔਖ-ਸੌਖ ਝਾਗਣਾ, ਸਾਂਭ-ਸੰਭਾਲ਼, ਸਥਾਪਿਤ ਕਰਨਾ, ਨਾਗਰਿਕਤਾ

**ਯੋਜਕ ਦੀ ਪਰਿਭਾਸ਼ਾ:-**

**4. ਹੇਠ ਲਿਖੇ ਵਾਕਾਂ 'ਚੋਂ ਯੋਜਕ ਲੱਭ ਕੇ ਲਿਖੋ:**

(ੳ) ਉਹ ਭਾਰਤ ਵਿੱਚ ਭਾਵੇਂ ਜੰਮੀ ਨਹੀਂ ਪਰੰਤੂ ਉਹ ਇੱਕ ਭਾਰਤੀ ਡਾਕਟਰ ਦੀਪਕ ਪਾਂਡੇ ਦੀ ਧੀ ਹੈ।

(ਅ) ਉਸ ਦਾ ਇੱਕ ਭਰਾ ਤੇ ਇੱਕ ਭੈਣ ਉਸ ਤੋਂ ਵੱਡੇ ਸਨ।

(ੲ) ਉਸ ਨੇ ਦੱਸਿਆ ਕਿ ਪੁਲਾੜ-ਯਾਤਰੀ ਦੀ ਟ੍ਰੇਨਿੰਗ ਵਜੋਂ ਉਸ ਨੂੰ ਹੈਲੀਕਾਪਟਰ ਚਲਾਉਣਾ ਸਿੱਖਣਾ ਪਿਆ ਸੀ।

(ਸ) ਸੁਨੀਤਾ ਨੇ ਇਸ ਪੁਲਾੜੀ ਸਟੇਸ਼ਨ ਦੀ ਸਾਂਭ-ਸੰਭਾਲ਼ ਤੇ ਤਜਰਬਿਆਂ ਦੇ ਖੇਤਰ ਵਿੱਚ ਬੜਾ ਕੰਮ ਕੀਤਾ ਹੈ।

**ਅਧਿਆਪਕ ਵਿਦਿਆਰਥੀਆਂ ਨੂੰ ਪੁਲਾੜ ਸੰਬੰਧੀ ਹੋਰ ਰੋਚਕ ਜਾਣਕਾਰੀ ਦੇਣ।**

## ਪਾਠ -22

# ਵਿਰਾਸਤ-ਏ-ਖ਼ਾਲਸਾ



ਖ਼ਾਲਸੇ ਦੀ ਜਨਮ-ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਅਨੇਕਾਂ ਪਵਿੱਤਰ ਦਰਸ਼ਨੀ ਥਾਂਵਾਂ ਹਨ ਜਿਨ੍ਹਾਂ 'ਚੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਕਿਲ੍ਹਾ ਅਨੰਦਗੜ੍ਹ ਸਾਹਿਬ, ਗੁਰਦੁਆਰਾ ਭੋਰਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੁੰਗਾ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਆਦਿ ਪ੍ਰਮੁੱਖ ਹਨ। ਇਹਨਾਂ ਧਾਰਮਿਕ, ਇਤਿਹਾਸਿਕ ਤੇ ਪਵਿੱਤਰ ਅਸਥਾਨਾਂ ਦੇ ਦਰਸ਼ਨ ਕਰਨ ਦੇ ਨਾਲ਼-ਨਾਲ਼ ਅੱਜ-ਕੱਲ੍ਹ ਵਿਰਾਸਤ-ਏ-ਖ਼ਾਲਸਾ ਵੀ ਵੇਖਣ ਵਾਲ਼ਿਆਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ।

13 ਅਪ੍ਰੈਲ, 1999 ਈਸਵੀ ਨੂੰ ਖ਼ਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੰਜਾਬ ਸਰਕਾਰ ਨੇ ਖ਼ਾਲਸਾ ਵਿਰਾਸਤ ਯਾਦਗਾਰੀ ਭਵਨ-ਸਮੂਹ ਬਣਾਉਣ ਦਾ ਰਸਮੀ ਐਲਾਨ ਕੀਤਾ ਜਿਸ ਨੂੰ ਵਿਰਾਸਤ-ਏ-ਖ਼ਾਲਸਾ ਦਾ ਨਾਂ ਦਿੱਤਾ ਗਿਆ।

ਵਿਰਾਸਤ-ਏ-ਖ਼ਾਲਸਾ ਦੀ ਰੂਪ-ਰੇਖਾ ਇਜ਼ਰਾਈਲ ਦੇ ਭਵਨ-ਨਿਰਮਾਣ ਕਲਾ-ਮਾਹਰ ਮੋਸ਼ੇ ਸੈਫ਼ਦੀ ਤੇ ਸਾਥੀਆਂ ਨੇ ਤਿਆਰ ਕੀਤੀ। 12 ਸਾਲ 7 ਮਹੀਨਿਆਂ ਬਾਅਦ ਪਹਿਲੇ ਪੜਾਅ ਤਹਿਤ ਵਿਰਾਸਤ-ਏ- ਖ਼ਾਲਸਾ 25 ਨਵੰਬਰ, 2011 ਈ: ਨੂੰ ਬਣ ਕੇ ਤਿਆਰ ਹੋਇਆ ਅਤੇ 27 ਨਵੰਬਰ, 2011 ਈਸਵੀ ਨੂੰ ਇਹ ਆਮ ਲੋਕਾਂ ਨੂੰ ਸਮਰਪਿਤ ਕਰ ਦਿੱਤਾ ਗਿਆ।

ਵਿਰਾਸਤ-ਏ-ਖ਼ਾਲਸਾ ਦਾ ਮੂਲ ਉਦੇਸ਼ ਅਮੀਰ ਸਿੱਖ-ਵਿਰਾਸਤ, ਸਿੱਖ-ਗੁਰੂਆਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦੀਵੀ ਸੰਦੇਸ਼ਾਂ ਨੂੰ ਅਜੋਕੀ ਅਤੇ ਆਉਣ ਵਾਲ਼ੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦੇ ਨਾਲ਼-ਨਾਲ਼ ਪੰਜਾਬੀ ਸੱਭਿਆਚਾਰ ਦੇ ਵੱਖ-ਵੱਖ ਪਹਿਲੂਆਂ ਦਾ ਚਿਤਰਨ ਕਰਨਾ ਹੈ।

ਵਿਰਾਸਤ-ਏ-ਖ਼ਾਲਸਾ ਦੀਆਂ ਸੁੰਦਰ ਇਮਾਰਤਾਂ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਸਥਿੱਤ ਹਨ। 120 ਏਕੜ 'ਚ ਫੈਲੇ ਵਿਰਾਸਤ-ਏ-ਖ਼ਾਲਸਾ ਦੀਆਂ ਇਮਾਰਤਾਂ ਸ੍ਰੀ ਅਨੰਦਪੁਰ ਸਾਹਿਬ ਦੀ ਕਿਸੇ ਹੋਰ ਧਾਰਮਿਕ ਜਾਂ ਇਤਿਹਾਸਿਕ ਇਮਾਰਤ ਨਾਲ਼ ਮੇਲ਼ ਨਹੀਂ ਖਾਂਦੀਆਂ। ਇਸ ਦਾ ਮਟਮੈਲ਼ਾ ਰੰਗ ਪ੍ਰਾਚੀਨ ਹੋਣ ਦਾ ਭੁਲੇਖਾ ਪਾਉਂਦਾ ਹੈ। ਇਸ ਦੇ ਨਿਰਮਾਣ-ਕਾਰਜ ਵਿੱਚ ਰੇਤੀਲਾ ਪੱਥਰ ਵਰਤਿਆ ਗਿਆ ਹੈ।

ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ੍ਰੀ ਅਨੰਦਪੁਰ ਸਾਹਿਬ ਫ਼ਾਊਂਡੇਸ਼ਨ ਦੀ ਯੋਗ ਅਗਵਾਈ 'ਚ ਸਥਾਪਿਤ ਕੀਤੇ ਗਏ ਵਿਰਾਸਤ-ਏ-ਖ਼ਾਲਸਾ ਅੰਦਰ ਦਾਖ਼ਲ ਹੋਣ ਲਈ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲ਼ੇ ਪਾਸੇ ਅਤੇ ਭਵਨ ਦੇ ਅੰਦਰ ਪਾਰਕਿੰਗ ਵਾਲ਼ੀ ਥਾਂ ਦੇ ਨਜ਼ਦੀਕ ਪਾਸ ਜਾਰੀ ਕਰਨ ਲਈ ਕਾਊਂਟਰ ਖੋਲ੍ਹੇ ਗਏ ਹਨ। ਸਵੇਰੇ 8 ਵਜੇ ਤੋਂ ਲੈ ਕੇ ਸ਼ਾਮੀਂ 8 ਵਜੇ ਤੱਕ ਵੇਖਣ ਵਾਲ਼ਿਆਂ ਲਈ ਦੋਂਹਾਂ ਪਾਸਿਆਂ ਤੋਂ ਨਿਰਵਿਘਨ ਪਾਸ ਜਾਰੀ ਕੀਤੇ ਜਾਂਦੇ ਹਨ। ਇੱਕ ਪਾਸ ਰਾਹੀਂ ਇੱਕੋ ਸਮੇਂ 10 ਦਰਸ਼ਕ ਕੇਵਲ 2 ਘੰਟਿਆਂ ਲਈ ਅੰਦਰ ਜਾ ਸਕਦੇ ਹਨ। ਰੋਜ਼ਾਨਾ ਲਗ-ਪਗ 7 ਹਜ਼ਾਰ ਤੋਂ 8 ਹਜ਼ਾਰ ਦੀ ਗਿਣਤੀ ਵਿੱਚ ਦਰਸ਼ਕ ਇੱਥੇ ਪਹੁੰਚਦੇ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਗੁਰਧਾਮਾਂ ਅਤੇ ਹਿਮਾਚਲ ਪ੍ਰਦੇਸ਼ ਦੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਵਾਲ਼ੇ ਸ਼ਰਧਾਲੂ ਵੀ ਆਉਂਦੇ-ਜਾਂਦੇ ਵਿਰਾਸਤ-ਏ-ਖ਼ਾਲਸਾ ਵੇਖਣ ਲਈ ਪਹੁੰਚਦੇ ਹਨ। ਹਰੇਕ ਸਾਲ ਲੱਖਾਂ ਦੀ ਗਿਣਤੀ 'ਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀ ਵੀ ਇੱਥੇ ਆਉਂਦੇ ਹਨ। ਇਸ ਨੂੰ ਵੇਖਣ ਲਈ ਹਰ ਇੱਕ ਮਿੰਟ ਬਾਅਦ 10 ਸੈਲਾਨੀਆਂ ਨੂੰ ਅੰਦਰ ਭੇਜਿਆ ਜਾਂਦਾ ਹੈ ਤਾਂਜੋ ਉਹ ਇਸ ਨੂੰ ਸਹੀ ਢੰਗ ਨਾਲ਼ ਆਡੀਓ-ਨੈਰੇਟਿਵ ਤਕਨੀਕ ਰਾਹੀਂ ਵੇਖ ਸਕਣ।

ਵਿਰਾਸਤ-ਏ-ਖ਼ਾਲਸਾ ਹਰੇਕ ਸੋਮਵਾਰ ਤੋਂ ਬਿਨਾਂ ਹਫ਼ਤੇ ਦੇ ਬਾਕੀ 6 ਦਿਨ ਖੁੱਲ੍ਹਾ ਰਹਿੰਦਾ ਹੈ। ਇਸ ਤੋਂ ਬਿਨਾਂ ਰਾਸ਼ਟਰੀ ਅਜਾਇਬ ਘਰਾਂ ਦੀ ਤਰਜ਼ 'ਤੇ ਇੱਥੇ ਗਣਤੰਤਰਤਾ ਦਿਵਸ, ਸੁਤੰਤਰਤਾ ਦਿਵਸ, ਗਾਂਧੀ-ਜਯੰਤੀ, ਦਸਹਿਰੇ ਅਤੇ ਦਿਵਾਲ਼ੀ ਦੇ ਮੌਕੇ 'ਤੇ ਛੁੱਟੀ ਰਹਿੰਦੀ ਹੈ।

ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲ਼ੇ ਪਾਸਿਓਂ ਪ੍ਰਵੇਸ਼ ਕਰਨ 'ਤੇ ਸ਼ਿਵਾਲਿਕ ਦੀਆਂ ਪਹਾੜੀਆਂ, ਆਸ-ਪਾਸ ਦਾ ਹਰਿਆਵਲ ਭਰਿਆ ਵਾਤਾਵਰਨ ਅਤੇ ਵਿਰਾਸਤ-ਏ-ਖ਼ਾਲਸਾ ਦੀਆਂ ਸਾਰੀਆਂ ਇਮਾਰਤਾਂ ਵਿਖਾਈ ਦਿੰਦੀਆਂ ਹਨ। ਪੂਰਬ ਵਾਲ਼ੇ ਪਾਸਿਓਂ ਦਾਖ਼ਲ ਹੋਣ 'ਤੇ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਅਤੇ ਵਿਰਾਸਤ-ਏ-ਖ਼ਾਲਸਾ ਦੀਆਂ ਉੱਚੀਆਂ-ਲੰਮੀਆਂ ਇਮਾਰਤਾਂ ਵੇਖੀਆਂ ਜਾ ਸਕਦੀਆਂ ਹਨ। ਦੋਂਹੀਂ ਪਾਸੀਂ ਦਾਖ਼ਲੇ ਸਮੇਂ ਸੁਰੱਖਿਆ-ਕਰਮਚਾਰੀ ਦਰਸ਼ਕਾਂ ਦੇ ਸਮਾਨ ਦੀ ਅਸਲੇ ਅਤੇ ਵਿਸਫੋਟਕ ਸਮਗਰੀ ਦੇ ਸ਼ੱਕ 'ਚ ਪੜਤਾਲ ਕਰਕੇ ਅੱਗੇ ਤੋਰਦੇ ਹਨ।

ਵਿਰਾਸਤ-ਏ-ਖ਼ਾਲਸਾ ਦੇ ਭਵਨ-ਸਮੂਹ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ। ਪੱਛਮੀ ਦਿਸ਼ਾ 'ਚ ਪਹਿਲੇ ਭਾਗ ਤਹਿਤ ਪੁਸਤਕਾਲਾ, 400 ਸੀਟਾਂ ਦੀ ਸਮਰੱਥਾ ਵਾਲ਼ਾ ਸ੍ਰੋਤਾ-ਭਵਨ ਅਤੇ 1200 ਵਰਗ ਮੀਟਰ ਦਾ ਪ੍ਰਦਰਸ਼ਨੀ-ਹਾਲ ਸ਼ਾਮਲ ਹਨ। ਦੂਜੇ ਭਾਗ ਤਹਿਤ 7 ਏਕੜ ਵਿੱਚ ਪਾਣੀ ਫੈਲਿਆ ਹੋਇਆ ਹੈ। ਇਸ ਅੰਦਰ ਮੌਜੂਦ ਕੈਫ਼ੇਟੇਰੀਆ 'ਚੋਂ ਵੇਖਣ ਵਾਲ਼ੇ ਆਪਣੀ ਇੱਛਾ ਅਨੁਸਾਰ ਪੈਸੇ ਖ਼ਰਚ ਕੇ ਖਾਣ-ਪੀਣ ਯੋਗ ਵਸਤਾਂ ਖਰੀਦ ਸਕਦੇ ਹਨ। ਭਵਨ ਦੇ ਤੀਸਰੇ ਹਿੱਸੇ ਵਿੱਚ ਕਿਸ਼ਤੀ-ਇਮਾਰਤ, ਢੋਲ-ਇਮਾਰਤ, ਪੰਜ ਫੁੱਲ-ਪੱਤੀ ਇਮਾਰਤ ਅਤੇ ਦੂਜ ਦੇ ਚੰਦ ਜਾਂ ਕਲਗ਼ੀਨੁਮਾ ਇਮਾਰਤ ਦੀ ਹਰ ਇੱਕ ਗੈਲਰੀ ਵੇਖਣਯੋਗ ਹੈ।

ਵਿਰਾਸਤ-ਏ-ਖ਼ਾਲਸਾ ਦੇ ਪੱਛਮੀ ਹਿੱਸੇ ਨੂੰ ਪੂਰਬੀ ਹਿੱਸੇ ਨਾਲ਼ 165 ਮੀਟਰ ਲੰਮਾ ਪੁਲ਼ ਜੋੜਦਾ ਹੈ। ਪੂਰਬੀ ਹਿੱਸੇ 'ਚ ਦਾਖ਼ਲ ਹੋਣ ਤੋਂ ਪਹਿਲਾਂ ਦਰਸ਼ਕ ਗਠੜੀ-ਘਰ ਵਿੱਚ ਸਮਾਨ ਜਮ੍ਹਾ ਕਰਵਾਉਂਦੇ ਹਨ। ਇੱਥੇ ਦਰਸ਼ਕਾਂ ਲਈ ਵਾਸ਼-ਰੂਮ, ਅਗਵਾਈ-ਕੇਂਦਰ ਤੇ ਸੁਆਗਤੀ-ਕੇਂਦਰ ਸਥਾਪਿਤ ਕੀਤੇ ਗਏ ਹਨ। ਕਿਸ਼ਤੀ-ਇਮਾਰਤ ਦੇ ਬਾਹਰ ਕੰਧ ਉੱਪਰ ਲੱਗੀ ਸਕਰੀਨ ਦੇ ਰਾਹੀਂ ਅੰਦਰਲੀ ਹਰ ਇੱਕ ਗੈਲਰੀ ਬਾਰੇ ਸੰਖੇਪ ਮਾਤਰ ਫ਼ਿਲਮ ਵੇਖਣ ਨੂੰ ਮਿਲ਼ਦੀ ਹੈ।

ਵਿਰਾਸਤ-ਏ-ਖ਼ਾਲਸਾ ਦੀ ਕਿਸ਼ਤੀਨੁਮਾ ਇਮਾਰਤ ਵਿੱਚ ਸਥਾਪਿਤ ਪਹਿਲੀ ਗੈਲਰੀ ਦੇ ਜ਼ਰੀਏ ਪੁਰਾਤਨ ਪੰਜਾਬ ਤੋਂ ਲੈ ਕੇ ਆਧੁਨਿਕ ਪੰਜਾਬ ਤੱਕ ਵਿਕਾਸ ਦੀ ਰੰਗਲੀ ਝਾਕੀ ਵੇਖੀ ਜਾ ਸਕਦੀ ਹੈ। ਇੱਥੇ ਹਨੇਰੇ ਵਿੱਚ ਅੰਦਰ ਵੜਦਿਆਂ ਚਿੜੀਆਂ ਦੇ ਬੋਲਣ ਦੀ ਅਵਾਜ਼, ਵੱਖ-ਵੱਖ ਧਾਰਮਿਕ ਸਥਾਨਾਂ 'ਚੋਂ ਨਿਕਲ਼ਦੀਆਂ ਅਵਾਜ਼ਾਂ ਅਤੇ ਸੰਗੀਤਿਕ ਬੋਲ ਸਵੇਰ ਹੋਣ ਵੱਲ ਇਸ਼ਾਰਾ ਕਰਦੇ ਹਨ। ਇੱਥੇ ਆਕਰਸ਼ਕ ਚਿੱਤਰ-ਕਲਾ ਅਤੇ ਪੰਜਾਬੀ ਲੋਕ-ਗੀਤਾਂ ਰਾਹੀਂ ਸਵੇਰ ਤੋਂ ਰਾਤ ਪੈਣ ਤੱਕ ਪੰਜਾਬੀਆਂ ਦੇ ਰੋਜ਼ਾਨਾ ਜੀਵਨ ਦੀਆਂ ਖ਼ੂਬਸੂਰਤ ਝਲਕੀਆਂ ਪੇਸ਼ ਕੀਤੀਆਂ ਗਈਆਂ ਹਨ। ਕਿਸ਼ਤੀ-ਇਮਾਰਤ ਦੀ ਛੱਤ ਵੱਲ ਉੱਪਰ ਵੇਖੀਏ ਤਾਂ ਇਹ ਕੱਚ ਦੀ ਨਜ਼ਰ ਆਉਂਦੀ ਹੈ ਪਰ ਜਦੋਂ ਹੇਠਾਂ ਵੇਖਦੇ ਹਾਂ ਤਾਂ ਖੂਹ ਦੀ ਤਰ੍ਹਾਂ ਪਾਣੀ ਨਜ਼ਰ ਆਉਂਦਾ ਹੈ। ਇੱਥੇ ਮੂੰਹ-ਬੋਲਦੀਆਂ ਤਸਵੀਰਾਂ ਦੇ ਨਾਲ਼-ਨਾਲ਼ ਬਾਗ਼-ਫੁਲਕਾਰੀ ਦੇ ਉੱਤਮ ਨਮੂਨੇ ਵੀ ਵੇਖੇ ਜਾ ਸਕਦੇ ਹਨ। ਇਸ ਗੈਲਰੀ ਵਿੱਚ ਖ਼ਾਲਸਾਈ ਰੰਗ 'ਚ ਰੰਗੇ ਅਨੇਕਾਂ ਚਿੱਤਰ-ਕਲਾ ਦੇ ਨਮੂਨੇ ਵੀ ਨਜ਼ਰ ਆਉਂਦੇ ਹਨ।

ਤਿਕੋਣਨੁਮਾ ਸਥਾਨ 'ਤੇ ਦੂਸਰੀ ਗੈਲਰੀ 'ਚ ਦਾਖ਼ਲ ਹੋਣ ਲੱਗਿਆਂ ਦਰਸ਼ਕਾਂ ਨੂੰ ਇੱਛਾ ਅਨੁਸਾਰ ਆਡੀਓ-ਗਾਈਡ ਅਰਥਾਤ ਆਪਣੇ-ਆਪ ਜਾਣਕਾਰੀ ਦੇਣ ਵਾਲ਼ੇ ਸੁਣਨਯੋਗ ਯੰਤਰ ਦਿੱਤੇ ਜਾਂਦੇ ਹਨ। ਇੱਥੇ ਆਡੀਓ-ਗਾਈਡ ਦੀ ਵਰਤੋਂ ਕਰਨ ਸੰਬੰਧੀ ਨਮੂਨਾ-ਮਾਤਰ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਇਸ ਸੁਣਨਯੋਗ ਯੰਤਰ ਨੂੰ ਲੈ ਕੇ ਦਰਸ਼ਕ ਜਿਸ ਵੀ ਗੈਲਰੀ ਵਿੱਚ ਜਾਂਦਾ ਹੈ, ਉਸ ਬਾਰੇ ਜਾਣਕਾਰੀ ਆਪਣੇ-ਆਪ ਕੰਨਾਂ ਨੂੰ ਸੁਣਾਈ ਦੇਣ ਲੱਗਦੀ ਹੈ। ਪੰਜਾਬੀ ਭਾਸ਼ਾ ਵਿੱਚ ਸੁਰਜੀਤ ਪਾਤਰ ਅਤੇ ਦਿਵਿਆ ਦੱਤਾ ਜਦੋਂ ਕਿ ਅੰਗਰੇਜ਼ੀ ਦੀ ਚੋਣ ਕਰਨ 'ਤੇ ਕਬੀਰ ਬੇਦੀ ਦੀਆਂ ਮਧੁਰ ਅਵਾਜ਼ਾਂ ਕੰਨੀਂ ਪੈਂਦੀਆਂ ਹਨ।

ਇਸ ਗੈਲਰੀ ਵਿੱਚ ਪੰਦਰ੍ਹਵੀਂ ਸਦੀ ਦੇ ਪੰਜਾਬ ਬਾਰੇ ਕਈ ਪੱਖਾਂ 'ਤੇ ਚਾਨਣਾ ਪਾਇਆ ਗਿਆ ਹੈ। ਇਸ ਗੈਲਰੀ ਰਾਹੀਂ ਪੰਦ੍ਹਰਵੀਂ ਸਦੀ 'ਚ ਲੋਧੀ-ਵੰਸ਼, ਕਰਮ-ਕਾਂਡ, ਅੰਧ-ਵਿਸ਼ਵਾਸ,ਜਾਤੀ-ਪ੍ਰਥਾ, ਔਰਤ ਦੀ ਤਰਸਯੋਗ ਸਥਿਤੀ, ਰਾਜਿਆਂ ਦੀ ਐਸ਼ਪ੍ਰਸਤੀ ਤੇ ਨੁਕਸਦਾਰ ਕਰ-ਪ੍ਰਨਾਲ਼ੀ ਬਾਰੇ ਇਤਿਹਾਸਿਕ ਵਰਨਣ ਮਿਲ਼ਦਾ ਹੈ।

ਵਿਰਾਸਤ-ਏ-ਖ਼ਾਲਸਾ ਦੀ ਢੋਲ-ਇਮਾਰਤ ਵਿੱਚ ਤੀਸਰੀ ਗੈਲਰੀ ਦੀ ਸਥਾਪਨਾ ਕੀਤੀ ਗਈ ਹੈ ਜਿਸ ਨੂੰ ਤਾਰਾ-ਮੰਡਲ ਵੀ ਕਿਹਾ ਜਾਂਦਾ ਹੈ। ਸਰਬ-ਵਿਆਪਕ ਪਰਮਾਤਮਾ ਦੇ ਤੇਜ ਨੂੰ ੧ੴ ਦੇ ਰੂਪ ਵਿੱਚ 2462 ਜਗਦੇ ਮੋਤੀਨੁਮਾ ਤਾਰਿਆਂ ਦੀ ਮਦਦ ਨਾਲ਼ ਰੂਪਮਾਨ ਕੀਤਾ ਗਿਆ ਹੈ। ਇੱਥੇ ਸੁਣਨਯੋਗ ਯੰਤਰਾਂ ਰਾਹੀਂ ਸਿੱਖ ਧਰਮ ਦੀਆਂ ਮੂਲ ਵਿਸ਼ੇਸ਼ਤਾਵਾਂ ਬਾਰੇ ਸੁਣਿਆ ਜਾ ਸਕਦਾ ਹੈ।

ਭਵਨ ਦੀ ਫੁੱਲ-ਪੱਤੀ ਇਮਾਰਤ ਦੇ ਅੰਦਰ ਪਹਿਲੇ ਸਿੱਖ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਪੰਜਵੇਂ ਗੁਰੂ ਅਰਜਨ ਦੇਵ ਜੀ ਤੱਕ ਗੁਰੂ ਸਾਹਿਬਾਨ ਦੇ ਜੀਵਨ, ਰਚਨਾ ਤੇ ਕੌਮ ਨੂੰ ਦੇਣ ਬਾਰੇ ਵਡਮੁੱਲੀ ਜਾਣਕਾਰੀ ਕੰਧ-ਚਿੱਤਰਾਂ ਰਾਹੀਂ ਪ੍ਰਦਰਸ਼ਿਤ ਕੀਤੀ ਗਈ ਹੈ। ਇਸ ਇਮਾਰਤ ਦੇ ਪੰਜ ਪੱਤੇ ਜਿੱਥੇ ਪਹਿਲੇ ਪੰਜ ਗੁਰੂਆਂ ਦੇ ਪ੍ਰਤੀਕ ਹਨ, ਉੱਥੇ ਸਿੱਖ-ਧਰਮ 'ਚ 'ਪੰਜ' ਦੇ ਮਹੱਤਵ ਨੂੰ ਵੀ ਦ੍ਰਿੜ੍ਹਾਉਂਦੇ ਹਨ।

ਪੰਜ ਫੁੱਲ-ਪੱਤੀ ਇਮਾਰਤ ਵਿੱਚ ਮੌਜੂਦ ਚੌਥੀ ਗੈਲਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਉਦਾਸੀਆਂ ਅਤੇ ਪ੍ਰਮੁੱਖ ਘਟਨਾਵਾਂ ਦੀ ਮੂੰਹ-ਬੋਲਦੀ ਤਸਵੀਰ ਹੈ।

ਪੰਜਵੀਂ ਗੈਲਰੀ 'ਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਸਾਹਿਬ ਵਿਖੇ ਖੇਤੀ ਕਰਨ, ਬਾਣੀ-ਰਚਨਾ ਕਰਨ, ਅਚਲ ਬਟਾਲੇ ਤੇ ਪਾਕਪਟਨ ਦੀ ਯਾਤਰਾ ਦੇ ਜ਼ਿਕਰ ਤੋਂ ਬਿਨਾਂ ਭਾਈ ਲਹਿਣਾ ਜੀ ਨੂੰ ਗੁਰਗੱਦੀ ਸੌਂਪਣ ਬਾਰੇ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।

ਛੇਵੀਂ ਗੈਲਰੀ 'ਚ ਦਾਖ਼ਲ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਗੁਰਮੁਖੀ ਲਿਪੀ ਦੇ ਸੁਧਾਰ ਤੇ ਪ੍ਰਚਾਰ,

ਬਾਣੀ-ਰਚਨਾ ਅਤੇ ਸਿੱਖੀ-ਪ੍ਰਚਾਰ ਬਾਰੇ ਚਿੱਤਰਾਂ ਦੇ ਹਵਾਲੇ ਨਾਲ਼ ਗਿਆਨ 'ਚ ਵਾਧਾ ਹੁੰਦਾ ਹੈ। ਇਸੇ ਗੈਲਰੀ 'ਚੋਂ ਤੀਸਰੇ ਗੁਰੂ ਅਰਮਦਾਸ ਜੀ ਦੁਆਰਾ 22 ਮੰਜੀਆਂ ਦੀ ਸਥਾਪਨਾ, ਲੰਗਰ-ਪ੍ਰਥਾ ਦੀ ਰਵਾਇਤ, ਇਸਤਰੀ ਦੀ ਦਸ਼ਾ 'ਚ ਸੁਧਾਰ ਲਈ ਯਤਨ, ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ ਬਾਉਲ਼ੀ ਦਾ ਨਿਰਮਾਣ, ਅੰਧ-ਵਿਸ਼ਵਾਸ ਤੇ ਜਾਤ-ਪਾਤ ਦੇ ਵਿਰੋਧ ਆਦਿ ਬਾਰੇ ਕੀਮਤੀ ਗਿਆਨ ਇਕੱਠਾ ਕੀਤਾ ਜਾ ਸਕਦਾ ਹੈ।

ਪੰਜ-ਪੱਤੀ ਇਮਾਰਤ ਦੀ ਸੱਤਵੀਂ ਗੈਲਰੀ ਚੌਥੇ ਸਿੱਖ ਸ੍ਰੀ ਗੁਰੂ ਰਾਮਦਾਸ ਜੀ ਨਾਲ਼ ਸੰਬੰਧਿਤ ਹੈ ਜਿਸ ਵਿੱਚ ਅੰਮ੍ਰਿਤ-ਸਰੋਵਰ ਦਾ ਨਿਰਮਾਣ, ਕੀਰਤਨ-ਪਰੰਪਰਾ ਤੇ ਬਾਣੀ-ਰਚਨਾ ਆਦਿ ਬਾਰੇ ਦਰਸ਼ਕ ਜਾਣਕਾਰੀ ਪ੍ਰਾਪਤ ਕਰਦੇ ਹਨ।

ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦੀ ਉਸਾਰੀ, ਸ੍ਰੀ ਆਦਿ ਗ੍ਰੰਥ ਦਾ ਸੰਕਲਨ, ਦਰਬਾਰ ਸਾਹਿਬ ਵਿਖੇ ਬਾਬਾ ਬੁੱਢਾ ਜੀ ਦੁਆਰਾ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਆਦਿ ਮਹੱਤਵਪੂਰਨ ਵੇਰਵੇ ਸ੍ਰੀ ਗੁਰੂ ਅਰਜਨ ਦੇਵ ਜੀ ਨਾਲ਼ ਸੰਬੰਧਿਤ ਅੱਠਵੀਂ ਗੈਲਰੀ 'ਚੋਂ ਵੇਖੇ ਜਾ ਸਕਦੇ ਹਨ।

ਵਿਰਾਸਤ-ਏ-ਖ਼ਾਲਸਾ ਦੀ ਨੌਂਵੀਂ ਗੈਲਰੀ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਪ੍ਰਤੀਕ ਤੱਤੀ ਤਵੀ ਨੂੰ ਦਰਸਾਉਂਦੀ ਹੈ। ਇਹ ਗੈਲਰੀ ਕਿਸੇ ਵੀ ਇਮਾਰਤ ਦੇ ਅੰਦਰ ਨਹੀਂ ਸਗੋਂ ਇਸ ਦਾ ਨਿਰਮਾਣ ਬਾਹਰ ਛੱਤ 'ਤੇ ਖੁੱਲ੍ਹੀ, ਢੁਕਵੀਂ ਥਾਂ 'ਤੇ ਕੀਤਾ ਗਿਆ ਹੈ। ਇੱਥੇ ਤਵੀ ਦੇ ਕੋਲ਼ ਖੜ੍ਹ ਕੇ ਕਿਸ਼ਤੀ-ਇਮਾਰਤ ਦੀ ਛੱਤ ਉੱਪਰ ਰੋਕੇ ਪਾਣੀ 'ਚੋਂ ਕਿਲ੍ਹਾ ਅਨੰਦਗੜ੍ਹ ਸਾਹਿਬ ਦੀ ਝਲਕ ਸਾਫ਼ ਵੇਖੀ ਜਾ ਸਕਦੀ ਹੈ।

ਦਸਵੀਂ ਗੈਲਰੀ ਦਾ ਨਿਰਮਾਣ ਵੱਡੀਆਂ ਪੌੜੀਆਂ ਕੋਲ਼ ਕੀਤਾ ਗਿਆ ਹੈ ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੁਆਰਾ ਧਾਰਨ ਕੀਤੀਆਂ ਮੀਰੀ-ਪੀਰੀ ਦੀਆਂ ਪ੍ਰਤੀਕ ਦੋ ਲੰਮੀਆਂ ਤਲਵਾਰਾਂ ਵੇਖੀਆਂ ਜਾ ਸਕਦੀਆਂ ਹਨ।

ਵਿਰਾਸਤ-ਏ-ਖ਼ਾਲਸਾ ਦੀ ਕ੍ਰੀਸੈਂਟ ਅਰਥਾਤ ਦੂਜ ਦੇ ਚੰਦ ਜਾਂ ਕਲਗ਼ੀਨੁਮਾ ਇਮਾਰਤ 'ਚ ਸਥਾਪਿਤ ਗਿਆਰ੍ਹਵੀਂ ਗੈਲਰੀ ਵਿੱਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ, ਕਲਿਆਣਕਾਰੀ ਕਾਰਜ ਤੇ ਲੜਾਈਆਂ ਬਾਰੇ ਮਹੱਤਵਪੂਰਨ ਵੇਰਵੇ ਵੇਖਣ-ਸੁਣਨ ਨੂੰ ਮਿਲ਼ਦੇ ਹਨ। ਇਸੇ ਗੈਲਰੀ 'ਚੋਂ ਕੁਝ ਜਾਣਕਾਰੀ ਗੁਰੂ ਹਰਿਰਾਏ ਜੀ ਤੇ ਗੁਰੂ ਹਰਿਕ੍ਰਿਸ਼ਨ ਜੀ ਸਾਹਿਬ ਨਾਲ਼ ਵੀ ਸੰਬੰਧਿਤ ਹੈ।

ਬਾਰ੍ਹਵੀਂ ਗੈਲਰੀ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਿਤ ਕੀਤੀ ਗਈ ਹੈ। ਇਸ ਗੈਲਰੀ 'ਚੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ ਤੇ ਕੁਰਬਾਨੀ ਸੰਬੰਧੀ ਗਿਆਨ ਮਿਲ਼ਦਾ ਹੈ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਹੋਣ, ਜ਼ੁਲਮ ਖ਼ਿਲਾਫ਼ ਲੜਾਈਆਂ ਕਰਨ ਤੇ ਉਹਨਾਂ ਦੇ ਨਿੱਗਰ ਵਿਅਕਤੀਤਵ ਦੇ ਵੱਖ-ਵੱਖ ਪੱਖਾਂ 'ਤੇ ਚਾਨਣਾ ਪਾਇਆ ਗਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸ੍ਰੀ ਅਨੰਦਪੁਰ ਸਾਹਿਬ ਵਿਖੇ 13 ਅਪਰੈਲ,1699 ਈਸਵੀ ਨੂੰ ਖ਼ਾਲਸਾ ਪੰਥ ਦੀ ਸਥਾਪਨਾ ਕਰਨ ਸੰਬੰਧੀ ਆਕਰਸ਼ਕ ਝਾਕੀ ਤੁਸੀਂ ਤੇਰ੍ਹਵੀਂ ਗੈਲਰੀ 'ਚੋਂ ਵੇਖ ਸਕਦੇ ਹੋ।

ਚੌਦ੍ਹਵੀਂ ਗੈਲਰੀ ਦਰਸ਼ਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਦੀਵੀ ਸੰਦੇਸ ਤੋਂ ਜਾਣੂ ਕਰਵਾਉਂਦੀ ਹੈ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ-ਸੰਘਰਸ਼, ਵੱਖ-ਵੱਖ ਯੁੱਧਾਂ, ਸਰਬੰਸ ਦੀ ਕੁਰਬਾਨੀ ਤੇ ਕੌਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਉਣ ਬਾਰੇ ਵੇਰਵੇ ਵੱਖ-ਵੱਖ ਢੰਗਾਂ ਰਾਹੀਂ ਉਪਲਬਧ ਕਰਵਾਏ ਜਾਂਦੇ ਹਨ। ਸੁਣਨ ਵਾਲ਼ੇ ਯੰਤਰ ਜਮ੍ਹਾ ਕਰਵਾ ਕੇ ਦਰਸ਼ਕ ਆਖ਼ਰੀ ਗੈਲਰੀ 'ਚੋਂ ਬਾਹਰ ਜਾਂਦੇ ਹਨ।

ਸਰਕਾਰ ਵੱਲੋਂ ਵਿਰਾਸਤ-ਏ-ਖ਼ਾਲਸਾ ਦੇ ਰੱਖ-ਰਖਾਅ ਤੇ ਵਿਕਾਸ ਲਈ ਵਿੱਤੀ ਸਹਾਇਤਾ ਦਿੱਤੀ ਜਾ

ਰਹੀ ਹੈ। ਵਿਰਾਸਤ-ਏ-ਖ਼ਾਲਸਾ ਦੇ ਅੰਦਰ ਵੀ ਇੱਕ ਦਾਨ-ਕੇਂਦਰ ਖੋਲ੍ਹਿਆ ਗਿਆ ਹੈ ਜਿੱਥੇ ਦਰਸ਼ਕ ਸ੍ਵੈ-ਇੱਛਾ ਤੇ ਸਮਰੱਥਾ ਅਨੁਸਾਰ ਦਾਨ ਕਰਦੇ ਹਨ। ਧਰਮ, ਇਤਿਹਾਸ ਤੇ ਸੱਭਿਆਚਾਰ ਦੇ ਇਸ ਅਜੂਬੇ ਲਈ ਦੂਰ ਬੈਠੇ ਦਾਨੀ ਸੱਜਣ ਇੰਟਰਨੈੱਟ ਰਾਹੀਂ ਵੀ ਦਾਨ ਦੇ ਪਾਤਰ ਬਣ ਸਕਦੇ ਹਨ। ਦਾਨ ਇਕੱਤਰੀਕਰਨ-ਕੇਂਦਰ ਤੋਂ ਦਰਸ਼ਕ ਵਿਰਾਸਤ-ਏ-ਖ਼ਾਲਸਾ ਸੰਬੰਧੀ ਮੁਫ਼ਤ 'ਚ ਸਾਹਿਤ ਵੀ ਪ੍ਰਾਪਤ ਕਰ ਸਕਦੇ ਹਨ।

ਵਿਰਾਸਤ-ਏ-ਖ਼ਾਲਸਾ ਦੇ ਅੰਦਰ ਸਫ਼ਾਈ ਤੇ ਅਨੁਸ਼ਾਸ਼ਨ ਦੀ ਝਲਕ ਪ੍ਰਤੱਖ ਨਜ਼ਰ ਆਉਂਦੀ ਹੈ। ਸੁਰੱਖਿਆ-ਕਰਮਚਾਰੀਆਂ ਤੇ ਨੀਲ਼ੇ-ਪੀਲ਼ੇ ਰੰਗਾਂ ਦੇ ਬਾਣਿਆਂ 'ਚ ਸਜੇ ਕੁਸ਼ਲ ਅਗਵਾਈਕਾਰਾਂ ਵੱਲੋਂ ਦਰਸ਼ਕਾਂ ਨੂੰ ਲੁੜੀਂਦੀ ਜਾਣਕਾਰੀ, ਸਹਾਇਤਾ ਤੇ ਅਗਵਾਈ ਦਿੱਤੀ ਜਾਂਦੀ ਹੈ। ਸਰੀਰਿਕ ਤੌਰ 'ਤੇ ਅਪਾਹਜ ਦਰਸ਼ਕਾਂ ਲਈ ਸੀਮਿਤ ਤੁਰਨ ਵਾਲ਼ੀਆਂ ਕੁਰਸੀਆਂ ਵੀ ਉਪਲਬਧ ਹਨ। ਬਿਮਾਰ ਤੇ ਬਜ਼ੁਰਗ ਵਿਅਕਤੀ ਲਿਫ਼ਟ ਦਾ ਵੀ ਸਹਾਰਾ ਲੈ ਸਕਦੇ ਹਨ। ਭਵਨ ਦੇ ਅੰਦਰਲੇ ਤਾਪਮਾਨ ਨੂੰ ਗਰਮੀ-ਸਰਦੀ 'ਚ ਸਰੀਰ ਦੇ ਅਨੁਕੂਲ ਰੱਖਿਆ ਜਾਂਦਾ ਹੈ।

ਵਿਰਾਸਤ-ਏ-ਖ਼ਾਲਸਾ ਵਿੱਚ ਸੁਰੱਖਿਆ ਦੇ ਪੁਖ਼ਤਾ ਇੰਤਜ਼ਾਮ ਹਨ ਜਿਸ ਦੇ ਮੱਦੇ-ਨਜ਼ਰ ਦਰਸ਼ਕਾਂ ਲਈ ਕੁਝ ਮਨਾਹੀਆਂ ਦੇ ਹੁਕਮ ਜਾਰੀ ਕੀਤੇ ਗਏ ਹਨ। ਕਿਸੇ ਵੀ ਗੈਲਰੀ ਦੇ ਅੰਦਰ ਤਸਵੀਰਾਂ ਖਿੱਚਣ ਤੇ ਮੂਵੀ ਬਣਾਉਣ ਦੀ ਸਖ਼ਤ ਮਨਾਹੀ ਹੈ। ਇਸ ਪ੍ਰਕਾਰ ਦਰਸ਼ਕਾਂ ਨੂੰ ਕਿਸੇ ਵੀ ਗੈਲਰੀ ਅੰਦਰ ਕੈਮਰੇ, ਮੋਬਾਈਲ ਫ਼ੋਨ, ਹਥਿਆਰ, ਖਾਧ-ਸਮਗਰੀ, ਥੈਲੇ, ਪਾਲਤੂ ਜਾਨਵਰ, ਸੰਗੀਤਿਕ ਯੰਤਰ, ਛਤਰੀ ਤੇ ਨਸ਼ਾ ਆਦਿ ਲੈ ਕੇ ਜਾਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਇਸ ਤੋਂ ਬਿਨਾਂ ਭਵਨ ਦੀਆਂ ਕੋਮਲ-ਕਲਾਵਾਂ ਨੂੰ ਹੱਥ ਨਾਲ਼ ਛੂਹ ਕੇ ਵੇਖਣ ਦੀ ਵੀ ਮਨਾਹੀ ਹੈ।

ਵਿਰਾਸਤ-ਏ-ਖ਼ਾਲਸਾ ਦੀਆਂ ਹੁਣ ਤੱਕ ਤਿਆਰ ਵੱਖ-ਵੱਖ ਗੈਲਰੀਆਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦੇ ਧਰਮ, ਇਤਿਹਾਸ ਅਤੇ ਸਮਾਜ ਦੀ ਪੇਸ਼ਕਾਰੀ ਕਰਨ ਦੇ ਨਾਲ਼-ਨਾਲ਼ ਹੁਣ ਤੱਕ ਦੇ ਪੰਜਾਬੀ ਸੱਭਿਆਚਾਰ ਦਾ ਸਜੀਵ ਚਿਤਰਨ ਪੇਸ਼ ਕੀਤਾ ਗਿਆ ਹੈ। ਇਸ ਦੇ ਦੂਜੇ ਪੜਾਅ ਤਹਿਤ ਸ੍ਰੀ ਗੁਰੂ ਗੋਬਿਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ, ਸਿੱਖ ਮਿਸਲਾਂ, ਰਿਆਸਤੀ ਰਾਜ, ਸੁਤੰਤਰਤਾ ਸੰਗਰਾਮ ਲਈ ਅੰਦੋਲਨ ਅਤੇ ਸੱਭਿਆਚਾਰਿਕ ਤਬਦੀਲੀਆਂ ਨੂੰ ਹੋਰ ਨਵੀਂਆਂ ਗੈਲਰੀਆਂ ਰਾਹੀਂ ਦਰਸਾਏ ਜਾਣ ਦੀ ਤਜਵੀਜ਼ ਹੈ।

## ਪਾਠ-ਅਭਿਆਸ

**(1) ਦੱਸੋ :-**

(ੳ) ਵਿਰਾਸਤ-ਏ-ਖ਼ਾਲਸਾ ਕਿੱਥੇ ਬਣਿਆ ਹੋਇਆ ਹੈ ?

(ਅ) ਵਿਰਾਸਤ-ਏ-ਖ਼ਾਲਸਾ ਦੀ ਸਥਾਪਨਾ ਦਾ ਮੂਲ ਉਦੇਸ਼ ਕੀ ਹੈ ?

(ੲ) ਵਿਰਾਸਤ-ਏ-ਖ਼ਾਲਸਾ ਦੇ ਪੱਛਮੀ ਤੇ ਪੂਰਬੀ ਹਿੱਸੇ ਦੀਆਂ ਮੁੱਖ ਇਮਾਰਤਾਂ ਦੇ ਨਾਂ ਦੱਸੋ।

(ਹ) ਕਿਸ਼ਤੀ-ਇਮਾਰਤ ਵਿੱਚ ਸਥਾਪਿਤ ਪਹਿਲੀ ਗੈਲਰੀ 'ਚ ਕੀ ਕੁਝ ਵੇਖਣ-ਸੁਣਨ ਨੂੰ ਮਿਲ਼ਦਾ ਹੈ

(ਕ) ਢੋਲ-ਇਮਾਰਤ ਵਿੱਚ ਕੀ ਕੁਝ ਸ਼ਾਮਲ ਕੀਤਾ ਗਿਆ ਹੈ ?

(ਖ) ਪੰਜ ਫੁੱਲ-ਪੱਤੀ ਇਮਾਰਤ 'ਚ ਸਥਾਪਿਤ ਕੀਤੀਆਂ ਗਈਆਂ ਪੰਜ ਗੈਲਰੀਆਂ 'ਚੋਂ ਕਿਹੜੇ-ਕਿਹੜੇ ਸਿੱਖ ਗੁਰੂ ਸਾਹਿਬਾਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ?

(ਗ) ਕ੍ਰੀਸੈਂਟ ਅਰਥਾਤ ਦੂਜ ਦੇ ਚੰਦ ਜਾਂ ਕਲਗ਼ੀਨੁਮਾ ਇਮਾਰਤ 'ਚ ਕਿਸੇ ਇੱਕ ਗੈਲਰੀ ਬਾਰੇ ਜਾਣਕਾਰੀ ਦਿਓ।

(ਘ) ਵਿਰਾਸਤ-ਏ-ਖ਼ਾਲਸਾ ਵਿੱਚ ਦਰਸ਼ਕਾਂ ਲਈ ਕਿਹੜੇ-ਕਿਹੜੇ ਮਨਾਹੀ ਦੇ ਹੁਕਮ ਹਨ ?

(ਙ) ਵਿਰਾਸਤ-ਏ-ਖ਼ਾਲਸਾ 'ਚ ਭਵਿਖ ਦੀਆਂ ਗੈਲਰੀਆਂ 'ਚ ਕੀ ਕੁਝ ਦਰਸਾਏ ਜਾਣ ਦੀ ਤਜਵੀਜ਼ ਹੈ ?

## 2 ਔਖੇ ਸ਼ਬਦਾਂ ਦੇ ਅਰਥ:-

| | | |
|---|---|---|
| ਤ੍ਰੈ-ਸ਼ਤਾਬਦੀ | : | 300 ਸਾਲਾ |
| ਸਦੀਵੀ | : | ਸਦਾ ਰਹਿਣ ਵਾਲ਼ਾ, ਚਿਰ-ਸਥਾਈ |
| ਮਟਮੈਲ਼ਾ | : | ਮਿੱਟੀ-ਰੰਗਾ |
| ਪ੍ਰਾਚੀਨ | : | ਪੁਰਾਣਾ, ਪੁਰਾਤਨ |
| ਪਾਰਕਿੰਗ | : | ਮੋਟਰ-ਗੱਡੀਆਂ ਖੜ੍ਹੀਆਂ ਕਰਨ ਦੀ ਥਾਂ |
| ਨਜ਼ਦੀਕ | : | ਨੇੜੇ, ਕੋਲ਼ |
| ਨਿਰਵਿਘਨ | : | ਰੁਕਾਵਟ ਤੋਂ ਬਿਨਾਂ, ਲਗਾਤਾਰ |
| ਵਿਸਫੋਟਕ | : | ਧਮਾਕਾਖ਼ੇਜ਼ |
| ਗਠੜੀ-ਘਰ | : | ਸਮਾਨ ਜਮ੍ਹਾ ਕਰਵਾਉਣ ਦੀ ਥਾਂ |
| ਗੈਲਰੀ | : | ਚਿੱਤਰਸ਼ਾਲਾ, ਕਲਾ-ਭਵਨ |
| ਸੰਕਲਨ | : | ਸੰਪਾਦਨ |
| ਵਾਸ਼-ਰੂਮ | : | ਪਖਾਨਾ |
| ਇਕੱਤਰੀਕਰਨ | : | ਇਕੱਠਾ ਕਰਨਾ |
| ਇੰਤਜ਼ਾਮ | : | ਪ੍ਰਬੰਧ |
| ਪੁਖ਼ਤਾ | : | ਠੋਸ, ਨਿੱਗਰ, ਤਸੱਲੀਬਖ਼ਸ਼ |
| ਮੱਦੇ-ਨਜ਼ਰ | : | ਧਿਆਨ 'ਚ ਰੱਖਦਿਆਂ |
| ਤਜਵੀਜ਼ | : | ਯੋਜਨਾ |

## 3. ਵਾਕਾਂ 'ਚ ਵਰਤੋ:-

ਤ੍ਰੈ-ਸ਼ਤਾਬਦੀ, ਰੂਪ-ਰੇਖਾ, ਦਿਸ਼ਾ-ਨਿਰਦੇਸ਼, ਫੁੱਲ-ਪੱਤੀ, ਅੰਧ-ਵਿਸ਼ਵਾਸ, ਤਾਰਾ-ਮੰਡਲ, ਕੰਧ-ਚਿੱਤਰ, ਰੱਖ-ਰਖਾਅ, ਸ੍ਵੈ-ਇੱਛਾ, ਕੋਮਲ-ਕਲਾਵਾਂ

## 4. ਖ਼ਾਲੀ ਥਾਂਵਾਂ ਭਰੋ:-

(ੳ) ਵਿਰਾਸਤ-ਏ-ਖ਼ਾਲਸਾ ਦੀ ਰੂਪ-ਰੇਖਾ............... ਨੇ ਤਿਆਰ ਕੀਤੀ।

(ਅ) ਵਿਰਾਸਤ-ਏ-ਖ਼ਾਲਸਾ............... 'ਚ ਫੈਲਿਆ ਹੋਇਆ ਹੈ।

(ੲ) ਵਿਰਾਸਤ-ਏ-ਖ਼ਾਲਸਾ 'ਚ ਹਰੇਕ..............ਛੁੱਟੀ ਹੁੰਦੀ ਹੈ।

(ਸ) ਵਿਰਾਸਤ-ਏ-ਖ਼ਾਲਸਾ 'ਚ ਪੱਛਮੀ ਹਿੱਸੇ ਦੀਆਂ ਇਮਾਰਤਾਂ ਨੂੰ..............ਲੰਮਾ ਪੁਲ਼ ਪੂਰਬੀ ਹਿੱਸੇ ਨਾਲ਼ ਜੋੜਦਾ ਹੈ।

**5. ਠੀਕ/ਗ਼ਲਤ ਦੀ ਚੋਣ ਕਰੋ:**

(ਹ) ਵਿਰਾਸਤ-ਏ-ਖ਼ਾਲਸਾ ਦਰਸ਼ਕਾਂ ਲਈ ਸਾਰਾ ਸਾਲ ਹੀ ਖੁੱਲ੍ਹਾ ਰਹਿੰਦਾ ਹੈ। (ਠੀਕ/ਗ਼ਲਤ)

(ਸ) ਵਿਰਾਸਤ-ਏ-ਖ਼ਾਲਸਾ ਦੀ ਬਿਹਤਰੀ ਤੇ ਤਰੱਕੀ ਲਈ ਆਮ ਲੋਕ ਵੀ ਦਾਨ ਕਰ ਸਕਦੇ ਹਨ। (ਠੀਕ/ਗ਼ਲਤ)

(ਹ) ਵਿਰਾਸਤ-ਏ-ਖ਼ਾਲਸਾ 'ਚ ਦੂਜੇ ਪੜਾਅ ਤਹਿਤ ਬਹੁਤ ਕੁਝ ਨਵਾਂ ਜੋੜਨ ਦੀ ਤਜਵੀਜ਼ ਹੈ। (ਠੀਕ/ਗ਼ਲਤ)

**(6) ਵਿਆਕਰਨ: ਵਿਸਮਕ ਸ਼ਬਦਾਂ ਦੀ ਦੁਹਰਾਈ:-**

(ੳ) "ਵਾਹ! ਵਿਰਾਸਤ-ਏ-ਖ਼ਾਲਸਾ ਕਿੰਨਾ ਸੁੰਦਰ ਹੈ!"

(ਅ) "ਬੱਲੇ! ਤੂੰ ਸਾਰੇ ਚਿੱਤਰ ਵੇਖ ਲਏ ਨੇ!"

(ੲ) "ਹਾਏ! ਮੈਂ ਪੌੜੀਆਂ ਚੜ੍ਹਦਾ-ਚੜ੍ਹਦਾ ਥੱਕ ਗਿਆ ਹਾਂ।"

(ਹ) "ਵੇਖੀਂ! ਕਿਸੇ ਕਲਾ-ਕ੍ਰਿਤ ਨੂੰ ਹੱਥ ਨਾ ਲਾਵੀਂ।"

**ਵਿਦਿਆਰਥੀਆਂ ਲਈ:-**

ਜੇਕਰ ਕੋਈ ਵਿਦਿਆਰਥੀ ਵਿਰਾਸਤ-ਏ-ਖ਼ਾਲਸਾ ਵੇਖ ਕੇ ਆਇਆ ਹੈ ਤਾਂ ਉਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੇ।

**ਅਧਿਆਪਕਾਂ ਲਈ:-**

ਵਿਦਿਆਰਥੀਆਂ ਨੂੰ ਸਮਾਂ ਮਿਲ਼ਨ 'ਤੇ ਸਕੂਲ-ਮੁਖੀ ਤੇ ਮਾਪਿਆਂ ਦੀ ਸਹਿਮਤੀ ਨਾਲ਼ ਵਿਰਾਸਤ-ਏ-ਖ਼ਾਲਸਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿੱਦਿਅਕ ਟੂਰ ਵਿੱਚ ਸ਼ਾਮਲ ਕਰਕੇ ਲਿਜਾਇਆ ਜਾਵੇ।

ਪਾਠ-23

# ਮਿਲਖੀ ਦਾ ਵਿਆਹ



ਬਾਂਦਰ ਦੇ ਮਨ ਫੁਰਿਆ ਫੁਰਨਾ,
ਬੰਨ੍ਹ ਸਿਹਰਾ ਲਾੜਾ ਬਣ ਟੁਰਨਾ।
　　ਜੇ ਕੋਈ ਨੱਥੋ ਵਿਆਹ ਲਿਆਵਾਂ,
　　ਚੁੱਲ੍ਹੇ ’ਤੇ ਨਾ ਹੱਥ ਸੜਾਵਾਂ।
ਮਨ ਵਿੱਚ ਕਰਕੇ ਸੋਚ-ਵਿਚਾਰ,
ਨਾਂ ਕਢਾਇਆ ਵਿੱਚ ਅਖ਼ਬਾਰ।
　　ਮਿਲਖੀ ਨਾਂ ਵਲਾਇਤੋਂ ਆਇਆ,
　　ਸੂਟ-ਬੂਟ ਤੇ ਹੈਟ ਸਜਾਇਆ।
ਇੱਕ ਸਿਆਣੀ ਨੱਥੋ ਲੱਭੇ,
ਅੱਗੇ-ਪਿੱਛੇ, ਸੱਜੇ-ਖੱਬੇ।
　　ਨਾ ਪੈਸਾ, ਨਾ ਦਾਜ-ਦਹੇਜ,
　　ਜਾਤ-ਪਾਤ ਤੋਂ ਕਰਾਂ ਗੁਰੇਜ਼।

ਬੱਸ ਨੱਥੋ ਚਾਹੀਦੀ ਉਹ,
ਸਰਨਾਂਵਾਂ ਪੜ੍ਹ ਲੈਂਦੀ ਜੋ।
          ਇੱਧਰੋਂ ਖ਼ਤ ਤੇ ਉੱਧਰੋਂ ਤਾਰਾਂ,
          ਮਿਲਖੀ ਦੇ ਹੋ ਗਏ ਪੌਂ-ਬਾਰਾਂ।
ਮਿਲਖੀ ਨੱਥੋ ਲੱਭ ਲਿਆਂਦੀ,
ਲਾਲ ਘੱਗਰੀ ਲਾਲ ਪਰਾਂਦੀ।
          ਗੱਡੀ ਚੜ੍ਹ ਕੇ ਆਈ ਨੱਥੋ,
          ਪੈਰੀਂ ਝਾਂਜਰ ਪਾਈ ਨੱਥੋ।
ਵਾਹ ਬਈ ਨੱਥੋ! ਵਾਹ ਬਈ ਵਾਹ!
ਸਹੁਰੇ ਘਰ ਦਾ ਕਿੱਡਾ ਚਾਅ!
          ਪਰ ਚੰਦਰੀ ਦੇ ਸੜ ਗਏ ਭਾਗ,
          ਮਿਲਖੀ ਤਾਂ ਟੋਭੇ ਦੀ ਗਾਦ!
ਆਖੇ ਇਹ ਕੀ ਕੀਤਾ ਰੱਬਾ,
ਗੰਦਾ-ਰਹਿਣਾ ਮਾਲਕ ਲੱਭਾ!
          ਮੂੰਹ ਧੋਂਦਾ ਨਾ ਦਾਤਣ ਕਰਦਾ,
          ਪੀਂਦਾ ਦਾਰੂ, ਖਾਂਦਾ ਜ਼ਰਦਾ।
ਉਹ ਸੀ ਗਿੱਝਿਆ ਗੰਦਾ ਰਹਿਣਾ,
ਵਹੁਟੀ ਦਾ ਕਦ ਮੰਨੇ ਕਹਿਣਾ?
          ਰੁੱਸ ਕੇ ਟੁਰ ਗਈ ਨੱਥੋ ਪੇਕੇ,
          ਕੋਠੇ ਚੜ੍ਹ-ਚੜ੍ਹ ਮਿਲਖੀ ਵੇਖੇ।
ਚੁੱਲ੍ਹੇ ਅੱਗ ਨਾ, ਘੜੇ 'ਚ ਪਾਣੀ,
ਤਾਹਨੇ ਦਿੰਦੇ, ਸਾਰੇ ਹਾਣੀ।
          ਦਿਨ, ਮਹੀਨੇ ਗੁਜ਼ਰੇ ਸਾਲ।
          ਮਿਲਖੀ ਤਾਂ ਹਾਲੋਂ-ਬੇਹਾਲ।
ਆਖ਼ਰ ਇੱਕ ਦਿਨ ਮਨ ਬਣਾ,
ਸਹੁਰੇ ਟੁਰਿਆ ਸਜ-ਸਜਾ।
          ਨ੍ਹਾਤਾ-ਧੋਤਾ, ਸੁਰਮਾ ਪਾਇਆ,
          ਨੱਥੋ ਅੱਗੇ ਜਾ ਮਟਕਾਇਆ।

ਹੱਥ ਜੋੜ ਉਸ ਅਰਜ਼ ਗੁਜ਼ਾਰੀ,
ਗੱਲ ਸੁਣ ਮੇਰੀ, ਨੱਥੋ ਪਿਆਰੀ!
ਮੇਰੀ ਅਕਲ ਟਿਕਾਣੇ ਆਈ।
ਡਾਢੀ ਚੰਗੀ ਰਹੇ ਸਫ਼ਾਈ।
ਨਾ ਸਿਗਰਟ, ਨਾ ਦਾਰੂ-ਜ਼ਰਦਾ,
ਸਭ ਕਾਸੇ ਤੋਂ ਤੋਬਾ ਕਰਦਾ।
ਚਲ ਹੁਣ, ਉੱਠ ਤੁਰ, ਕਰ ਨਾ ਦੇਰ,
ਤੇਰੇ ਬਿਨ ਘਰ ਪਿਆ ਹਨੇਰ।
ਮਨ ਨੱਥੋ ਦੇ ਚੜ੍ਹਿਆ ਚਾਅ,
ਟੁਰ ਪਈ ਨੱਥੋ, ਵਾਹ ਬਈ ਵਾਹ!
ਮਿਲਖੀ ਟਮ-ਟਮ ਪਿਆ ਚਲਾਵੇ,
ਨੱਥੋ 'ਵਾ ਵਿੱਚ ਉੱਡਦੀ ਜਾਵੇ।

## ਪਾਠ-ਅਭਿਆਸ

1. **ਦੱਸੋ:-**

(ੳ) ਬਾਂਦਰ ਦੇ ਮਨ ਵਿੱਚ ਕਿਹੜਾ ਫੁਰਨਾ ਫੁਰਿਆ?

(ਅ) ਬਾਂਦਰ ਨੇ ਫੁਰਨੇ ਬਾਰੇ ਪਹਿਲਾਂ ਕਿਹੜਾ ਕੰਮ ਕੀਤਾ?

(ੲ) ਨੱਥੋ ਕਿਹੋ-ਜਿਹੇ ਕੱਪੜੇ ਪਾ ਕੇ ਆਈ?

(ਸ) ਮਿਲਖੀ ਦੀਆਂ ਆਦਤਾਂ ਕਿਹੋ-ਜਿਹੀਆਂ ਸਨ?

(ਹ) ਮਿਲਖੀ ਦੀਆਂ ਆਦਤਾਂ ਤੋਂ ਤੰਗ ਆ ਕੇ ਨੱਥੋ ਨੇ ਕੀ ਕਿਹਾ?

(ਕ) ਮਿਲਖੀ ਨੇ ਨੱਥੋ ਨੂੰ ਕਿਵੇਂ ਮਨਾਇਆ?

(ਖ) ਨੱਥੋ ਦੂਜੀ ਵਾਰੀ ਕਿਵੇਂ ਆਈ?

2. **ਹੇਠ ਲਿਖੀਆਂ ਕਾਵਿ-ਤੁਕਾਂ ਪੂਰੀਆਂ ਕਰੋ:-**

(ੳ) ਮਨ ਵਿੱਚ ਕਰ ਕੇ ਸੋਚ-ਵਿਚਾਰ,

______________________________

______________________________

(ਅ) ਨ੍ਹਾਤਾ-ਧੋਤਾ, ਸੁਰਮਾ ਪਾਇਆ,

_______________________________________________

_______________________________________________

**3. ਹੇਠ ਲਿਖੀਆਂ ਤੁਕਾਂ ਦਾ ਭਾਵ-ਅਰਥ ਦੱਸੋ:**

ਇੱਕ ਸਿਆਣੀ ਨੱਥੋ ਲੱਭੇ,
ਅੱਗੇ-ਪਿੱਛੇ, ਸੱਜੇ ਖੱਬੇ।
ਨਾ ਪੈਸਾ, ਨਾ ਦਾਜ-ਦਹੇਜ,
ਜਾਤ-ਪਾਤ ਤੋਂ ਕਰਾਂ ਗੁਰੇਜ਼।

**4. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਫੁਰਨਾ | : | ਖ਼ਿਆਲ, ਤਜਵੀਜ਼ |
| ਗੁਰੇਜ਼ | : | ਪਰਹੇਜ਼, ਟਾਲ਼ ਦੇਣ ਦੀ ਕਿਰਿਆ |
| ਗਾਦ | : | ਟੋਭੇ ਆਦਿ ਦਾ ਚਿੱਕੜ, ਗਾਰਾ |
| ਗਿੱਝਿਆ | : | ਆਦੀ ਹੋ ਜਾਣਾ, ਵਾਦੀ ਪੈਣਾ |
| ਗੁਜ਼ਰੇ | : | ਬੀਤੇ, ਲੰਘ ਗਏ |
| ਅਰਜ਼ | : | ਬੇਨਤੀ, ਅਰਦਾਸ |
| ਤਾਹਨੇ | : | ਮਿਹਣੇ |
| 'ਵਾ | : | ਹਵਾ |

**ਵਿਦਿਆਰਥੀਆਂ ਲਈ:**

**ਜੇਕਰ ਤੁਸੀਂ ਜ਼ਿੰਦਗੀ 'ਚ ਕਦੇ ਇਸ ਤਰ੍ਹਾਂ ਦਾ ਕੋਈ ਖੇਡ-ਤਮਾਸ਼ਾ ਜਾਂ ਸਰਕਸ ਆਦਿ ਵੇਖੀ ਹੈ ਤਾਂ ਆਪਣੇ ਅਨੁਭਵ ਬਾਕੀ ਸਾਥੀਆਂ ਨਾਲ਼ ਸਾਂਝੇ ਕਰੋ।**

ਪਾਠ-24

# ਜਾਗੋ

ਇਮਤਿਹਾਨ ਬਿਲਕੁਲ ਨੇੜੇ ਸਨ। ਮੇਰਾ ਅਤੇ ਮੇਰੀ ਛੋਟੀ ਭੈਣ ਨਿੱਕੀ ਦਾ ਪਿੰਡ ਜਾਣ ਦਾ ਕੋਈ ਇਰਾਦਾ ਨਹੀਂ ਸੀ। ਜਦੋਂ ਸਾਨੂੰ ਆਪਣੇ ਮਾਤਾ ਜੀ ਤੋਂ ਪਤਾ ਲੱਗਾ ਕਿ ਮਾਮੇ ਦੇ ਵਿਆਹ 'ਤੇ ਜਾਗੋ ਕੱਢੀ ਜਾਵੇਗੀ ਤਾਂ ਅਸੀਂ ਦੋਵੇਂ ਭੈਣ-ਭਰਾ ਚਾਈਂ-ਚਾਈਂ ਵਿਆਹ 'ਤੇ ਜਾਣ ਲਈ ਤਿਆਰ ਹੋ ਗਏ।

ਸਾਡੀ ਮਾਂ ਨੇ ਦੱਸਿਆ ਕਿ ਜਾਗੋ ਵਿਆਹ ਤੋਂ ਇੱਕ ਦਿਨ ਪਹਿਲਾਂ ਨਾਨਕਿਆਂ ਵੱਲੋਂ ਕੱਢੀ ਜਾਂਦੀ ਹੈ। ਪਿੰਡ ਜਾ ਕੇ ਅਸੀਂ ਵੇਖਿਆ ਕਿ ਸਾਰਾ ਟੱਬਰ ਨਾਨਕਾ-ਮੇਲ਼ ਨੂੰ ਉਡੀਕ ਰਿਹਾ ਸੀ।

"ਨਾਨਕਾ-ਮੇਲ਼ ਕੀ ਹੁੰਦੈ ?" ਮਾਤਾ ਜੀ ਤੋਂ ਮੈਂ ਪੁੱਛਿਆ।

"ਰਾਜੂ ਬੇਟੇ, ਨਾਨਕਾ-ਮੇਲ਼ ਮਾਂ ਦੇ ਪੇਕਿਆਂ ਨਾਲ਼ ਸੰਬੰਧਿਤ ਅੰਗਾਂ-ਸਾਕਾਂ ਨੂੰ ਕਹਿੰਦੇ ਹਨ, ਜਿਵੇਂ; ਮਾਮਾ-ਮਾਮੀ, ਨਾਨਾ-ਨਾਨੀ ਆਦਿ।"

ਥੋੜ੍ਹੀ ਦੇਰ ਮਗਰੋਂ ਜਿਵੇਂ ਹੀ ਨਾਨਕਾ-ਮੇਲ਼ ਘਰ ਨੇੜੇ ਪੁੱਜਾ, ਆਂਢ-ਗੁਆਂਢ ਦੇ ਲੋਕ ਵੀ ਇਕੱਠੇ ਹੋ ਗਏ। ਵਿਆਹ ਵਾਲ਼ੇ ਘਰ ਦੀਆਂ ਔਰਤਾਂ ਨੇ ਗੀਤ ਗਾ ਕੇ ਉਹਨਾਂ ਦਾ ਸੁਆਗਤ ਕੀਤਾ। ਮੈਨੂੰ ਲੱਗਾ ਕਿ ਗੀਤਾਂ ਦੇ ਬੋਲ ਕੁਝ-ਕੁਝ ਮਖੌਲੀਆ ਸੁਰ ਵਾਲ਼ੇ ਸਨ।

ਮਾਤਾ ਜੀ ਨੇ ਦੱਸਿਆ ਕਿ ਇਸ ਸਮੇਂ ਇੱਕ ਤਾਂ ਮਾਮੇ ਨੇ ਲਾੜੇ ਜਾਂ ਲਾੜੀ ਨੂੰ ਖਾਰੇ ਚਾੜ੍ਹਨਾ ਹੁੰਦਾ ਹੈ। ਦੂਜਾ, ਵਿਆਹ ਦੀਆਂ ਕਈ ਰਸਮਾਂ ਸਮੇਂ ਮਾਮੇ-ਮਾਮੀ ਜਾਂ ਨਾਨੇ-ਨਾਨੀ ਦੀ ਲੋੜ ਹੁੰਦੀ ਹੈ ਇਸ ਲਈ ਨਾਨਕਿਆਂ ਪ੍ਰਤਿ ਨਿਹੋਰੇ ਵਾਲ਼ੇ ਗੀਤ ਗਾਏ ਜਾਂਦੇ ਹਨ।

ਮੈਂ ਅਤੇ ਮੇਰੀ ਭੈਣ ਨਿੱਕੀ ਨੇ ਖਾਰੇ ਚੜ੍ਹਨ ਦੀ ਰਸਮ ਨੂੰ ਵੀ ਬੜੇ ਧਿਆਨ ਅਤੇ ਚਾਅ ਨਾਲ਼ ਵੇਖਿਆ। ਮੇਰੇ ਮਾਤਾ ਜੀ ਨੇ ਦੱਸਿਆ ਕਿ ਕੁਝ ਦਿਨ ਪਹਿਲਾਂ ਵਿਆਹ ਵਾਲ਼ੇ ਮੁੰਡੇ ਨੂੰ ਮਾਈਏਂ ਪਾਉਣ ਦੀ ਰਸਮ ਵੇਲ਼ੇ ਉਸ ਦੇ ਪਿੰਡੇ 'ਤੇ ਹਲ਼ਦੀ, ਤੇਲ ਅਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਮਲ਼ਿਆ ਗਿਆ ਸੀ ਕਿਉਂਕਿ ਇੱਕ ਤਾਂ ਹਲ਼ਦੀ, ਤੇਲ ਅਤੇ ਵੇਸਣ ਦਾ ਮਿਸ਼ਰਨ ਪਿੰਡੇ ਉੱਪਰ ਮਲ਼ ਕੇ ਨ੍ਹਾਉਣ ਨਾਲ਼ ਪਿੰਡਾ ਨਿੱਖਰ ਆਉਂਦਾ ਹੈ। ਦੂਜਾ, ਵਿਆਹ ਵਾਲ਼ੇ ਮੁੰਡੇ ਜਾਂ ਕੁੜੀ ਨੂੰ ਵਿਆਹ ਦੇ ਅਤਿ ਨੇੜਲੇ ਦਿਨਾਂ ਵਿੱਚ ਘਰੋਂ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ।

ਖਾਰੇ ਦੀ ਰਸਮ ਸਮੇਂ ਵਿਆਹ ਵਾਲ਼ੇ ਮੁੰਡੇ ਨੂੰ ਪਟੜੀ 'ਤੇ ਬਿਠਾ ਕੇ ਦਹੀਂ ਨਾਲ਼ ਨੁਹਾਇਆ ਗਿਆ। ਨੁਹਾਉਣ ਸਮੇਂ ਕੁਝ ਔਰਤਾਂ ਨੇ ਸਿਰ ਤੋਂ ਉੱਚੀ ਫੁਲਕਾਰੀ ਤਾਣ ਲਈ ਅਤੇ ਨਾਨਕਿਆਂ ਨੂੰ ਸੰਬੋਧਿਤ ਗੀਤ ਗਾਏ।

ਰਾਤ ਦੀ ਰੋਟੀ ਮਗਰੋਂ ਜਾਗੋ ਕੱਢਣ ਦੀ ਤਿਆਰੀ ਸ਼ੁਰੂ ਹੋਈ। ਅਸੀਂ ਦੇਖਿਆ, ਗਾਗਰ ਵਿੱਚ ਥੋੜ੍ਹਾ ਜਿਹਾ ਪਾਣੀ ਭਰ ਕੇ ਉਸ ਦੇ ਮੂੰਹ ਵਾਲ਼ੇ ਪਾਸੇ ਗਲ਼ ਦੇ ਚੁਫੇਰੇ ਗੁੰਨ੍ਹਿਆ ਹੋਇਆ ਆਟਾ ਲਾ ਕੇ ਉੱਤੇ ਥਾਲ਼ੀ ਟਿਕਾਈ ਗਈ ਜਿਸ ਵਿੱਚ ਦੀਵੇ ਬਾਲ਼ ਕੇ ਰੱਖੇ ਗਏ। ਪਿੱਤਲ ਦੀ ਗਾਗਰ ਦੇ ਗਲ਼ ਤੋਂ ਥੱਲੇ ਚਾਰ-ਚੁਫੇਰੇ ਵਧੇ ਹੋਏ ਪੇਂਦੇ ਦੁਆਲ਼ੇ ਵੀ ਗੁੰਨ੍ਹਿਆ ਆਟਾ ਲਾ ਕੇ ਦੀਵੇ ਟਿਕਾਏ ਗਏ ਜਿਨ੍ਹਾਂ ਵਿੱਚ ਤੇਲ ਪਾ ਕੇ ਜਗਾਇਆ ਗਿਆ। ਇਸ ਸਮੇਂ ਸਭ ਮਾਮੀਆਂ, ਮਾਸੀਆਂ, ਚਾਚੀਆਂ, ਤਾਈਆਂ, ਭੈਣਾਂ ਅਤੇ ਭਰਜਾਈਆਂ ਇਕੱਠੀਆਂ ਹੋ ਗਈਆਂ।



ਜਿਉਂ ਹੀ ਦੀਵਿਆਂ ਨਾਲ਼ ਜਗਦੀ ਹੋਈ ਗਾਗਰ ਨੂੰ ਮਾਮੀ ਨੇ ਸਿਰ ’ਤੇ ਚੁੱਕਿਆ, ਔਰਤਾਂ ਨੇ ਗੀਤਾਂ ਨਾਲ਼, ਨੱਚਦਿਆਂ ਧਰਤੀ ਗੂੰਜਣ ਲਾ ਦਿੱਤੀ। ਮੇਰੇ ਤੇ ਮੇਰੀ ਭੈਣ ਨਿੱਕੀ ਲਈ ਇਹ ਨਜ਼ਾਰਾ ਹੈਰਾਨ ਕਰਨ ਵਾਲ਼ਾ ਅਤੇ ਬਿਲਕੁਲ ਨਵਾਂ ਸੀ।

ਜਾਗੋ ਕੱਢਣ ਵਾਲ਼ੀਆਂ ਔਰਤਾਂ ਪਿੰਡ ਦੀਆਂ ਹਨੇਰੀਆਂ ਗਲ਼ੀਆਂ ਵਿੱਚ ਚਾਨਣ ਦੇ ਦੀਵੇ ਲੈ ਕੇ ਪਰਿਕਰਮਾ ਕਰਨ ਲਈ ਨਿਕਲ਼ੀਆਂ। ਉਹਨਾਂ ਨੂੰ ਜਿੱਥੇ ਕਿਤੇ ਵੀ ਥਾਂ ਮਿਲ਼ਦੀ, ਉੱਥੇ ਹੀ ਉਹ ਬੜੇ ਜੋਸ਼ ਨਾਲ਼ ਗਿੱਧਾ ਪਾ-ਪਾ ਨੱਚਣ ਲੱਗ ਜਾਂਦੀਆਂ। ਚੁਫੇਰੇ ਘਰਾਂ ਦੇ ਲੋਕ ਉਹਨਾਂ ਨੂੰ ਕੋਠਿਆਂ ’ਤੇ ਚੜ੍ਹ-ਚੜ੍ਹ ਦੇਖਦੇ।

ਜਿਸ ਵੀ ਜਾਣੂ ਘਰ ਅੱਗੋਂ ਇਹ ਔਰਤਾਂ ਜਾਗੋ ਲੈ ਕੇ ਲੰਘਦੀਆਂ, ਉਸ ਘਰ ਦੇ ਮੁਖੀਏ ਦਾ ਨਾਂ ਲੈ ਕੇ ਉਸ ਨੂੰ ਆਪਣੀ ਘਰਵਾਲ਼ੀ ਨੂੰ ਜਗਾਉਣ ਲਈ ਹਾਸੇ-ਠੱਠੇ ਵਾਲ਼ੇ ਬੋਲ-ਬੋਲਦੀਆਂ:

ਲੰਬੜਾ ਜੋਰੂ ਜਗਾ ਲੈ ਵੇ,
ਹੁਣ ਜਾਗੋ ਆਈ ਆ।
ਚੁੱਪ ਕਰ ਬੀਬੀ,
ਉੱਠ ਖੜੂਗੀ,
ਅੜੀ ਕਰੂਗੀ,
ਚੁੱਕਣੀ ਪਊਗੀ,
ਲੋਰੀ ਦੇ ਕੇ ਪਾਈ ਐ,
ਮਸਾਂ ਸੁਆਂਈ ਐ,
ਜਾਗੋ ਆਈ ਐ।

ਸੁੱਤੀ ਨੂੰ ਜਗਾ ਲੈ,
ਰੁੱਸੀ ਨੂੰ ਮਨਾ ਲੈ, ਜਾਗੋ ਆਈ ਐ।

ਜਿਸ ਘਰ ਅੱਗੇ ਜਾਗੋ ਵਿੱਚ ਸ਼ਾਮਲ ਔਰਤਾਂ ਦਾ ਸਮੂਹ ਗੀਤ ਗਾਉਂਦਾ ਹੋਇਆ ਨੱਚਦਾ, ਉਸ ਘਰ ਦੇ ਲੋਕ ਦੀਵਿਆਂ ਵਿੱਚ ਤੇਲ ਪਾ ਕੇ ਇਸ ਚਾਨਣ ਵੰਡਣ ਦੀ ਰਸਮ ਵਿੱਚ ਆਪਣਾ ਆਪਾ ਸ਼ਾਮਲ ਕਰਕੇ ਖ਼ੁਸ਼ੀ ਪ੍ਰਗਟ ਕਰਦੇ।

ਔਰਤਾਂ ਜਦੋਂ ਪਿੰਡ ਦੀਆਂ ਗਲ਼ੀਆਂ ਵਿੱਚੋਂ ਲੰਘਦੀਆਂ ਤਾਂ ਕਿਸੇ ਘਰ ਦਾ ਓਟਾ, ਕਿਸੇ ਕੋਠੇ ਦਾ ਪਾੜਛਾ (ਪਰਨਾਲ਼ਾ), ਕਿਸੇ ਵਿਹੜੇ ਦੀ ਖੁਰਲੀ, ਕਿਸੇ ਘਰ ਦਾ ਚੁੱਲ੍ਹਾ ਢਾਹੁਣ ਦੀ ਸ਼ਰਮਸਤੀ ਵੀ ਕਰਦੀਆਂ ਜਿਸ ਦਾ ਕਿਸੇ ਨੇ ਵੀ ਇਤਰਾਜ਼ ਨਾ ਕੀਤਾ। ਮੰਮੀ ਨੇ ਦੱਸਿਆ, ਜਾਗੋ ਅਸਲ ਵਿੱਚ ਇਸਤਰੀ-ਮਨ ਦੀਆਂ ਦੱਬੀਆਂ-ਘੁੱਟੀਆਂ ਭਾਵਨਾਵਾਂ ਨੂੰ ਗੀਤਾਂ ਰਾਹੀਂ ਪ੍ਰਗਟ ਕਰਨ ਵਾਲ਼ੀ ਰਸਮ ਹੈ। ਚੁੱਲ੍ਹੇ- ਚੌਂਕੇ ਢਾਹੁਣਾ ਇੱਕ ਤਰ੍ਹਾਂ ਸਮਾਜ ਵੱਲੋਂ ਇਸਤਰੀ ਲਈ ਉਸਾਰੇ ਅਜਿਹੇ ਬੰਧਨਾਂ ਤੋਂ ਮੁਕਤ ਹੋਣ ਦਾ ਪ੍ਰਗਟਾਵਾ ਹੈ ਜਿਹੜੇ ਉਸ ਨੂੰ ਇੱਕ ਵਲਗਣ ਵਿੱਚ ਬੰਨ੍ਹ ਕੇ ਰੱਖਣ ਵਾਲ਼ੇ ਹਨ। ਚਾਨਣ ਨੂੰ ਸਿਰ 'ਤੇ ਚੁੱਕ ਕੇ ਜਾਗਣ ਦਾ ਹੋਕਾ ਦੇਣਾ ਵੀ ਇੱਕ ਤਰ੍ਹਾਂ ਹਨੇਰੇ ਨੂੰ ਦੂਰ ਕਰਨ ਦੀ ਦਲੇਰੀ ਅਤੇ ਪਹਿਲ-ਕਦਮੀ ਦਾ ਸੂਚਕ ਹੈ।

ਜਾਗੋ ਬਾਰੇ ਭਾਵੇਂ ਅਸੀਂ ਕਾਫ਼ੀ ਕੁਝ ਜਾਣ ਚੁੱਕੇ ਸਾਂ ਪਰ ਗਾਗਰ ਵਿੱਚ ਪਾਣੀ ਪਾ ਕੇ ਦੀਵੇ ਜਗਾਉਣਾ ਸਾਡੇ ਲਈ ਹਾਲੇ ਵੀ ਬੁਝਾਰਤ ਬਣਿਆ ਹੋਇਆ ਸੀ। ਤਦ ਮਾਤਾ ਜੀ ਨੇ ਦੱਸਿਆ, "ਰਾਜੂ ਬੇਟੇ ! ਗਾਗਰ ਨੂੰ ਕਾਇਆਂ ਦਾ, ਦੀਵੇ ਨੂੰ ਚਾਨਣ ਦਾ ਅਤੇ ਪਾਣੀ ਨੂੰ ਪਵਿੱਤਰ ਸ਼ਕਤੀ ਦਾ ਰੂਪ ਮੰਨਿਆ ਜਾਂਦਾ ਹੈ ਅਤੇ ਇਹਨਾਂ ਤਿੰਨਾਂ ਦਾ ਸੁਮੇਲ ਰੱਬੀ ਸ਼ਕਤੀ ਦਾ ਰੂਪ ਸਮਝਿਆ ਜਾਂਦਾ ਹੈ। ਇਸ ਰਸਮ ਦਾ ਨਾਂ ਜਾਗੋ ਇਸ ਲਈ ਪਿਆ ਕਿਉਂਕਿ ਵਿਆਹ ਤੋਂ ਇੱਕ ਦਿਨ ਪਹਿਲਾਂ ਜਦੋਂ ਵਿਆਹ ਵਾਲ਼ੇ ਮੁੰਡੇ/ਕੁੜੀ ਨੂੰ ਮਹਿੰਦੀ ਲਾਈ ਜਾਂਦੀ ਸੀ ਤਾਂ ਔਰਤਾਂ ਗੀਤ ਗਾਉਂਦੀਆਂ ਹੋਈਆਂ ਸਾਰੀ- ਸਾਰੀ ਰਾਤ ਜਾਗਦੀਆਂ ਸਨ। ਇਹ ਜਾਗਣ ਦੀ ਰਸਮ ਹੀ ਜਾਗੋ ਦੇ ਨਾਂ ਨਾਲ਼ ਪ੍ਰਚਲਿਤ ਹੋਈ। ਵਿਆਹ ਦੇ ਮੌਕੇ ਨਾਨਕਿਆਂ ਅਤੇ ਦਾਦਕਿਆਂ ਦੇ ਪਰਿਵਾਰ ਇਕੱਠੇ ਹੋਣ ਦਾ ਪ੍ਰਮਾਣ ਵੀ ਦਿੰਦੇ ਹਨ।

ਵਿਆਹ ਵੇਲ਼ੇ ਜਾਗੋ ਕੱਢਣੀ ਚਾਵਾਂ ਨੂੰ ਦੂਣ- ਸਵਾਇਆ ਕਰਦੀ ਹੈ। ਉਸ ਵੇਲ਼ੇ ਹਾਸੇ ਅਤੇ ਖ਼ੁਸ਼ੀਆਂ ਵੰਡਦੀਆਂ ਮੁਟਿਆਰਾਂ ਅਤੇ ਤ੍ਰੀਮਤਾਂ ਬੋਲੀਆਂ ਪਾ ਕੇ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ ਹਨ।

ਆਪਣੇ ਰਿਸ਼ਤੇਦਾਰਾਂ ਤੇ ਨਜ਼ਦੀਕੀਆਂ ਦੇ ਘਰ ਜਾਗੋ ਲੈ ਕੇ ਜਾਣ ਦਾ ਇੱਕ ਮੰਤਵ ਇਹ ਵੀ ਸੀ ਕਿ ਆਪਣੇ ਸਾਰੇ ਭਾਈਚਾਰੇ ਨੂੰ ਅਗਲੇ ਦਿਨ ਦੇ ਕੰਮਾਂ ਬਾਰੇ ਸੂਚਨਾ ਦਿੱਤੀ ਜਾਵੇ ਕਿਉਂਕਿ ਵਿਆਹ ਨਾਲ਼ ਜੁੜੇ ਹੋਏ ਕੰਮ ਭਾਈਚਾਰੇ ਨੇ ਹੀ ਰਲ਼ ਕੇ ਨੇਪਰੇ ਚਾੜ੍ਹਨੇ ਹੁੰਦੇ ਸਨ।

ਮੈਂ ਮਹਿਸੂਸ ਕੀਤਾ ਕਿ ਜਾਗੋ ਬਾਰੇ ਮੈਂ ਅਤੇ ਨਿੱਕੀ ਕਦੇ ਵੀ ਏਨਾ ਕੁਝ ਨਾ ਜਾਣ ਸਕਦੇ ਜੇਕਰ ਸਾਨੂੰ ਰਸਮ ਵਿੱਚ ਸ਼ਾਮਲ ਹੋਣ ਦਾ ਮੌਕਾ ਨਾ ਮਿਲ਼ਦਾ। ਇਉਂ ਹਨੇਰੇ ਵਿੱਚ ਜਾਗੋ ਦੇ ਦੀਵਿਆਂ ਦਾ ਟਿਮਟਿਮਾਉਂਦਾ ਚਾਨਣ, ਗੀਤਾਂ ਦੇ ਬੋਲ ਤੇ ਗਿੱਧੇ ਦੀ ਧਮਕ ਚਿਰਾਂ ਤੱਕ ਸਾਡੇ ਚੇਤਿਆਂ ਵਿੱਚ ਸਮਾਈ ਰਹੇਗੀ।

## ਪਾਠ-ਅਭਿਆਸ

**1. ਦੱਸੋ :**

(ੳ) ਬੱਚੇ ਵਿਆਹ 'ਤੇ ਜਾਣ ਲਈ ਕਿਉਂ ਤਿਆਰ ਹੋ ਗਏ ?

(ਅ) ਨਾਨਕਾ-ਮੇਲ਼ ਕੀ ਹੁੰਦਾ ਹੈ ਤੇ ਉਸ ਦਾ ਸੁਆਗਤ ਕਿਵੇਂ ਕੀਤਾ ਜਾਂਦਾ ਹੈ ?

(ੲ) ਮਾਈਏਂ ਪਾਉਣ ਦੀ ਰਸਮ ਕੀ ਹੁੰਦੀ ਹੈ ?

(ਸ) ਜਾਗੋ ਕਿਵੇਂ ਤਿਆਰ ਕਰਕੇ ਕੱਢੀ ਜਾਂਦੀ ਹੈ ?

(ਹ) ਔਰਤਾਂ ਜਾਗੋ ਦਾ ਪ੍ਰਦਰਸ਼ਨ ਕਿਵੇਂ ਕਰਦੀਆਂ ਹਨ ?

(ਕ) ਜਾਗੋ ਕੱਢਣ ਸਮੇਂ ਔਰਤਾਂ ਮਸਤੀ ਕਿਵੇਂ ਕਰਦੀਆਂ ਹਨ ?

(ਖ) ਜਾਗੋ ਦੀ ਇਸ ਰਸਮ ਦਾ ਇਹ ਨਾਂ ਕਿਵੇਂ ਪਿਆ ?

**2. ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਅੰਗ-ਸਾਕ | : | ਰਿਸ਼ਤੇਦਾਰ |
| ਮਖੌਲੀਆ | : | ਮਜ਼ਾਕੀਆ |
| ਪਰਿਕਰਮਾ | : | ਚਾਰੇ ਪਾਸੇ ਚੱਕਰ ਕੱਟਣਾ |
| ਜਾਗ੍ਰਿਤ | : | ਚੇਤੰਨ |
| ਭਾਵਨਾਵਾਂ | : | ਇੱਛਾਵਾਂ, ਇਰਾਦੇ, ਖ਼ਾਹਸ਼ਾਂ |
| ਖ਼ਰਮਸਤੀ | : | ਸ਼ਰਾਰਤ, ਅੱਥਰਾਪਣ |
| ਸੁਮੇਲ | : | ਸੁਜੋੜ, ਚੰਗਾ ਮੇਲ਼ |
| ਧਮਕ | : | ਖੜਕਾ, ਪੈਰਾਂ ਦੀ ਅਵਾਜ਼ |
| ਬੰਧਨ | : | ਬੰਨ੍ਹਣ ਦੀ ਕਿਰਿਆ, ਜੰਜਾਲ਼, ਰੋਕ, ਰੁਕਾਵਟ |

**3. ਵਾਕਾਂ ਵਿੱਚ ਵਰਤੋ:-**

ਚਾਈਂ-ਚਾਈਂ, ਨਾਨਕਾ-ਮੇਲ਼, ਮੁਖੀਆ, ਨੇਪਰੇ ਚਾੜ੍ਹਨਾ, ਪਹਿਲ-ਕਦਮੀ, ਸੂਚਕ, ਨਿਹੋਰੇ, ਦੂਣ-ਸਵਾਇਆ

**4. ਹੇਠ ਲਿਖੇ ਸ਼ਬਦਾਂ ਨਾਲ਼ ਪਿਛੇਤਰ ਜਾਂ ਸ਼ਬਦਾਂਸ਼ ਲਾ ਕੇ ਨਵੇਂ ਸ਼ਬਦ ਬਣਾਓ:**

ਨਾਨਕੇ : ____________________

ਪੇਕੇ : ____________________

| | | |
|---|---|---|
| ਮਖੌਲ | : | ________________ |
| ਦੀਵਾ | : | ________________ |
| ਹਨੇਰੀ | : | ________________ |
| ਘਰ | : | ________________ |
| ਭਾਵ | : | ________________ |
| ਭਾਈ | : | ________________ |

**ਵਿਦਿਆਰਥੀਆਂ ਲਈ:**

> **ਆਪਣੇ ਅੱਖੀਂ ਡਿੱਠੇ ਵਿਆਹ ਸੰਬੰਧੀ ਅਤੇ ਉਸ ਦੌਰਾਨ ਨਿਭਾਏ ਗਏ ਰਸਮਾਂ-ਰਿਵਾਜਾਂ ਬਾਰੇ ਆਪਣੀ ਸਹੇਲੀ/ਮਿੱਤਰ ਨੂੰ ਇੱਕ ਪੱਤਰ ਲਿਖੋ।**

ਪਾਠ-25

# ਕਿਰਤ ਦਾ ਸਤਿਕਾਰ

ਕੇਸਰ : ਇੱਕ ਚਤਰ ਲੜਕਾ
ਇੱਕ ਪੜ੍ਹੀ-ਲਿਖੀ ਇਸਤਰੀ
ਇੱਕ ਸੇਠ

ਕ੍ਰਿਸ਼ਨ : ਬੂਟ ਪਾਲਿਸ਼ ਕਰਨ ਵਾਲ਼ਾ ਲੜਕਾ
ਅਧਿਆਪਕ
ਸਕੂਲ ਦੇ ਲੜਕੇ

ਸਥਾਨ;
ਦਿੱਲੀ—ਬੱਸਾਂ ਦਾ ਇੱਕ ਅੱਡਾ

ਦ੍ਰਿਸ਼ :
ਬੱਸ ਦੀ ਉਡੀਕ ਵਿੱਚ ਕੁਝ ਮੁਸਾਫ਼ਰ ਖੜੇ ਹਨ। ਇੱਕ ਸੇਠ ਧੋਤੀ ਸੰਭਾਲ਼ੀ ਤੇ ਛਤਰੀ ਫੜੀ ਨੱਸਾ ਆਉਂਦਾ ਹੈ।

ਸੇਠ (ਸਾਹੋ-ਸਾਹ) ਜਾਹ ਓਏ! ਇਹ ਕਿਸ ਨੰਬਰ ਦੀ ਬੱਸ ਸੀ?

ਕੇਸਰ : ਤੁਹਾਨੂੰ ਕਿਹੜੀ ਚਾਹੀਦੀ ਸੀ?

ਸੇਠ : ਤੇਰਾਂ ਨੰਬਰ।

ਕੇਸਰ : ਬੱਸ ਉਹੋ ਸੀ। ਹੁਣ ਲਾਈਨ ਵਿੱਚ ਲੱਗ ਜਾਓ, ਨਾਲ਼ੇ ਦਮ ਮਾਰ ਲਵੋ।

ਸੇਠ : ਦੇਖੋ ਜੀ, ਕਿੰਨਾ ਜ਼ਰੂਰੀ ਕੰਮ ਸੀ।

ਇੱਕ ਮੁਸਾਫ਼ਰ : ਮੈਨੂੰ ਤੇਰੇ ਨਾਲ਼ੋਂ ਵੱਧ ਕਾਹਲ਼ ਏ। ਸਬਜ਼ੀ ਮੰਡੀ ਪੁੱਜਣਾ ਸੀ।

ਸੇਠ : ਮੇਰਾ ਤਾਂ ਹਜ਼ਾਰਾਂ ਦਾ ਨੁਕਸਾਨ ਹੋ ਜਾਣਾ ਹੈ।

ਕੇਸਰ : ਫੇਰ ਸੇਠ ਜੀ, ਟੈੱਕਸੀ ਕਿਉਂ ਨਹੀਂ ਕਰ ਲੈਂਦੇ?

ਸੇਠ : ਰੋਜ਼ ਦਾ ਧੰਦਾ ਹੈ। ਹਰ ਰੋਜ਼ ਟੈੱਕਸੀ ਕੌਣ ਕਰੇ? ਤੈਨੂੰ ਕੀ ਖ਼ਬਰ, ਕੌਡੀ-ਕੌਡੀ ਜੁੜਦੀ ਹੈ।

ਕੇਸਰ : ਤੁਹਾਨੂੰ ਗੱਲਾਂ ਬਣਾਉਣੀਆਂ ਹੀ ਆਉਂਦੀਆਂ ਨੇ, ਹੋਰ ਕੋਈ ਕੰਮ ਤਾਂ ਕਰਨਾ ਨਾ ਹੋਇਆ। ਘਰੋਂ ਕਿਤਾਬਾਂ ਕੱਛੇ ਮਾਰੀਆਂ ਅਤੇ ਸੜਕਾਂ 'ਤੇ ਵਿਹਲੇ, ਇੱਧਰ-ਉੱਧਰ ਘੁੰਮਦੇ ਰਹੋ।

ਕੇਸਰ : ਸੇਠ ਜੀ, ਤੁਸੀਂ ਹੀ ਸਮਾਜ ਦੇ ਥੰਮ੍ਹ ਹੋ। ਤੁਹਾਡੇ ਆਸਰੇ ਅਸੀਂ ਵੀ ਮੌਜਾਂ ਮਾਣਦੇ ਆਂ।

ਸੇਠ : (ਹੌਲ਼ੀ) ਕੈਸੇ ਅਹਿਮਕ ਨਾਲ਼ ਵਾਹ ਪੈ ਗਿਆ।

ਕੇਸਰ : ਭੈਣ ਜੀ, ਇੱਕ ਵਰਕਾ ਦੇਣਾ। (ਅਖ਼ਬਾਰ ਦੇ ਵਰਕੇ ਤੋਂ ਪੜ੍ਹਦਾ ਹੋਇਆ) ਕੱਲ੍ਹ ਦੋ ਵਪਾਰੀ ਰੰਗੇ ਹੱਥੀਂ ਫੜੇ ਗਏ।

ਸੇਠ : ਹੂੰ ! ਪੁਲਿਸ ਨੂੰ ਹੋਰ ਕੰਮ ਈ ਕੀ ਏ ?

(ਇੱਕ ਬੂਟ ਪਾਲਿਸ਼ ਕਰਨ ਵਾਲ਼ਾ ਲੜਕਾ ਆਉਂਦਾ ਹੈ)

ਲੜਕਾ : ਬੂਟ-ਪਾਲਿਸ਼ ! ਬੂਟ-ਪਾਲਿਸ਼ !

ਕੇਸਰ : ਆ ਭਈ, ਤੂੰ ਵੀ ਚੰਗਾ ਮੌਕਾ ਤਾੜ ਕੇ ਆਇਆ ਏਂ।

ਇਸਤਰੀ : ਇਹ ਲੋਕ ਬੜੇ ਚਤਰ ਹੁੰਦੇ ਨੇ, ਜਿੱਥੇ ਭੀੜ ਹੋਵੇ ਝੱਟ ਪਹੁੰਚ ਜਾਂਦੇ ਨੇ।

ਕੇਸਰ : ਸਗੋਂ ਚੰਗਾ, ਵਿਹਲੇ ਲੋਕਾਂ ਦਾ ਧਿਆਨ ਲਾਈ ਰੱਖਦੇ ਨੇ।

ਲੜਕਾ : ਮਾਤਾ ਜੀ, ਸੈਂਡਲ ਪਾਲਿਸ਼ ਕਰਾ ਲਓ, ਖ਼ੂਬ ਚਮਕਾ ਦਿਆਂਗਾ।

ਇਸਤਰੀ : (ਮਾਤਾ ਜੀ ਦੇ ਨਾਂ ਤੋਂ ਚਿੜ ਕੇ) ਨਹੀਂ।

ਕੇਸਰ : ਭੈਣ ਜੀ, ਕਰਵਾ ਲਵੋ, ਗ਼ਰੀਬ ਦੀ ਮਦਦ ਹੋ ਜਾਵੇਗੀ।

ਇਸਤਰੀ : ਕਿੰਨੇ ਪੈਸੇ ਲਵੇਂਗਾ ?

ਲੜਕਾ : ਜੋ ਰੂਹ ਕਰੇ, ਦੇ ਛੱਡਣਾ।

ਇਸਤਰੀ : ਤੁਸੀਂ ਪਹਿਲਾਂ ਇੱਦਾਂ ਈ ਕਹਿੰਦੇ ਓ, ਪਿੱਛੋਂ ਝਗੜਾ ਕਰਦੇ ਹੋ।

ਲੜਕਾ : ਜੀ, ਪੰਜੇ ਉਂਗਲ਼ਾਂ ਇੱਕੋ-ਜਿਹੀਆਂ ਨਹੀਂ ਹੁੰਦੀਆਂ।

ਇਸਤਰੀ : (ਪ੍ਰਭਾਵਿਤ ਹੋ ਕੇ) ਅੱਛਾ ! ਕਰ ਦੇ ਫਿਰ।

ਲੜਕਾ : ਐਥੇ ਪੈਰ ਰੱਖੋ ਜੀ।

(ਅੱਡੇ 'ਤੇ ਪੈਰ ਰਖਾ ਕੇ ਪਾਲਿਸ਼ ਕਰਦਾ ਹੈ।)

ਕੇਸਰ : ਖ਼ੂਬ ਚਮਕਾ ਦੇਈਂ !

ਇਸਤਰੀ : ਮਿਹਨਤੀ ਲੜਕਾ ਹੈ।

ਕੇਸਰ : ਸੈਂਡਲ ਵਿੱਚੋਂ ਮੂੰਹ ਦਿਸਣ ਲੱਗ ਪਿਆ

ਇਸਤਰੀ : (ਮੁੰਡੇ ਨੂੰ) ਕਿੰਨੇ ਪੈਸੇ ਕਮਾ ਲੈਂਦਾ ਏਂ, ਦਿਹਾੜੀ ਦੇ ?

ਲੜਕਾ : ਪੰਜ-ਸੱਤ ਰੁਪਏ, ਬੱਸ।

ਇਸਤਰੀ : ਬੱਸ ? ਇੰਨਿਆਂ ਨਾਲ਼ ਕੀ ਬਣਦੈ, ਅੱਜ-ਕੱਲ੍ਹ ?

ਲੜਕਾ : ਜੀ, ਮੈਂ ਬਹੁਤਾ ਲਾਲਚ ਨਹੀਂ ਕਰਦਾ। ਸਿਰਫ਼ ਫ਼ੀਸ ਤੇ ਕਿਤਾਬਾਂ ਦਾ ਖ਼ਰਚਾ ਕੱਢਦਾਂ। ਰੋਟੀ ਜੋਗੇ ਪੈਸੇ ਮਾਂ ਕਮਾ ਲੈਂਦੀ ਏ।

ਇਸਤਰੀ : ਕੀ ਕਰਦੀ ਏ, ਤੇਰੀ ਮਾਂ ?

ਲੜਕਾ : ਲੋਕਾਂ ਦੇ ਕੱਪੜੇ ਸੀਂਦੀ ਏ।

ਇਸਤਰੀ : (ਹਮਦਰਦੀ ਨਾਲ਼) ਤੇਰੇ ਪਿਤਾ ਜੀ ਕੀ ਕਰਦੇ ਨੇ ?

ਲੜਕਾ : ਜੀ, ਦੋ ਸਾਲ ਹੋਏ, ਗੁਜ਼ਰ ਗਏ।

ਇਸਤਰੀ : ਤੂੰ ਤਾਂ ਬਹੁਤ ਬਹਾਦਰ ਲੜਕਾ ਏਂ।

ਲੜਕਾ : ਜੀ, ਵਿਦੇਸ਼ਾਂ ਵਿੱਚ ਵਿਦਿਆਰਥੀ ਆਪਣੀ ਪੜ੍ਹਾਈ ਦਾ ਖ਼ਰਚਾ ਆਪ ਪੂਰਾ ਕਰਦੇ ਨੇ। ਸਾਡੇ ਮੁਲਕ ਵਿੱਚ ਕਿਰਤ ਨੂੰ ਆਦਰ ਨਾਲ਼ ਨਹੀਂ ਦੇਖਿਆ ਜਾਂਦਾ। ਹੱਥੀਂ ਕੰਮ ਕਰਨ ਵਾਲ਼ੇ ਨੂੰ ਸਗੋਂ ਨਫ਼ਰਤ ਨਾਲ਼ ਕੰਮੀ ਕਹਿੰਦੇ ਨੇ।



ਕੇਸਰ : ਤੇਰੇ ਵਰਗੇ ਯੁਵਕ ਇੱਥੇ ਵੀ ਕਿਰਤ ਦਾ ਸਤਿਕਾਰ ਪੈਦਾ ਕਰ ਦੇਣਗੇ।

ਲੜਕਾ : ਦੇਖ ਲਓ ਜੀ, ਪਾਲਿਸ਼ ਠੀਕ ਹੋ ਗਈ ਕਿ ਹੋਰ ਬੁਰਸ਼ ਮਾਰਾਂ ?

ਇਸਤਰੀ : ਬਿਲਕੁਲ ਠੀਕ, ਆਹ ਲੈ ਪੰਜਾਹ ਪੈਸੇ।

ਲੜਕਾ : ਬਹੁਤ-ਬਹੁਤ ਧੰਨਵਾਦ।

ਇਸਤਰੀ : ਧੰਨਵਾਦ ਕਿਸ ਗੱਲ ਦਾ ? ਤੂੰ ਮਿਹਨਤ ਦਾ ਫਲ਼ ਲਿਆ ਏ।

ਸੇਠ : ਭੈਣ ਜੀ, ਤੁਸੀਂ ਤਾਂ ਭਾਅ ਈ ਵਿਗਾੜ ਦਿੱਤਾ ਏ। ਮੈਂ ਵੀ ਬੂਟ ਪਾਲਿਸ਼ ਕਰਵਾਉਣੇ ਸਨ। ਚੱਲੋ ਚਾਂਦਨੀ ਚੌਕ ਹੀ ਜਾ ਕੇ ਕਰਵਾਵਾਂਗਾ।

ਲੜਕਾ : ਸੇਠ ਜੀ, ਤੁਸੀਂ ਘੱਟ ਪੈਸੇ ਦੇ ਦੇਣੇ।

ਸੇਠ : ਅਰੇ, ਪੈਰਾਂ ਨੂੰ ਹੱਥ ਮੱਤ ਲਾ। ਪਾਪ ਚੜ੍ਹਦਾ ਹੈ।

ਲੜਕਾ : ਸੇਠ ਜੀ, ਜੋੜੇ ਝਾੜਨ ਨਾਲ਼ ਤਾਂ ਸਗੋਂ ਪਾਪ ਲੱਥਦੇ ਨੇ।

ਇਸਤਰੀ : ਮੁੰਡੇ ਨੇ ਬੜੀ ਸਿਆਣੀ ਗੱਲ ਕੀਤੀ ਹੈ। ਹੱਥੀਂ ਕੰਮ ਕਰਨ ਨਾਲ਼ ਹਿਰਦਾ ਸ਼ੁੱਧ ਹੁੰਦਾ ਹੈ।

ਲੜਕਾ : ਸੇਠ ਜੀ, ਤੁਸੀਂ ਪੁੰਨ-ਦਾਨ ਕਰਨ ਲੱਗਿਆਂ ਤਾਂ ਸੋਚਦੇ ਨਹੀਂ ਪਰ ਇੱਕ ਮਜ਼ਦੂਰ ਦੀ ਮਿਹਨਤ ਦੇਣ ਤੋਂ ਝਕਦੇ ਹੋ।

ਕੇਸਰ : ਸ਼ਾਬਾਸ਼! (ਸੇਠ ਨੂੰ ਆਪਣੇ ਵੱਲ ਘੂਰਦਾ ਦੇਖ ਕੇ ) ਕਿਆ ਘੁੰਡੀ ਕੱਢੀ ਏ!

ਸੇਠ : ਤੂੰ ਪਾਲਿਸ਼ ਕਰਦਾ ਏਂ ਕਿ ਬਹਿਸ ?

ਇਸਤਰੀ : ਸੇਠ ਜੀ, ਸੱਚੀ ਗੱਲ 'ਤੇ ਗੁੱਸਾ ਨਾ ਕਰੋ। ਤੁਸੀਂ ਲੋਕ ਹੀ ਦੇਸ ਵਿੱਚ ਭਿਖਾਰੀ ਪੈਦਾ ਕਰਨ ਦੇ ਜ਼ੁੰਮੇਵਾਰ ਹੋ।

ਲੜਕਾ : ਸੇਠ ਜੀ, ਬੂਟ ਪਾਲਿਸ਼ ਕਰਵਾ ਲਓ ਨਾ! ਜੋ ਜੀਅ ਆਵੇ ਦੇ ਦੇਣਾ।

ਸੇਠ : ਕਿਹੜੀ ਪਾਲਿਸ਼ ਵਰਤ ਰਿਹੈਂ, ਚੈਰੀ ?

ਲੜਕਾ : ਸੇਠ ਜੀ, ਚੈਰੀ ਵਾਰਾ ਨਹੀਂ ਖਾਂਦੀ।

ਸੇਠ : ਚਾਂਦਨੀ ਚੌਂਕ ਵਿੱਚ ਤਾਂ ਸਾਰੇ ਚੈਰੀ ਦੀ ਪਾਲਿਸ਼ ਕਰਦੇ ਨੇ ।

ਲੜਕਾ : ਜੀ, ਡੱਬੀਆਂ ਹੀ ਚੈਰੀ ਦੀਆਂ ਹੁੰਦੀਆਂ ਨੇ, ਵਿੱਚ ਪਾਲਿਸ਼ 'ਬਿੱਲੀ-ਨਿਓਲ਼ੇ' ਦੀ ਹੁੰਦੀ ਹੈ।

ਕੇਸਰ : ਲੋਕਾਂ ਨੇ ਮਿਲ਼ਾਵਟ ਕਰਨ ਦਾ ਢੰਗ ਪਤਾ ਨਹੀਂ ਕਿੱਥੋਂ ਸਿੱਖਿਆ ਏ ?

ਲੜਕਾ : ਦੂਜਾ ਪੈਰ ਅੱਗੇ ਕਰੋ ਜੀ।

ਸੇਠ : ਦੇਖ ਭਈ, ਠੱਗੀ ਨਾ ਕਰੀਂ ।

ਲੜਕਾ : ਫ਼ਿਕਰ ਨਾ ਕਰੋ ਜੀ, ਦੂਜੀ ਦਫ਼ਾ ਬੁਰਸ਼ ਮਾਰਾਂਗਾ।

ਕੇਸਰ : ਜਿੰਨਾ ਗੁੜ ਪਾਓ, ਓਨਾ ਹੀ ਮਿੱਠਾ ਹੁੰਦਾ ਹੈ।

ਸੇਠ : ਛੇਤੀ ਕਰ, ਕੋਈ ਬੱਸ ਆ ਰਹੀ ਹੈ।
(ਉਹ ਛੇਤੀ-ਛੇਤੀ ਬੁਰਸ਼ ਮਾਰਦਾ ਹੈ। ਮੁਸਾਫ਼ਰ ਬੱਸ 'ਤੇ ਚੜ੍ਹਨ ਲਈ ਹਿਲ-ਜੁਲ ਕਰਦੇ ਨੇ।)

ਸੇਠ : ਕਿਹੜੇ ਨੰਬਰ ਦੀ ਬੱਸ ਏ ?

ਇਸਤਰੀ : ਸਤਾਈ ਨੰਬਰ ਦੀ।

ਸੇਠ : (ਨਿਰਾਸ ਹੋ ਕੇ) ਪਤਾ ਨਹੀਂ ਤੇਰਾਂ ਨੰਬਰ ਬੱਸ ਆਉਂਦੀ ਵੀ ਏ ਕਿ ਨਹੀਂ !

ਲੜਕਾ : ਬੂਟ ਦੇਖ ਲਓ ਜੀ।

ਕੇਸਰ : ਵਾਹ ! ਖ਼ੂਬ ਚਮਕਾ ਦਿੱਤੇ।

ਸੇਠ : (ਬਿਨਾਂ ਦੇਖੇ) ਕਿਸੇ ਕੰਮ ਦੀ ਪਾਲਿਸ਼ ਨਹੀਂ ਕੀਤੀ, ਲੈ ਫੜ ਪੈਸੇ।

ਲੜਕਾ : ਸੇਠ ਜੀ! ਸਿਰਫ਼ ਪੰਜੀ ਪੈਸੇ ?

ਸੇਠ : ਤੂੰ ਕੀਤਾ ਕੀ ਏ ? ਮਿੱਟੀ ਹੀ ਝਾੜੀ ਏ। ਮੈਂ ਘਰੋਂ ਕਰ ਕੇ ਆਇਆ ਸਾਂ। ਮੈਂ ਤਾਂ ਕਰਵਾਉਂਦਾ ਹੀ ਨਹੀਂ ਸੀ, ਤੂੰ ਖ਼ੁਦ ਹੀ ਖਹਿੜੇ ਪੈ ਗਿਆ ਸੈਂ।

ਕੇਸਰ : ਸੇਠ ਜੀ, ਪੰਜਾਹ ਪੈਸੇ ਰੇਟ ਏ, ਸੋ ਦੇ ਦਿਓ।

ਇਸਤਰੀ : ਦੋ ਭਾਅ ਤਾਂ ਨਹੀਂ ਹੋਣੇ ਚਾਹੀਦੇ।

ਸੇਠ : ਇਹ ਲੋਕ ਇਸੇ ਤਰ੍ਹਾਂ ਕਰਦੇ ਨੇ।

ਲੜਕਾ : ਸੇਠ ਜੀ, ਕਿਉਂ ਝਗੜਦੇ ਹੋ, ਸਿੱਧੀ ਤਰ੍ਹਾਂ ਮਜ਼ਦੂਰੀ ਦੇ ਦਿਓ।

ਸੇਠ : ਸਿੱਧੀ ਤਰ੍ਹਾਂ ਦਾ ਲਗਦਾ। ਜਾਹ, ਨਹੀਂ ਦੇਂਦਾ (ਬੂਟ ਦਾ ਠੁੱਡਾ ਮਾਰ ਕੇ) ਪੰਝੀ ਪੈਸੇ ਤੋਂ ਕੌਡੀ ਵੱਧ ਨਹੀਂ ਦੇਵਾਂਗਾ (ਲੜਕਾ ਰੋਣ ਲੱਗ ਜਾਂਦਾ ਹੈ।)

ਕੇਸਰ : ਸੇਠ ਜੀ, ਬਹੁਤ ਜ਼ਿਆਦਤੀ ਕੀਤੀ ਏ, ਤੁਸਾਂ।

ਇਸਤਰੀ : ਬਜਾਏ ਹਮਦਰਦੀ ਦੇ, ਉਲਟਾ ਮਾਰਦੇ ਹੋ ?

ਸੇਠ : ਚੁੱਪ ਰਹੋ ਜੀ, ਫੜ ਓਏ ! ਦਸ ਪੈਸੇ ਹੇਠਾਂ ਸੁੱਟ ਦੇਂਦਾ ਹੈ ਨਾਲਾਇਕ ! (ਇੰਨੇ ਨੂੰ ਸਕੂਲ ਦਾ ਅਧਿਆਪਕ ਅਤੇ ਨਾਲ਼ ਦੋ-ਤਿੰਨ ਲੜਕੇ ਖੇਡਣ ਦੀ ਵਰਦੀ ਵਿੱਚ ਆਉਂਦੇ ਹਨ।)

ਮਾਸਟਰ : ਕ੍ਰਿਸ਼ਨ ਬੇਟਾ ! ਰੋਂਦਾ ਕਿਉਂ ਏਂ, ਕੀ ਹੋਇਆ ?

ਕ੍ਰਿਸ਼ਨ : ਇਹਨਾਂ ਮੈਨੂੰ ਠੁੱਡਾ ਮਾਰਿਆ।

ਲੜਕੇ : (ਹਾਕੀਆਂ ਚੁੱਕ ਕੇ) ਸਾਨੂੰ ਦੱਸ, ਤੈਨੂੰ ਕੀਹਨੇ ਮਾਰਿਆ ?

ਮਾਸਟਰ : ਸ੍ਰੀਮਾਨ ਜੀ ! ਮੈਂ ਪੁੱਛ ਸਕਦਾਂ, ਲੜਕੇ ਨੂੰ ਕਿਉਂ ਮਾਰਿਆ ?

ਸੇਠ : ਤੁਹਾਡਾ ਕੀ ਵਾਸਤਾ ?

ਅਧਿਆਪਕ : ਇਹ ਮੇਰੇ ਸਕੂਲ ਦਾ ਵਿਦਿਆਰਥੀ ਹੈ।

ਕੇਸਰ : ਸੇਠ ਦੀ ਸਰਾਸਰ ਵਧੀਕੀ ਏ।

ਇਸਤਰੀ : ਲੜਕੇ ਨੇ ਸਿਰਫ਼ ਮਜਦੂਰੀ ਮੰਗੀ ਸੀ।

ਲੜਕੇ : ਮਾਸਟਰ ਜੀ ! ਸਾਨੂੰ ਸਿੱਝਣ ਦਿਓ ਪਹਿਲਾਂ, ਏਸ ਨਾਲ਼।

ਮਾਸਟਰ : ਤੁਸੀਂ ਚੁੱਪ ਰਹੋ। ਸੇਠ ਜੀ, ਇੱਕ ਲੜਕਾ ਮਿਹਨਤ-ਮਜ਼ਦੂਰੀ ਕਰਕੇ ਸਿੱਖਿਆ ਪ੍ਰਾਪਤ ਕਰਦਾ ਹੈ। ਤੁਸੀਂ ਉਸ ਦੀ ਮਦਦ ਕਰਨ ਦੀ ਥਾਂ ਉਲਟਾ ਮਾਰਦੇ ਹੋ ?

ਇਸਤਰੀ : ਇਹਨਾਂ ਨੇ ਬਹੁਤ ਜ਼ਿਆਦਤੀ ਕੀਤੀ ਏ ਜੀ, ਇਸ ਬੱਚੇ ਨਾਲ਼।

ਮਾਸਟਰ : ਸੇਠ ਜੀ, ਤੁਹਾਡਾ ਸਮਾਂ ਨਸ਼ਟ ਹੋਵੇਗਾ, ਸਾਡੇ ਨਾਲ਼ ਜ਼ਰਾ ਥਾਣੇ ਤੱਕ ਚੱਲੋ।

ਕੇਸਰ : ਚੱਲੋ, ਅਸੀਂ ਗਵਾਹੀ ਦੇਵਾਂਗੇ।

ਸੇਠ : (ਡਰ ਕੇ) ਮੇਰਾ ਦੋਸ਼ ਕੀ ਹੈ ? ਮੈਨੂੰ ਦੱਸੋ ਤਾਂ ਸਹੀ।

ਮਾਸਟਰ : ਉੱਥੇ ਜਾ ਕੇ ਤੁਸੀਂ ਸਫ਼ਾਈ ਪੇਸ਼ ਕਰ ਲੈਣੀ।

ਸੇਠ : ਸਾਡੇ ਤਾਂ ਪਿਓ-ਦਾਦੇ ਨੇ ਥਾਣੇ ਦੀ ਸ਼ਕਲ ਨਹੀ ਦੇਖੀ।

ਕੇਸਰ : ਚੱਲੋ, ਇਸ ਬਹਾਨੇ ਦਰਸ਼ਨ ਹੋ ਜਾਣਗੇ।

ਸੇਠ : ਛੱਡੋ ਝਗੜਾ, ਮੈਂ ਅੱਠ ਆਨੇ ਦੇ ਦੇਂਦਾ ਹਾਂ।

ਮਾਸਟਰ : ਪੈਸਿਆਂ ਦੀ ਗੱਲ ਨਹੀਂ, ਅਸੂਲ ਦਾ ਝਗੜਾ ਹੈ। ਤਸੀਂ ਬੱਚੇ ਨੂੰ ਮਾਰ ਕੇ ਕਿਰਤ ਦਾ ਨਿਰਾਦਰ ਕੀਤਾ ਹੈ।

ਇਸਤਰੀ : ਇਹਨਾਂ ਨੇ ਸਭ ਦੇ ਸਾਮ੍ਹਣੇ ਲੜਕੇ ਨੂੰ ਬੂਟ ਦਾ ਠੁੱਡਾ ਮਾਰਿਆ ਏ।

ਮਾਸਟਰ : (ਮੋਢਾ ਫੜ ਕੇ) ਆਪਣੇ-ਆਪ ਚੱਲ ਪਵੋ ਜੀ !

ਸੇਠ : ਥਾਣੇ ਕਿਉਂ ਲਿਜਾਂਦੇ ਹੋ ? ਜੋ ਦੰਡ ਲਾਓ, ਮੈਂ ਹੁਣੇ ਦੇਣ ਨੂੰ ਤਿਆਰ ਹਾਂ।

ਇਸਤਰੀ : ਮਾਸਟਰ ਜੀ, ਜੇ ਗੱਲ ਦਾ ਨਿਬੇੜਾ ਇੱਥੇ ਹੋ ਜਾਵੇ, ਸਗੋਂ ਚੰਗਾ ਏ। ਅਸੀਂ ਸਭ ਨੇ ਆਪੋ-ਆਪਣੇ ਕੰਮਾਂ 'ਤੇ ਜਾਣਾ ਹੈ। ਤਿੰਨ ਅਸੀਂ ਹਾਂ, ਦੋ ਅਹਿ ਮੁਸਾਫ਼ਰ ਖੜ੍ਹੇ ਨੇ, ਪੰਚਾਇਤ ਬਣੀ-ਬਣਾਈ ਹੈ।

ਮਾਸਟਰ : ਕਿਉਂ ਸੇਠ ਜੀ, ਪੰਚਾਂ ਦੀ ਗੱਲ ਮੰਨੋਗੇ ?

ਸੇਠ : ਸਿਰ-ਮੱਥੇ ਜੀ।

ਕੇਸਰ : ਮੇਰਾ ਖ਼ਿਆਲ ਹੈ, ਸੇਠ ਜੀ ਇਸ ਲੜਕੇ ਦੀ ਸਾਲ ਭਰ ਦੀ ਫ਼ੀਸ ਦੇ ਦੇਣ।

ਇਸਤਰੀ : ਮੈਂ ਇਸ ਰਾਏ ਨਾਲ਼ ਸਹਿਮਤ ਹਾਂ। ਮਾਸਟਰ ਜੀ ! ਕਿਤਾਬਾਂ, ਫ਼ੀਸ ਆਦਿ 'ਤੇ ਕਿੰਨਾ ਖ਼ਰਚ ਆ ਜਾਊ ?

ਮਾਸਟਰ : ਡੇਢ ਸੌ ਦੇ ਕਰੀਬ।

ਸੇਠ : ਇਹ ਤਾਂ ਬਹੁਤ ਜ਼ਿਆਦਾ ਹੈ।

ਇਸਤਰੀ : ਤੁਹਾਡਾ ਦੋਸ਼ ਵੀ ਤਾਂ ਬਹੁਤ ਵੱਡਾ ਹੈ।

ਕੇਸਰ : ਪੰਚਾਂ ਦਾ ਫ਼ੈਸਲਾ ਮੰਨਣਾ ਪਵੇਗਾ, ਹੁਣੇ ਕਹਿ ਕੇ ਹਟੇ ਓ।

ਸੇਠ : ਥੋੜ੍ਹੀ ਰਿਆਇਤ ਕਰੋ। ਚੱਲੋ ਅੱਧੋ-ਅੱਧ ਸੁਆਹਾ।

ਮਾਸਟਰ : ਤੁਸੀਂ ਇਹ ਵੀ ਨਾ ਦਿਓ, ਜ਼ਰਾ ਥਾਣੇ ਤੱਕ ਚੱਲੋ।

ਕੇਸਰ : ਸੇਠ ਜੀ, ਝੱਟ-ਪੱਟ ਰੁਪਏ ਕੱਢੋ, ਮਾਮਲਾ ਗੰਭੀਰ ਹੁੰਦਾ ਜਾਂਦਾ ਹੈ। ਲੋਕਾਂ ਦੀ ਭੀੜ ਵਧਦੀ ਜਾਂਦੀ ਏ। ਸਭ ਲੜਕੇ ਦਾ ਹੀ ਪੱਖ ਪੂਰਨਗੇ।

ਮਾਸਟਰ : ਉਹ ਸਿਪਾਹੀ ਵੀ ਇੱਧਰ ਨੂੰ ਹੀ ਆ ਰਿਹਾ ਹੈ।

ਇਸਤਰੀ : ਚੱਲੋ ਮਾਸਟਰ ਜੀ, ਪੰਝੀ ਰੁਪਇਆਂ ਦੀ ਛੋਟ ਕਰ ਦਿਓ।

ਸੇਠ : (ਰੁਪਏ ਦਿੰਦਾ ਹੋਇਆ) ਆਹ ਲਓ, ਇੱਕ ਸੌ ਪੰਝੀ।

ਕ੍ਰਿਸ਼ਨ : ਮਾਸਟਰ ਜੀ, ਮੈਨੂੰ ਇਹ ਰੁਪਏ ਮਨਜ਼ੂਰ ਨਹੀਂ।

ਮਾਸਟਰ : ਕਿਉਂ ?

ਕ੍ਰਿਸ਼ਨ : ਇਹ ਹੱਕ-ਹਲਾਲ ਦੀ ਕਮਾਈ ਨਹੀਂ। ਇੰਝ ਕਰਨ ਨਾਲ਼ ਤਾਂ ਮੈਂ ਨਿਕੰਮਾ ਹੋ ਜਾਵਾਂਗਾ।

ਇਸਤਰੀ : (ਹੈਰਾਨ ਹੋ ਕੇ) ਇਹ ਤਾਂ ਬਹੁਤ ਹੋਣਹਾਰ ਲੜਕਾ ਹੈ। ਮਾਸਟਰ ਜੀ ! ਇਸ ਦਾ ਖ਼ਾਸ ਧਿਆਨ ਰੱਖਣਾ।

ਮਾਸਟਰ : ਭੈਣ ਜੀ, ਇਹ ਤਾਂ ਸਾਰੀ ਕਲਾਸ ਵਿੱਚੋਂ ਅੱਵਲ ਆਉਂਦਾ ਏ। (ਬੱਚੇ ਨੂੰ) ਕ੍ਰਿਸ਼ਨ ਬੇਟਾ ! ਇਹ ਸੇਠ ਜੀ ਖ਼ੁਸ਼ੀ ਨਾਲ਼ ਸਹਾਇਤਾ ਕਰ ਰਹੇ ਨੇ। ਕੀ ਹਰਜ਼ ਹੈ ?

ਕ੍ਰਿਸ਼ਨ : ਮਾਸਟਰ ਜੀ, ਤੁਹਾਡਾ ਫ਼ਰਜ਼ ਨੇਕ ਕੰਮ ਸਿਖਾਉਣਾ ਏ, ਮੈਨੂੰ ਭੀਖ ਮੰਗਣ ਦਾ ਸਬਕ ਨਾ ਦਿਓ।

ਕੇਸਰ : ਮਾਸਟਰ ਜੀ, ਸਕੂਲ ਦੇ ਫ਼ੰਡ ਲਈ ਰੁਪਏ ਰੱਖ ਲਵੋ।

ਇਸਤਰੀ : ਸ਼ਾਬਾਸ਼ ਬੱਚੇ ! ਅਜਿਹੇ ਲੋਕ ਦੇਸ ਦਾ ਗੌਰਵ ਵਧਾਉਂਦੇ ਨੇ।

ਮਾਸਟਰ : (ਪੈਸੇ ਫੜ ਕੇ) ਤੁਹਾਡਾ ਸਭ ਦਾ ਧੰਨਵਾਦ। ਚੱਲ ਕ੍ਰਿਸ਼ਨ, ਤੈਨੂੰ ਹਾਕੀ ਖਿਡਾ ਲਿਆਈਏ।

ਕ੍ਰਿਸ਼ਨ : ਮਾਸਟਰ ਜੀ, ਤੁਸੀਂ ਚੱਲੋ ਮੈਂ ਥੋੜ੍ਹਾ ਹੋਰ ਕੰਮ ਕਰ ਲਵਾਂ। ਨਾਲ਼ੇ ਮੈਂ ਘਰ ਲੱਕੜਾਂ ਲੈ ਕੇ ਜਾਣੀਆਂ ਨੇ।

ਮਾਸਟਰ : (ਥਾਪੜਾ ਦਿੰਦਾ ਹੋਇਆ) ਸ਼ਾਬਾਸ਼ ਬੇਟਾ ! ਤੂੰ ਤਾਂ ਅੱਜ ਸਾਨੂੰ ਪੜ੍ਹਾ ਦਿੱਤਾ ਏ।

ਕੇਸਰ : ਸੇਠ ਜੀ, ਤੇਰਾਂ ਨੰਬਰ ਦੀ ਬੱਸ ! (ਬੱਸ 'ਤੇ ਚੜ੍ਹਨ ਲਈ ਮੁਸਾਫ਼ਰ ਇੱਕ-ਦੂਜੇ ਤੋਂ ਮੂਹਰੇ ਹੁੰਦੇ ਹਨ। ਲੜਕੇ ਤੇ ਅਧਿਆਪਕ ਖੜ੍ਹੇ ਤਮਾਸ਼ਾ ਦੇਖਦੇ ਹਨ।)

## ਪਾਠ-ਅਭਿਆਸ

1. **ਦੱਸੋ:**

(ੳ) 'ਕਿਰਤ ਦਾ ਸਤਿਕਾਰ' ਇਕਾਂਗੀ ਵਿੱਚ ਕਿਹੜੇ-ਕਿਹੜੇ ਪਾਤਰ ਹਨ ਅਤੇ ਕਿਹੜੇ ਪਾਤਰ ਦੁਆਲ਼ੇ ਸਾਰੀ ਕਹਾਣੀ ਘੁੰਮਦੀ ਹੈ ?

(ਅ) ਕ੍ਰਿਸ਼ਨ ਕਿਹੋ-ਜਿਹਾ ਲੜਕਾ ਹੈ ? ਉਹ ਬੂਟ-ਪਾਲਿਸ਼ ਕਿਉਂ ਕਰਦਾ ਹੈ ?

(ੲ) ਸੇਠ ਨੇ ਕ੍ਰਿਸ਼ਨ ਨੂੰ ਕਿਉਂ ਮਾਰਿਆ ?

(ਸ) ਪੰਚਾਂ ਨੇ ਸੇਠ ਨੂੰ ਕੀ ਦੰਡ ਲਾਇਆ ?

(ਹ) ਸੇਠ ਦੇ ਰੁਪਈਆਂ ਦਾ ਕੀ ਕੀਤਾ ਗਿਆ ?

(ਕ) 'ਕਿਰਤ ਦਾ ਸਤਿਕਾਰ' ਇਕਾਂਗੀ ਤੋਂ ਕੀ ਸਿੱਖਿਆ ਮਿਲ਼ਦੀ ਹੈ ? ਆਪਣੇ ਸ਼ਬਦਾਂ ਵਿੱਚ ਲਿਖੋ।

2. **ਔਖੇ ਸ਼ਬਦਾਂ ਦੇ ਅਰਥ:**

| | | |
|---|---|---|
| ਕੌਡੀ-ਕੌਡੀ | : | ਪੈਸਾ-ਪੈਸਾ, ਦਮੜੀ-ਦਮੜੀ |
| ਰਮਾਨ | : | ਅਰਾਮ |
| ਅਹਿਮਕ | : | ਮੂਰਖ, ਬੇਵਕੂਫ਼ |
| ਤਾੜ | : | ਟਿਕਟਿਕੀ, ਨੀਝ |
| ਹਿਰਦਾ | : | ਮਨ, ਦਿਲ |
| ਚੈਰੀ | : | ਬੂਟ-ਪਾਲਿਸ਼ ਦੀ ਇੱਕ ਕੰਪਨੀ ਦਾ ਨਾਂ |
| ਖਹਿੜੇ ਪੈਣਾ | : | ਜ਼ਿਦ ਕਰਨਾ, ਪਿੱਛੇ ਪੈਣਾ |
| ਸਿੱਝਣਾ | : | ਸਖ਼ਤੀ ਨਾਲ਼ ਪੇਸ਼ ਆਉਣਾ |
| ਨਸ਼ਟ | : | ਬਰਬਾਦ, ਤਬਾਹ, ਨਾਸ |
| ਖਿਮਾ | : | ਮਾਫ਼ੀ, ਬਖ਼ਸ਼ ਦੇਣ ਦਾ ਭਾਵ |
| ਗੌਰਵ | : | ਇੱਜ਼ਤ, ਆਦਰ, ਮਾਣ, ਰੁਤਬਾ |

3. **ਹੇਠ ਲਿਖੇ ਮੁਹਾਵਰਿਆਂ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤੋ ਕਿ ਅਰਥ ਸਪਸ਼ਟ ਹੋ ਜਾਣ:**

ਮੌਜਾਂ ਮਾਣਨਾ, ਕੌਡੀ-ਕੌਡੀ ਜੋੜਨਾ, ਰੰਗੇ ਹੱਥੀਂ ਫੜਨਾ, ਦੰਡ ਲਾਉਣਾ, ਸਫ਼ਾਈ ਪੇਸ਼ ਕਰਨਾ, ਹੱਕ- ਹਲਾਲ ਦੀ ਕਮਾਈ ਕਰਨਾ।

4. (ੳ) ਕੰਮ ਕਰਨ ਨਾਲ਼ ਸਰੀਰ....................ਰਹਿੰਦਾ ਹੈ (ਰੋਗ/ਅਰੋਗ)

(ਅ) ਹੱਥੀਂ ਕੰਮ ਕਰਨ ਨਾਲ਼ ਹਿਰਦਾ............ਹੁੰਦਾ ਹੈ। (ਸ਼ੁੱਧ/ਅਸ਼ੁੱਧ)

(ੲ) ਕਿਰਤ ਕਰਨ ਨਾਲ਼.............ਮਿਲ਼ਦੀ ਹੈ (ਸ਼ਾਂਤੀ/ਅਸ਼ਾਂਤੀ)

(ਸ) ਮਿਹਨਤ ਕਰਨ ਨਾਲ਼..........ਪ੍ਰਾਪਤ ਹੁੰਦੀ ਹੈ (ਸਫਲਤਾ/ਅਸਫ਼ਲਤਾ)

**ਅਧਿਆਪਕ ਲਈ:**

**ਵਿਦਿਆਰਥੀਆਂ ਨੂੰ ਅਲੱਗ-ਅਲੱਗ ਪਾਤਰਾਂ ਦੀ ਭੂਮਿਕਾ ਦੇ ਕੇ ਇਸ ਨਾਟ-ਰਚਨਾ ਦਾ ਮੰਚਨ ਕਰਵਾਇਆ ਜਾਵੇ।**